
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਜੁਲਾਈ, 1995

ਮਾਸਿਕ ਪਤ੍ਰਿਕਾ



ਏਕੈ ਬ੍ਰਹਮ ਦੁਤੀਆ ਨੇਸਤ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ

ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭ ਦੁਖ ਜਾਇ॥



ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ

(ਸੰਮਤ 1713 - 1721)

# ਆਤਮ ਮਾਰਗ

ਸਾਲ ਪਹਿਲਾ - ਅੰਕ ਚੌਥਾ - ਮਾਸਿਕ - ਜੁਲਾਈ, 1995



: ਸਰਪ੍ਰਸਤ :
ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ

: ਸੰਪਾਦਕ :
ਹਰਪਾਲ ਸਿੰਘ

: ਆਨਰੇਰੀ ਸੰਪਾਦਕ :
ਡਾਕਟਰ ਸ਼ਮਸ਼ੇਰ ਸਿੰਘ
ਡਾਕਟਰ ਬੀਬੀ ਤੇਜਿੰਦਰ ਮਲਹੋਤਰਾ

: ਐਡੀਟੋਰੀਅਲ ਬੋਰਡ :
ਸੰਤ ਸਾਧੂ ਸਿੰਘ ਜੀ (ਡਬਲ ਐਮ. ਏ.)
ਡਾਕਟਰ ਕੁਲਦੀਪ ਸਿੰਘ
ਸਰਮੁਖ ਸਿੰਘ ਪੰਨੂ (ਰਿਟਾ: ਸੁਪਰਡੰਟ)
ਐਨ. ਐਸ ਲੂੰਬਾ

: ਸਲਾਹਕਾਰ:
ਬੀ. ਐਸ ਆਹਲੂਵਾਲੀਆ
ਇੰਜ: ਤਰਲੋਚਨ ਸਿੰਘ
ਹਰਭਜਨ ਸਿੰਘ ਹਲਵਾਰਵੀ


ਨੋਟ: ਆਤਮ ਮਾਰਗ ਐਡੀਟੋਰੀਅਲ ਬੋਰਡ ਦੇ ਮੈਂਬਰ ਜ਼ਰੂਰੀ ਨਹੀਂ ਕਿ ਲੇਖਕਾਂ ਦੇ ਖਿਆਲਾਂ ਨਾਲ ਸਹਿਮਤ ਹੋਣ।


: ਪੱਤਰ ਵਿਹਾਰ ਅਤੇ ਚੰਦਾ ਭੇਜਣ ਲਈ ਪਤਾ:
ਕੋਠੀ ਨੰ: 781, ਫੇਜ਼ 3 ਬੀ-1, ਸੈਕਟਰ 60,
ਐਸ. ਏ. ਐਸ. ਨਗਰ (ਮੋਹਾਲੀ) - 160055

: ਟੈਲੀਫੋਨ ਸੰਪਰਕ :

| | |
|---|---|
| ਮੋਹਾਲੀ | : 671301, 672435 |
| ਚੰਡੀਗੜ੍ਹ | : 603524 |
| ਰਤਵਾੜਾ ਸਾਹਿਬ | : 89-218 |



**ਪ੍ਰਕਾਸ਼ਕ ਦੇ ਸਭ ਹਕ ਰਾਖਵੇਂ ਹਨ।**



ਪਬਲਿਸ਼ਰ ਤੇ ਸੰਪਾਦਕ ਹਰਪਾਲ ਸਿੰਘ ਨੇ ਆਤਮ ਮਾਰਗ ਅਸੋਸ਼ੀਏਟਡ ਪਰਿੰਟ੍ਰਜ਼, ਇੰਡਸਟਰੀਅਲ ਏਰੀਆ, ਫੇਜ਼ -1, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬ ਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਤ ਕੀਤਾ।


## ਤਤਕਰਾ


1. ਸਾਵਣਿ 2
2. ਸੰਪਾਦਕੀ 3
3. ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ 4
   ਸੰਤ ਬਾਬਾ ਵਰਿਆਮ ਸਿੰਘ ਜੀ
4. ਧਾਵਤ ਥੰਮ੍ਹਿਆ ਸਤਿਗੁਰਿ ਮਿਲਿਐ..... 10
   ਸੰਤ ਬਾਬਾ ਧਨਵੰਤ ਸਿੰਘ ਜੀ
5. ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ 12
   ਡਾਕਟਰ ਸ਼ਮਸ਼ੇਰ ਸਿੰਘ
6. ਕਰਿ ਕੀਰਤਨੁ ਹੋਇ ਉਧਾਰੁ 15
   ਇੰਜ: ਜਸਵੰਤ ਸਿੰਘ ਸਿਆਣ
7. ਦੂਸਰੇ ਰਤਨ - ਬਾਬਾ ਸਾਹਿਬ ਸਿੰਘ ਜੀ ਬੇਦੀ 17
   ਗਿਆਨੀ ਮੇਹਰ ਸਿੰਘ ਜੀ
8. ਸੰਤ ਬਚਨ 20
   ਸੰਤ ਬਾਬਾ ਵਰਿਆਮ ਸਿੰਘ ਜੀ
9. ਮਹਾਂਪੁਰਸ਼ਾਂ ਦੇ ਅਨੁਭਵੀ ਬਚਨ 24
10 ਪੁਸਤਕ ਰਿਵੀਊ - ਕਿਵ ਕੂੜੈ ਤੁਟੈ ਪਾਲਿ 27
   ਡਾਕਟਰ ਸ਼ਮਸ਼ੇਰ ਸਿੰਘ
11. ਸਨੇਹੀਆਂ ਦਾ ਪੰਨਾ 28
12. ਜੀਵਨ ਮਨੋਰਥ 31
   ਸੰਤ ਬਾਬਾ ਵਰਿਆਮ ਸਿੰਘ ਜੀ
13. ਸ਼ੁਭ ਉਪਦੇਸ਼ 35
   ਸੰਤ ਬਾਬਾ ਵਰਿਆਮ ਸਿੰਘ ਜੀ
14. ਸਿਮਰਨ ਵਿਧੀ 37
   ਡਾ: ਸੁਆਮੀ ਵੇਦ ਭਾਰਤੀ ਜੀ
15. ਸਾਧਨਾ ਦਾ ਅਨੁਭਵ 43
   ਸੰਤ ਵਰਿਆਮ ਸਿੰਘ ਜੀ
16. ਵਿਗਿਆਪਨ ਬਾਰੇ ਸਪਸ਼ਟੀਕਰਣ 47
17. ਸਿਹਤ ਵਿਗਿਆਨ 51
18. ਸਮਾਗਮ ਤੇ ਸਰਗਰਮੀਆਂ 52
19. ਆਤਮ ਮਾਰਗ ਦੇ ਸਲਾਨਾ ਮੈਂਬਰਾਂ ਦੀ ਲਿਸਟ 55



-: ਚੰਦਾ :-

ਦੇਸ਼ : ਸਲਾਨਾ 165/-, ਫੀ ਕਾਪੀ 15/-
ਵਿਦੇਸ਼ : ਸਲਾਨਾ 40 US$

REGD. No. 1/58/95-4/ਪੀ.ਬੀ. (2) 977


ਮੁਖ ਪੰਨੇ ਦੀ ਤਸਵੀਰ - ਗੁਰਦੁਆਰਾ ਬੰਗਲਾ ਸਾਹਿਬ, ਨਵੀਂ ਦਿਲੀ

## ਸਾਵਣਿ

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ।।*
*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ।।*
*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ।।*
*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ।।*
*ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ।।*
*ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ।।*
*ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ।।*
*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ।।*
*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ।।* *ਪੰਨਾ-134*

ਸਾਵਣ ਦੇ ਮਹੀਨੇ ਦੁਆਰਾ ਗੁਰੂ ਅਰਜਨ ਦੇਵ ਜੀ ਜਗਿਆਸੂਆਂ ਤਾਂਈਂ ਅਧਿਆਤਮਿਕ ਉਪਦੇਸ਼ ਕਰਦੇ ਹਨ ਕਿ ਜੀਵ ਰੂਪ ਇਸਤਰੀ ਸਾਵਣ ਦੇ ਮਹੀਨੇ ਵਿਚ ਸੁਹਾਵਣੀ ਰੁੱਤ ਕਰਕੇ ਅਤਿ ਪ੍ਰਸੰਨ ਹੈ। ਉਸਦੀ ਪ੍ਰਸੰਨਤਾ ਦਾ ਕਾਰਨ ਵਾਹਿਗੁਰੂ ਦੇ ਚਰਨ ਕੰਵਲਾਂ ਨਾਲ ਪਿਆਰ ਹੈ। ਕੁਦਰਤ ਦਾ ਖੇੜਾ ਤਦ ਹੀ ਚੰਗਾ ਲਗਦਾ ਹੈ ਜਦੋਂ ਜੀਵ ਦੇ ਅੰਦਰ ਪ੍ਰਭੂ ਨਾਲ ਇਕਸੁਰਤਾ ਤੇ ਪਿਆਰ ਹੁੰਦਾ ਹੈ।

ਪ੍ਰਭੂ ਦਾ ਸਰੂਪ ਪਿਆਰ ਨਾਲ ਭਰਪੂਰ ਹੈ। ਉਹ ਆਪਣੇ ਭਗਤਾਂ ਨੂੰ ਪ੍ਰੇਮ ਹੀ ਵੰਡਦਾ ਹੈ। ਪ੍ਰਭੂ ਦੇ ਸੱਚੇ ਪ੍ਰੇਮ ਵਿਚ ਮਨ ਤੇ ਤਨ ਰੰਗੇ ਜਾਣ ਨਾਲ ਸਾਧਕ ਨੂੰ ਸਦੀਵੀ ਅਨੰਦ ਪ੍ਰਾਪਤ ਹੁੰਦਾ ਹੈ ਤਾਂ ਫਿਰ ਇਸ ਦੇ ਮੁਕਾਬਲੇ ਵਿਚ ਦੁਨਿਆਵੀ ਖੁਸ਼ੀਆਂ ਤੇ ਅਨੰਦ ਨਿਕੰਮੇ ਸੁਆਹ ਵਤ ਦਿਸਦੇ ਹਨ। ਦੁਨਿਆਵੀ ਪਦਰਾਥਾਂ ਦਾ ਅਨੰਦ ਥੋੜਾ ਚਿਰ ਹੁੰਦਾ ਹੈ। ਇਸ ਦਾ ਖੋਟਾ-ਪਨ ਜਲਦੀ ਸਪਸ਼ਟ ਹੋ ਜਾਂਦਾ ਹੈ। ਇਸ ਵਿਚਾਰ ਦੀ ਸਪਸ਼ਟਤਾ ਸਾਨੂੰ ਗੁਰਬਾਣੀ ਵਿਚ ਹੋਰ ਥਾਂ ਤੋਂ ਵੀ ਹੁੰਦੀ ਹੈ -

*ਰਾਮ ਰੰਗੁ ਕਦੇ ਉਤਰਿ ਨ ਜਾਇ।। ਗੁਰੁ ਪੂਰਾ ਜਿਸੁ ਦੇਇ ਬੁਝਾਇ।।*
*ਹਰਿ ਰੰਗਿ ਰਾਤਾ ਸੋ ਮਨੁ ਸਾਚਾ।। ਲਾਲ ਰੰਗ ਪੂਰਨ ਪੁਰਖੁ ਬਿਧਾਤਾ।।*
*ਸੰਤਹ ਸੰਗਿ ਬੈਸਿ ਗੁਨ ਗਾਇ।। ਤਾ ਕਾ ਰੰਗੁ ਨ ਉਤਰੈ ਜਾਇ।।* *ਪੰਨਾ-194*

ਗੁਰੂ ਜੀ ਜੀਵ ਰੂਪ ਇਸਤਰੀ ਦੇ ਵਿਗਾਸ-ਮਈ ਅਵਸਥਾ ਦੇ ਵਰਣਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕੁਦਰਤ ਦੇ ਪ੍ਰਤੀਕ ਵਰਤਦੇ ਹਨ ਜੈਸਾ ਕਿ ਸਾਵਣ ਦੇ ਸੁਹਾਵਣੇ ਮੌਸਮ ਵਿਚ ਪਤੀ ਤੋਂ ਵਿਛੜੀ ਹੋਈ ਇਸਤਰੀ, ਮਿਲਾਪ ਉਪਰੰਤ ਅਤੀ ਪ੍ਰਸੰਨ ਹੁੰਦੀ ਹੈ।

ਇਸ ਪ੍ਰਸੰਨਤਾ ਦਾ ਕਾਰਨ ਪ੍ਰਭੂ ਦਾ ਅੰਮ੍ਰਿਤ ਰੂਪੀ ਨਾਮ ਦੀ ਬੂੰਦ ਹੈ ਜੋ ਸਾਧੂਆਂ ਦੇ ਸੰਗ ਕਾਰਨ ਸੁਹਾਵਣੀ ਬਣ ਗਈ ਹੈ। ਜਗਿਆਸੂ ਦੀ ਮਨੋ ਭਾਵਨਾ ਪ੍ਰਗਟ ਕਰਦੇ ਹੋਏ ਗੁਰੂ ਜੀ ਦਸਦੇ ਹਨ ਕਿ ਸੁਹਾਗਣ (ਜਿੰਨ੍ਹਾਂ ਨੇ ਪ੍ਰਭੂ ਨੂੰ ਪ੍ਰੇਮ ਦੁਆਰਾ ਪਾ ਲਿਆ ਹੈ) ਵਲ ਦੇਖ ਕੇ ਮੇਰਾ ਮਨ ਵੀ ਵਾਹਿਗੁਰੂ ਨੂੰ ਮਿਲਣ ਲਈ ਲੋਚਦਾ ਹੈ। ਇਹ ਮਿਲਾਪ, ਪ੍ਰਭੂ ਬਖਸ਼ਿਸ਼ ਨਾਲ ਹੀ ਸੰਭਵ ਹੈ। ਇਸ ਵਿਚਾਰ ਦੀ ਪ੍ਰੋੜਤਾ ਸਾਨੂੰ ਗੁਰਬਾਣੀ ਵਿਚੋਂ ਮਿਲਦੀ ਹੈ। ਇਹ ਸਾਰਾ ਉਪਦੇਸ਼ ਸਾਡੇ ਵਰਗੇ ਦੁਨਿਆਵੀ ਜੀਵਾਂ ਵਾਸਤੇ ਹੀ ਹੈ ਭਾਵੇਂ ਇਸਨੂੰ ਗੁਰੂ ਜੀ ਆਪਣੇ ਜੀਵਨ ਦਾ ਮਾਧਿਅਮ ਬਣਾ ਕੇ ਕਹਿ ਰਹੇ ਹਨ। ਗੁਰੂ ਜੀ ਦਾ ਇਹ ਢੰਗ ਹੈ ਕਿ ਜਗਿਆਸੂ ਨੂੰ ਉਪਦੇਸ਼ ਦੇਣ ਲਈ ਆਪਣੇ ਆਪ ਨੂੰ ਉਸਦਾ ਮਾਧਿਅਮ ਬਣਾ ਲਿਆ ਜਾਵੇ।

*ਅਮ੍ਰਿਤੁ ਰਸਨਾ ਪੀਉ ਪਿਆਰੀ।। ਇਹ ਰਸ ਰਾਤੀ ਹੋਇ ਤ੍ਰਿਪਤਾਰੀ।।*
*ਹੇ ਜਿਹਵੇ ਤੂੰ ਰਾਮ ਗੁਣ ਗਾਉ।। ਨਿਮਖ ਨਿਮਖ ਹਰਿ ਹਰਿ ਹਰਿ ਧਿਆਉ।।*
*ਆਨ ਨ ਸੁਨੀਐ ਕਤਹੂੰ ਜਾਈਐ।। ਸਾਧਸੰਗਤਿ ਵਡਭਾਗੀ ਪਾਈਐ।।* *ਪੰਨਾ-180*

ਜਿਨ੍ਹਾਂ ਜੀਵ ਰੂਪੀ ਇਸਤਰੀਆਂ ਨੇ ਹਰੀ ਨਾਮ ਦਾ ਹਾਰ ਆਪਣੇ ਗਲ ਵਿਚ ਪਰੋ ਕੇ ਪਾ ਲਿਆ ਹੈ, ਭਾਵ ਸੁਆਸ ਸੁਆਸ ਹਰੀ ਨਾਮ ਜਪਦੀਆਂ ਹਨ, ਉਨ੍ਹਾਂ ਲਈ ਸਾਵਣ ਦਾ ਮਹੀਨਾ ਅਤਿਅੰਤ ਸੁਖਦਾਈ ਹੈ, ਜੈਸਾ ਕਿ ਹੋਰ ਥਾਂ ਕਥਨ ਆਇਆ ਹੈ -

*ਸਬਦਿ ਰਤੀ ਸੋਹਾਗਣੀ ਸਤਿਗੁਰ ਕੈ ਭਾਇ ਪਿਆਰਿ।।*
*ਸਦਾ ਰਾਵੇ ਪਿਰੁ ਆਪਣਾ ਸਚੈ ਪ੍ਰੇਮਿ ਪਿਆਰਿ।।*
*ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ।।*
*ਨਾਨਕ ਨਾਮਿ ਸੋਹਾਗਣੀ ਮੇਲੀ ਮੇਲਣਹਾਰਿ।।* *ਪੰਨਾ-90*

# ਸੰਪਾਦਕੀ

ਮਨੁੱਖੀ ਜੀਵਨ ਦਾ ਮਨੋਰਥ ਖਾਣਾ-ਪੀਣਾ ਤੇ ਸੌਣਾ ਨਹੀਂ ਹੈ। ਇਹ ਕਰਮ ਤਾਂ ਉਸਨੂੰ ਬਾਕੀ ਜੀਵ-ਜੰਤੂਆਂ, ਜਾਨਵਰਾਂ ਦੀਆਂ ਜੂਨਾਂ ਵਿਚ ਵੀ ਉਪਲਬਧ ਸੀ। ਮਨੁੱਖ ਤਾਂ ਇਕ ਐਸਾ ਵਪਾਰ ਕਰਨ ਆਇਆ ਹੈ ਜਿਸ ਵਪਾਰ ਦੀ ਪੂੰਜੀ ਵੀ ਦੁਨਿਆਵੀ ਧਨ-ਪਦਾਰਥ ਨਹੀਂ ਹੈ। ਇਸ ਵਪਾਰ ਉੱਤੇ ਕੋਈ ਟੈਕਸ ਨਹੀਂ ਹੈ। ਇਹ ਵਪਾਰ ਦੁਨਿਆਵੀ ਵਣਜ ਵਾਂਗ ਕਦੀ ਘਾਟੇ ਤੇ ਕਦੀ ਵਾਧੇ ਵਾਲਾ ਵੀ ਨਹੀਂ; ਇਹ ਤਾਂ ਹਮੇਸ਼ਾਂ ਲਾਹੇਵੰਦ ਹੈ। ਗੁਰੂ ਜੀ ਪਾਸੋਂ ਇਸ ਵਪਾਰ ਦੀ ਪੂੰਜੀ ਪ੍ਰਾਪਤ ਹੁੰਦੀ ਹੈ। ਇਹ ਪੂੰਜੀ 'ਨਾਮ' ਦੀ ਹੈ। ਇਸ ਵਣਜ ਵਿਚ ਲਾਹਾ ਖੱਟਣ ਲਈ ਗੁਰੂ ਦਾ ਉਪਦੇਸ਼ ਮੰਨਣਾ ਜ਼ਰੂਰੀ ਹੈ। ਗੁਰੂ ਦੁਆਰਾ ਦੱਸੀ ਜੁਗਤੀ ਨੂੰ ਅਮਲੀ ਰੂਪ ਵਿਚ ਅਪਨਾਉਣ ਦੀ ਲੋੜ ਹੁੰਦੀ ਹੈ। ਇਹ ਵਪਾਰ ਨਾਮ ਦਾ ਹੈ।

ਇਸ ਨਾਮ ਧਨ ਦੇ ਵਪਾਰ ਲਈ ਸੁਆਸਾਂ ਦੀ ਕੀਮਤੀ ਪੂੰਜੀ ਮਿਲੀ ਹੈ। ਇਹ ਸੁਆਸ ਵਿਅਰਥ ਗੁਆਉਣ ਨਾਲ ਜੀਵਨ ਵਿਚ ਘਾਟਾ ਹੀ ਘਾਟਾ ਹੈ, ਜਦੋਂ ਅਸੀਂ ਗੁਰੂ ਤੋਂ ਬੇਮੁਖ ਹੋ ਕੇ ਦੁਨਿਆਵੀ ਪਦਾਰਥਾਂ ਦੇ ਵਣਜ ਨੂੰ ਹੀ ਜੀਵਨ ਸਮਝ ਲੈਂਦੇ ਹਾਂ। ਇਹ ਵਪਾਰ ਤਾਂ ਕਦੀ ਘਾਟੇ ਵਾਲਾ ਤੇ ਕਦੀ ਲਾਹੇਵੰਦ, ਕਦੀ ਟੈਕਸ ਲਗ ਗਏ, ਕਦੀ ਤਰ ਗਏ ਤੇ ਕਦੀ ਡੁੱਬ ਗਏ। ਇਸ ਪ੍ਰਕਾਰ ਵਪਾਰ ਦਾ ਲਾਹਾ ਤਾਂ ਕਦੀ ਵੀ ਜੀਵਨ ਦੇ ਨਾਲ ਨਹੀਂ ਨਿਭਦਾ। ਇਸ ਪ੍ਰਕਾਰ ਦੇ ਲਾਭ ਦੀ ਖੁਸ਼ੀ ਤੇ ਸੁਖ ਵੀ ਵਕਤੀ ਤੌਰ ਤੇ ਹੀ ਹੁੰਦਾ ਹੈ।

ਗੁਰਮਤਿ, ਦੁਨਿਆਵੀ ਵਣਜ ਦੇ ਮੁਕਾਬਲੇ ਵਿਚ ਨਾਮ ਧਨ ਦਾ ਵਪਾਰ ਕਰਨ ਦਾ ਉਪਦੇਸ਼ ਦਿੰਦੀ ਹੈ। ਇਹ ਲਾਹੇਵੰਦ ਸੌਦਾ ਦੇਸ਼-ਵਿਦੇਸ਼ ਵਿਚ ਘੱਲ ਦਿਓ ਤਾਂ ਵੀ ਇਸਤੋਂ ਲਾਹਾ ਹੀ ਹੋਵੇਗਾ। ਅਜਿਹੇ ਵਪਾਰ ਦੀਆਂ ਵਸਤਾਂ ਖਰੀਦਣ ਦਾ ਉਪਦੇਸ਼ ਗੁਰਮਤਿ ਕਰਦੀ ਹੈ -

*ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥ ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ॥* ਪੰਨਾ - 22

ਮਨੁੱਖ ਦਾ ਜੀਵਨ ਇਕ ਐਸਾ ਸਫਰ ਹੈ ਜਿਸ ਵਿਚ ਉਤਰਾਅ ਚੜ੍ਹਾਅ ਵਾਲੀਆਂ ਔਖੀਆਂ ਘਾਟੀਆਂ ਹਨ। ਇਸ ਸਫਰ ਦੇ ਪਾਂਧੀ ਨੂੰ ਕਲਜੁਗ ਦੇ ਅਗਿਆਨਤਾ ਭਰੇ ਜੰਗਲਾਂ ਵਿਚ ਦੀ ਗੁਜ਼ਰਨਾ ਪੈਂਦਾ ਹੈ। ਇਨ੍ਹਾਂ ਜੰਗਲਾਂ ਵਿਚ ਬੜੇ ਭਿਆਨਕ ਡਾਕੂ ਤੇ ਚੋਰ ਹਨ ਜੋ ਦਿਨ ਦਿਹਾੜੇ ਮਨੁੱਖ ਦੇ ਸ਼ੁਭ ਗੁਣਾਂ ਦੀ ਪੂੰਜੀ ਨੂੰ ਲੁੱਟੀ ਜਾ ਰਹੇ ਹਨ। ਮਨੁੱਖ ਨੂੰ ਮਾਇਆ ਦੇ ਹਨ੍ਹੇਰੇ ਵਿਚ ਸੋਝੀ ਨਹੀਂ ਹੈ। ਇਹ, ਗੁਰੂ ਤੇ ਉਸਦੇ ਭਗਤ ਹੀ ਹਨ ਜੋ ਗੁਰੂ ਉਪਦੇਸ਼ ਦੁਆਰਾ ਮਨੁੱਖ ਨੂੰ ਸਾਵਧਾਨ ਕਰਦੇ ਰਹਿੰਦੇ ਹਨ ਕਿ ਹੇ ਮਨੁੱਖ! ਤੂੰ ਜੀਵਨ ਦਾ ਤਾਂ ਲਾਹਾ ਖੱਟਣ ਲਈ ਆਇਆ ਸੀ ਭਾਵ ਨਾਮ ਸਿਮਰਨ ਲਈ ਆਇਆ ਸੀ ਪ੍ਰੰਤੂ ਤੂੰ ਉਲਟ ਪਾਸੇ ਲਗ ਗਿਆ ਜਿਸ ਵਿਚ ਤੇਰੀ ਜੀਵਨ ਰੂਪੀ ਰਾਤ ਵਿਅਰਥ ਬੀਤਦੀ ਜਾ ਰਹੀ ਹੈ -

*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥* ਪੰਨਾ - 43

ਪਰਲੋਕ ਵਿਚ ਦਿਨ, ਭਾਵ ਚਾਨਣਾ ਹੈ, ਪ੍ਰਕਾਸ਼ ਹੈ; ਉਥੇ ਅਸਲੀਅਤ ਪ੍ਰਤੱਖ ਹੈ, ਕੁਝ ਛਪਾਇਆ ਨਹੀਂ ਜਾ ਸਕਦਾ। ਇਥੇ ਲੋਕ ਵਿਚ ਮਾਇਆ ਦੀ ਅਗਿਆਨਤਾ ਕਾਰਣ ਰਾਤ ਹੈ, ਹਨ੍ਹੇਰਾ ਹੈ। ਮਨੁੱਖ ਇਸ ਦੇਹੀ ਦੀ ਚੰਗੀ ਨਾਮਣਾ ਅਤੇ ਜਾਤਿ ਆਦਿ ਅਭਿਮਾਨਾਂ ਵਿਚ ਫਸਿਆ ਪਿਆ ਹੈ, ਸਭ ਪਰਲੋਕ ਵਿਚ ਨਹੀਂ ਜਾਣੇ।

*ਦੇਹ ਨ ਨਾਉ ਨ ਹੋਵੈ ਜਾਤਿ॥ ਓਥੈ ਦਿਹੁ ਐਥੈ ਸਭ ਰਾਤਿ॥* ਪੰਨਾ - 1257

ਮਨੁੱਖ ਨੂੰ ਸੰਸਾਰ ਰੂਪੀ ਰਾਤ ਦਾ ਸਮਾਂ ਦਰਸਾ ਕੇ ਸਾਵਧਾਨ ਕੀਤਾ ਹੈ ਕਿ ਜੇਕਰ ਤੂੰ ਸੌਂ ਗਿਆ ਤਾਂ ਲੁਟਿਆ ਜਾਵੇਂਗਾ। ਤੈਨੂੰ ਸੁਆਸਾਂ ਦੀ ਕੀਮਤੀ ਪੂੰਜੀ ਮਿਲੀ ਹੈ, ਜੇਕਰ ਇਹ ਖੁਸ ਗਈ ਤਾਂ ਤੈਨੂੰ ਲਾਹਾ ਕਿਥੋਂ ਹੋਵੇਗਾ; ਤੇਰਾ ਤਾਂ ਮੂਲ ਵੀ ਜਾਂਦਾ ਰਹੇਗਾ। ਪ੍ਰਭੂ ਦੇ ਪਿਆਰਿਆਂ ਦਾ ਇਹੀ ਯਤਨ ਰਹਿੰਦਾ ਹੈ ਕਿ ਮਨੁੱਖ ਨੂੰ ਸੁਚੇਤ ਕੀਤਾ ਜਾਵੇ ਤਾਂਕਿ ਰਾਤ ਦੇ ਹਨ੍ਹੇਰੇ ਵਿਚ ਸਾਵਧਾਨ ਰਹਿਣ। ਆਤਮ ਮਾਰਗ ਰਾਹੀਂ ਇਸ ਪ੍ਰਕਾਰ ਦੇ ਅਧਿਆਤਮਕ (spiritual) ਲਾਹੇ ਦਾ ਵਪਾਰ ਦ੍ਰਿੜ੍ਹ ਕਰਾਇਆ ਗਿਆ ਹੈ। ਉਮਰ ਰੂਪੀ ਰਾਤ ਦਾ ਸਮਾਂ ਜਾਗਣ ਤੇ ਸੁਚੇਤ ਹੋ ਕੇ ਰਹਿਣ ਦਾ ਸਮਾਂ ਹੈ। ਇਸ ਸਰੀਰ ਅੰਦਰ ਹੀ ਪੰਜ ਚੋਰਾਂ ਦਾ ਵਾਸਾ ਹੈ ਜਿਹੜੇ ਇਸਦੀ ਪੂੰਜੀ ਨੂੰ ਅੰਦਰੋਂ ਹੀ ਲੁੱਟੀ ਜਾਂਦੇ ਹਨ ਅਤੇ ਗਾਫਲ ਮਨੁੱਖ ਨੂੰ ਪਤਾ ਨਹੀਂ ਹੈ। ਸੁਚੇਤ ਵਪਾਰੀ ਲਾਹਾ ਖੱਟ ਕੇ ਘਰ ਮੁੜਦਾ ਹੈ। ਗੁਰਮੁਖ ਵਪਾਰੀ ਸੁਆਸਾਂ ਨੂੰ ਪ੍ਰਭੂ ਨਾਮ ਸਿਮਰਨ ਵਿਚ ਲੇਖੇ ਲਾ ਕੇ ਪਹਿਲਾਂ ਸਵੈ ਸਰੂਪ ਦੀ ਪ੍ਰਾਪਤੀ ਕਰ ਲੈਂਦੇ ਹਨ, ਭਾਵ ਆਤਮ ਗਿਆਨ ਦੀ ਸੋਝੀ ਰਾਹੀਂ।

ਆਤਮ ਸਰੂਪ ਨੂੰ ਲਖ ਲੈਂਦੇ ਹਨ ਫਿਰ ਨਾਮੀ (ਪਰਮਾਤਮਾ) ਨੂੰ ਪਛਾਣ ਲੈਂਦੇ ਹਨ। ਭਾਵ ਉਸ ਨਾਲ ਇਕ-ਮਿਕ ਹੋ ਜਾਂਦੇ ਹਨ। ਗੁਰੂ ਦੇ ਪਿਆਰੇ ਹਮੇਸ਼ਾ ਅਜੇਹਾ ਵਪਾਰ ਹੀ ਕਰਦੇ ਹਨ। ਗੁਰਮਤਿ ਨੇ ਇਸ ਵਪਾਰ ਦੁਆਰਾ ਹੀ ਆਪਣੇ ਨਿਜ ਘਰ ਵਿਚ ਮੁੜ ਲਾਹਾ ਲੈ ਕੇ ਪਰਤਣ ਨੂੰ ਕਿਹਾ ਹੈ -

*ਵਖਰੁ ਨਾਮੁ ਲਦਿ ਖੇਪ ਚਲਾਵਹੁ॥ ਲੈ ਲਾਹਾ ਗੁਰਮੁਖਿ ਘਰਿ ਆਵਹੁ॥* ਪੰਨਾ - 430

ਦੁਨਿਆਵੀ ਵਪਾਰ ਦੁਆਰਾ ਜੀਵਨ ਨਿਰਬਾਹ ਤਾਂ ਸੰਭਵ ਹੈ ਪ੍ਰੰਤੂ ਜੀਵਨ ਸਫਲਤਾ, ਮਨੋਰਥ ਦੀ ਪੂਰਤੀ ਨਹੀਂ ਹੁੰਦੀ। ਜੀਵਨ ਦੀ ਸਫਲਤਾ ਲਈ ਅਸੀਂ ਮੁੜ ਇਕ ਅਜਿਹਾ ਉੱਦਮ ਅਰੰਭਿਆ ਹੈ ਕਿ ਜਿਸ ਦੁਆਰਾ ਸੰਤਾਂ ਦੀ ਸੰਗਤ ਵਿਚ, ਬ੍ਰਹਮ ਵਿਚਾਰ ਦਾ ਵਪਾਰ ਕੀਤਾ ਜਾਵੇ ਤਾਂ ਕਿ ਮੇਲਣਹਾਰ ਪ੍ਰਭੂ ਸਾਡੇ ਉਤੇ ਬਖਸ਼ਿਸ਼ ਕਰੇ -

*ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ॥ ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ॥* ਪੰਨਾ - 56

ਇਸ ਨਾਮ ਧਨ ਦਾ ਸ਼ਾਹ, ਸ਼ਾਹੂਕਾਰ ਪ੍ਰਭੂ ਬੇਅੰਤ ਖਜ਼ਾਨੇ ਵਾਲਾ ਹੈ। ਉਹ ਸਤਿਗੁਰੂ ਰਾਹੀਂ ਆਪਣੇ ਸਿੱਖ ਵਣਜਾਰਿਆਂ ਨੂੰ ਨਾਮ ਦੀ ਪੂੰਜੀ ਬਖਸ਼ਿਸ਼ ਕਰਦਾ ਹੈ। ਨਾਮ ਧਨ ਦੇ ਖਜ਼ਾਨੇ ਨਾਲ ਵਪਾਰ ਕਰਨ ਵਾਲੇ ਵਣਜਾਰੇ ਸਿੱਖ ਧੰਨ ਹਨ ਜਿਨ੍ਹਾਂ ਨੇ ਸ਼ਬਦ ਦਾ ਆਸਰਾ ਤੱਕਿਆ ਹੈ। ਇਸ ਵਪਾਰ ਦੁਆਰਾ ਸਿੱਖ ਵਣਜਾਰੇ ਆਪ ਤੇ ਆਪਣੇ ਸੰਗੀ ਸਾਥੀਆਂ ਨੂੰ ਵੀ ਤਾਰ ਲੈਂਦੇ ਹਨ -

*ਧੰਨੁ ਧੰਨੁ ਸੋ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ॥ ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ॥* ਪੰਨਾ - 313

ਗੁਰੂ ਸਾਹਿਬਾਨ ਦੇ ਅਗੰਮੀ ਅਮਰ ਬੋਲਾਂ ਨੂੰ ਮਾਨਵ ਕਲਿਆਣ ਲਈ ਸਰਲ ਢੰਗ ਨਾਲ ਬਿਆਨ ਕਰਕੇ ਪ੍ਰਸਤੁਤ ਕੀਤਾ ਗਿਆ ਹੈ। ਅਨੁਭਵੀ ਮਹਾਂਪੁਰਸ਼ਾਂ ਨੇ ਜੀਵਨ ਦਾ ਲਾਹਾ ਖੱਟਿਆ ਹੁੰਦਾ ਹੈ। ਉਹ ਇਸ ਵਪਾਰ ਦੁਆਰਾ ਸਭ ਜਗਿਆਸੂਆਂ ਨੂੰ ਲਾਭ ਪਹੁੰਚਾਣ ਦੀ ਭਾਵਨਾ ਨਾਲ ਆਪਣੇ ਜੀਵਨ ਦੇ ਸਭ ਸੁਖ ਆਰਾਮ ਤਿਆਗ ਕੇ ਅਗਿਆਨਤਾ ਦੀ ਨੀਂਦ ਵਿਚ ਸੁੱਤੇ ਹੋਏ ਲੋਕਾਂ ਤਾਈਂ ਜਗਾਉਂਦੇ ਰਹਿੰਦੇ ਹਨ।

ਚੋਰ ਵੀ ਰਾਤ ਨੂੰ ਜਾਗਦੇ ਹਨ, ਸੰਤ ਵੀ ਰਾਤ ਨੂੰ ਜਾਗਦੇ ਹਨ। ਚੋਰ ਦੁਨਿਆਵੀ ਧਨ ਪਦਾਰਥਾਂ ਨੂੰ ਚੁਰਾਉਂਦੇ ਹਨ ਜਦ ਕਿ ਸੰਤ, ਮਹਾਂਪੁਰਸ਼ ਰੱਬੀ ਨਾਮ ਦਾ ਖਜ਼ਾਨਾ ਇਕੱਠਾ ਕਰਕੇ ਪਰਉਪਕਾਰ ਦੀ ਭਾਵਨਾ ਹਿਤ ਲੋਕਾਂ ਤਾਈਂ ਵੰਡਦੇ ਹਨ।

# ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥
# ਸਾਵਧਾਨ ਏਕਾਗਰ ਚੀਤ॥

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂਹਾਨੀ ਮਿਸ਼ਨ।*

ਵਾਹਿਗੁਰੂ ਜੀ ਤੋਂ ਨਿਰਮਲ ਕਿਰਨ ਚੇਤਨ ਤੱਤ, ਪ੍ਰਕਿਰਤੀ ਨਾਲ ਮਿਲ ਕੇ, ਜੀਵ ਦੀ ਉਪਾਧੀ, ਧਾਰਨ ਕਰਕੇ ਪਹਿਲਾਂ ਹੇਠਾਂ ਉਤਰੀ, ਤਾਂ ਇਕ ਗਲੋਬ ਜਿਹਾ ਇਸ ਕਿਰਨ ਦੇ ਦੁਆਲੇ ਛਾ ਗਿਆ ਅਤੇ ਇਹ ਕਿਰਨ ਪ੍ਰਕਾਸ਼ਮਾਨ ਹੋ ਉਠੀ। ਇਸ ਅਵਸਥਾ ਨੂੰ ਵਿਚਾਰਮਾਨ ਪੁਰਸ਼ਾਂ ਨੇ ਪਹਿਲਾ ਵਿਯੋਗ ਆਖਿਆ ਹੈ ਅਤੇ ਨਾਮ **'ਅਨੰਦਮਈ ਕੋਸ਼'** ਯਾਨਿ ਅਨੰਦ ਦਾ ਪੜਦਾ ਰੱਖ ਲਿਆ। ਇਸ ਥਾਂ ਤੋਂ ਆਪਣੇ ਆਪ ਦੀ ਸੋਝੀ ਹੋਣ ਉਪ੍ਰੰਤ ਮਾਇਆ ਦੇ ਦੂਸਰੇ ਮੰਡਲ ਵਿਚ ਪ੍ਰਵੇਸ਼ ਕੀਤਾ ਅਤੇ ਬੁਧਿ ਦਾ ਕ੍ਰਿਸ਼ਮਾ ਦੇਖਿਆ ਤਾਂ ਇਸ ਨੂੰ **'ਵਿਗਯਾਨਮਈ ਕੋਸ਼'** ਦਾ ਨਾਉਂ ਦਿਤਾ। ਹੋਰ ਹੇਠਾਂ ਉਤਰਨ ਦੇ ਨਾਲ ਫੁਰਨਾ ਉਠਿਆ, ਕੁਝ ਬਨਣ ਦੀ ਇੱਛਾ ਜਾਗੀ, ਕੁਝ ਪੈਦਾ ਕਰਨ ਦੀ ਇੱਛਾ ਜਾਗੀ, ਹੰਗਤਾ ਅਤੇ ਮਮਤਾ ਨੇ ਇਸ ਜੀਵ ਨੂੰ ਅਪਣੇ ਅਧੀਨ ਕਰਕੇ ਅਨੇਕ ਤਰ੍ਹਾਂ ਦੇ ਫੁਰਨਿਆਂ ਵਿਚ ਧੱਕ ਦਿਤਾ, ਫੁਰਨਿਆਂ ਦਾ ਐਨਾ ਵਿਸਥਾਰ ਹੋ ਗਿਆ ਕਿ ਲੜੀ ਟੁੱਟਦੀ ਹੀ ਨਹੀਂ। ਇਸ ਮਾਨਸਿਕ ਅਵਸਥਾ ਦਾ ਨਾਮ **'ਮਨੋਮਈ ਕੋਸ਼'** ਦੱਸਿਆ। ਸੰਕਲਪ ਵਿਕਲਪ ਦਾ ਮੰਡਲ ਆ ਗਿਆ। ਇਸ ਥਾਂ ਦੇ ਉਤੇ ਬ੍ਰਹਿਮੰਡੀ ਸ਼ਕਤੀ (cosmic energy) ਨੇ ਹੋਰ ਹੇਠਾਂ ਧੱਕਾ ਮਾਰਿਆ ਤਾਂ ਉਸ ਮੰਡਲ ਨੂੰ ਸ਼ਕਤੀ ਦਾ ਮੰਡਲ ਜਾਂ **'ਪ੍ਰਾਨਮਈ ਕੋਸ਼'** ਆਖਿਆ। ਇਹ ਸ਼ਕਤੀ ਮਾਇਕ ਸਬੰਧਾਂ ਨਾਲ ਪੈਦਾ ਹੋਈ। ਇਸ ਤੋਂ ਪਿਛੋਂ ਰੂਪ ਧਾਰਿਆ ਅਤੇ ਅਨੇਕ ਕਿਸਮਾਂ ਦੇ ਰੂਪ ਧਾਰਨ ਕਰਦਾ ਹੀ ਗਿਆ, ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ-

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥ ਪੰਨਾ - 176***

ਸਰੀਰਾਂ ਦੇ ਇਸ ਮੰਡਲ ਨੂੰ **'ਅੰਨਮਈ ਕੋਸ਼'** ਆਖਿਆ ਗਿਆ।

ਸੋ ਇਸ ਤਰ੍ਹਾਂ ਨਾਲ ਇਹ ਪਵਿੱਤਰ ਬੂੰਦ ਆਪਣੀ ਨਿਰਮਲਤਾ ਦੇ ਦੁਆਲੇ ਮਾਇਕ ਬਿਰਤੀਆਂ ਨੂੰ ਲਪੇਟਦੀ ਹੋਈ ਆਪਣੇ ਆਪ ਨੂੰ ਭੁੱਲ ਗਈ ਅਤੇ ਇਹ ਪਤਾ ਹੀ ਨ ਰਿਹਾ ਕਿ **'ਮੈਂ ਕੌਣ ਹਾਂ ਤੇ ਕਿਥੋਂ ਮੇਰਾ ਪਸਾਰ ਹੋਇਆ ਹੈ'** ਅਤੇ ਆਪਣੇ ਆਪ ਨੂੰ ਜੋਤਿ ਨ ਸਮਝ ਕੇ ਪੰਜਾਂ ਤੱਤਾਂ ਦੇ ਸਰੀਰ ਦੀ ਬਿਆਧੀ ਧਾਰਨ ਕਰਕੇ ਸਰੀਰ ਹੀ ਸਮਝਦੀ ਰਹੀ। ਮਾਇਆ ਦੇ ਇਸ ਹੇਠਲੇ ਮੰਡਲ ਦਾ ਨਾਉਂ **'ਅੰਨਮਈ ਕੋਸ਼'** ਸਿਆਣਿਆਂ ਨੇ ਰੱਖਿਆ।

ਆਪਣੀ ਪਰਮ ਅਨੰਦ ਅਵਸਥਾ ਨੂੰ ਤਿਆਗ ਕੇ ਮਿੱਟੀ ਦਾ ਰੂਪ ਆਪਣੇ ਆਪ ਨੂੰ ਬਣਾ ਕੇ ਅਣਗਿਣਤ ਸਮੇਂ ਤੋਂ ਜੰਮਣ ਮਰਨ ਦੇ ਚੱਕਰ ਵਿਚ ਪਿਆ ਹੋਇਆ ਇਹ ਜੀਵ-ਆਤਮਾ, ਮਹਾਨ ਦੁਖਾਂ ਨੂੰ ਮਹਿਸੂਸ ਕਰਦਾ, ਬਿਲਲਾਉਂਦਾ ਤੇ ਕੁਰਲਾਉਂਦਾ ਹੈ ਪਰ ਇਸਨੂੰ ਇਸ ਗੱਲ ਦਾ ਪਤਾ ਨਹੀਂ ਲਗਦਾ ਕਿ ਮੈਂ ਆਪਣੇ ਮੁਖ ਸੋਮੇ 'ਸਤਿ ਚਿਤ ਅਨੰਦ' ਦੇ ਨਾਲ ਕਿਸ ਤਰ੍ਹਾਂ ਮਿਲਾਂ, ਕਿਸ ਤਰ੍ਹਾਂ ਅਸਲੀ ਹਾਲਤ ਵਿਚ ਸਮਾਵਾਂ। ਸੋ ਦੁਖੀ ਹੁੰਦਾ ਹੋਇਆ ਵਿਰਲਾਪ ਕਰ ਰਿਹਾ ਹੈ।

ਪੀਰਾਂ, ਪੈਗੰਬਰਾਂ, ਰਿਸ਼ੀਆਂ-ਮੁਨੀਆਂ, ਆਰਫਾਂ, ਬ੍ਰਹਮਗਿਆਨੀਆਂ, ਮਹਾਂਪੁਰਸ਼ਾਂ, ਤੱਤ ਬੇਤਿਆਂ ਨੇ ਇਸ ਜੀਵ ਨੂੰ ਰਸਤਾ ਦੱਸਣ ਵਾਸਤੇ ਬਹੁਤ ਅਲੌਕਿਕ ਤਰੀਕੇ ਦੱਸੇ। ਉਨ੍ਹਾਂ ਦੇ ਬਚਨ, ਪਵਿੱਤ੍ਰਤਾ ਦੇ ਸੋਮੇ ਵਿਚੋਂ ਨਿਕਲੇ ਹੋਣ ਕਰਕੇ, ਮਹਾਨ ਪਵਿੱਤਰ ਰੂਪ ਵਿਚ ਪ੍ਰਗਟ ਹੋਏ। ਉਨ੍ਹਾਂ ਬਚਨਾਂ ਨੂੰ ਹੀ ਬੇਦ ਪੁਰਾਣ, ਬਾਈਬਲ, ਅੰਜੀਲ, ਜੰਬੂਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਮਹਾਨਤਾ ਪ੍ਰਾਪਤ ਹੋਈ।

ਪੰਜਵੇਂ ਪਾਤਸ਼ਾਹ ਮਹਾਰਾਜ ਨੇ ਇਸ ਜੀਵ ਦੇ ਭਵਜਲ ਚੱਕਰ ਤੋਂ ਛੁਟਕਾਰੇ ਲਈ ਪਾਵਨ ਹੁਕਮ ਦਿਤਾ -

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥***
***ਸਾਵਧਾਨ ਏਕਾਗਰ ਚੀਤ॥ ਪੰਨਾ - 295***

ਇਹ ਇਕ ਬਹੁਤ ਹੀ ਸੁਖੈਨ ਮਾਰਗ ਹੈ ਜਿਸ ਤੇ ਚਲਦਿਆਂ ਇਹ ਜੀਵ ਅਨੇਕਾਂ ਵਿਘਨਾਂ ਨੂੰ ਕਟਦਾ ਹੋਇਆ, ਆਪਣੇ ਅਸਲੀ 'ਜੋਤਿ ਰੂਪ' ਵਿਚ, ਸਮਾਈ ਕਰ ਸਕਦਾ ਹੈ ਤੇ ਇਸ ਯਤਨ ਵਾਸਤੇ ਚਿਤ ਦੀ ਇਕਾਗਰਤਾ ਬਹੁਤ ਹੀ ਅਵੱਸ਼ਕ ਹੈ। ਜਿੰਨਾਂ ਚਿਰ ਇਸਨੂੰ ਇਹ ਪਤਾ ਨਹੀਂ ਲਗਦਾ ਕਿ ਮੈਂ ਚਿਤ ਦੀ ਇਕਾਗਰਤਾ ਕਿਸ ਤਰ੍ਹਾਂ ਨਾਲ ਪ੍ਰਾਪਤ ਕਰ ਸਕਦਾ ਹਾਂ, ਓਨੀ ਦੇਰ ਤੱਕ, ਇਸ ਦੇ ਜਤਨ, ਉਪਰਾਲੇ ਫਲ ਰਹਿਤ ਹੀ ਰਹਿੰਦੇ ਹਨ। ਸੋ ਚਿੱਤ ਦੀਆਂ ਕੁਝ ਬਿਰਤੀਆਂ ਹਨ ਜੋ ਇਸਨੂੰ ਇਕਾਗਰ ਨਹੀਂ ਹੋਣ ਦਿੰਦੀਆਂ। ਉਨ੍ਹਾਂ ਵਿਚੋਂ ਪਹਿਲੀ ਬਿਰਤੀ ਦਾ ਨਾਉਂ 'ਪ੍ਰਮਾਣ' ਹੈ।

**1. ਪ੍ਰਮਾਣ ਬਿਰਤੀ** - ਜੋ ਵੀ ਦ੍ਰਿਸ਼ਟਮਾਨ ਪਸਾਰਾ ਹੈ, ਭਾਵੇਂ ਬੱਚੇ ਹਨ, ਇਸਤ੍ਰੀ ਹੈ, ਮਾਂ-ਬਾਪ ਹਨ, ਆਪਣਾ ਸਰੀਰ ਹੈ, ਸਰੀਰਾਂ ਦੇ ਅਨੇਕਾਂ ਸਬੰਧ ਹਨ, ਮਿਤ੍ਰ, ਦੁਸ਼ਮਣ, ਸੁਖਦਾਇਕ ਚੀਜ਼ਾਂ, ਦੁਖਦਾਇਕ ਚੀਜ਼ਾਂ ਇਤਿਆਦਿ, ਇਨ੍ਹਾਂ ਸਾਰਿਆਂ ਵਿਚ ਪਰਚੇ ਰਹਿਣਾ 'ਪ੍ਰਮਾਣ ਬਿਰਤੀ' ਕਹਾਉਂਦਾ ਹੈ। ਇਸ ਦ੍ਰਿਸ਼ਟਮਾਨ ਤੋਂ ਬਿਰਤੀ ਨੂੰ ਪਿਛੇ ਖਿਚਣਾਂ ਬਹੁਤ ਹੀ ਮੁਸ਼ਕਿਲ ਪ੍ਰਤੀਤ ਦਿੰਦਾ ਹੈ। ਜਦ ਤੱਕ ਇਸਨੂੰ ਪੂਰਨ ਗੁਰੂ ਦੀ ਪ੍ਰਾਪਤੀ ਨ ਹੋ ਜਾਵੇ, ਇਸ ਦ੍ਰਿਸ਼ਟਮਾਨ ਵਿਚੋਂ ਕਿਸੇ ਤਰੀਕੇ ਨਾਲ ਭੀ ਇਹ ਜੀਵ ਛੁਟ ਨਹੀਂ ਸਕਿਆ ਕਰਦਾ। ਗੁਰੂ ਮਹਾਰਾਜ ਜੀ ਦਾ ਉਪਦੇਸ਼ ਹੈ, ਪਿਆਰਿਆ-

***ਦ੍ਰਿਸਟਊ ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ॥***
***ਪੰਨਾ - 1230***

ਇਹ ਜੀਵ, ਜਾਣਦਾ ਹੋਇਆ ਭੀ, ਕਿ ਨ ਮੈਂ ਸੰਸਾਰ ਤੇ ਰਹਿਣਾ ਹੈ ਅਤੇ ਨ ਹੀ ਧੀਆਂ-ਪੁੱਤਰਾਂ, ਇਸਤ੍ਰੀ, ਮਾਤਾ-ਪਿਤਾ ਵਿਚੋਂ ਕਿਸੇ ਨੇ ਰਹਿਣਾ ਹੈ, ਇਸ ਵਿਛੋੜੇ ਦਾ ਦੁਖ ਅਸਹਿ ਹੋਣ ਕਰਕੇ ਇਸ ਦਲਦਲ ਵਿਚੋਂ ਨਿਕਲ ਨਹੀਂ ਸਕਦਾ।

**2. ਵਿਪਰਜੇ ਬਿਰਤੀ** - ਦੂਸਰੀ ਬਿਰਤੀ ਦਾ ਨਾਉਂ 'ਵਿਪਰਜੈ' ਕਰਕੇ ਹੈ। ਇਸ ਵਿਪਰਜੈ ਬਿਰਤੀ ਵਿਚ ਉਲਟਾ ਨਜ਼ਰ ਆਉਂਦਾ ਹੈ ਯਾਨਿ ਅਣਹੋਈਆਂ ਚੀਜ਼ਾਂ, 'ਹੋਈਆਂ' ਲਗਦੀਆਂ ਹਨ ਅਤੇ ਹੁੰਦੀਆਂ ਚੀਜ਼ਾਂ ਅਣਹੁੰਦੀਆਂ ਜਾਣਦਾ ਹੈ। ਜਿਸ ਤਰ੍ਹਾਂ ਗਰਮੀ ਦੇ

ਮੌਸਮ ਵਿਚ ਕੋਈ ਪਾਣੀ ਦਾ ਪਿਆਸਾ ਰਾਹੀ, ਰੜੇ ਮੈਦਾਨ ਵਿਚੋਂ ਲੰਘ ਰਿਹਾ ਹੋਵੇ ਅਤੇ ਪਿਆਸ ਦੀ ਬਿਹਬਲਤਾ ਕਰਕੇ ਉਹ ਪਾਣੀ ਦੀ ਤਲਾਸ਼ ਵਿਚ ਹੋਵੇ ਤਾਂ ਉਹਨੂੰ ਰੜੇ ਮੈਦਾਨ ਵਿਚ ਭੁਲੇਖਾ ਪੈਂਦਾ ਹੈ ਕਿ ਅੱਗੇ ਸੀਤਲ ਜਲ ਨਾਲ ਭਰਿਆ ਪ੍ਰਵਾਹ ਦਰਿਆ ਦੇ ਰੂਪ ਵਿਚ ਚਲ ਰਿਹਾ ਹੈ। ਉਸ ਸਮੇਂ ਉਸਦੀ ਅੰਦਰਲੀ ਅਵਸਥਾ ਵਿਚ ਇਹ 'ਸਤਿ' ਪ੍ਰਤੀਤ ਦਿੰਦਾ ਕਿ ਹੈ ਕੁਝ ਹੀ ਵਿਥ ਤੇ ਪਾਣੀ ਚਲ ਰਿਹਾ ਹੈ ਪਰ ਜਦੋਂ ਉਥੇ ਪਹੁੰਚ ਕੇ ਦੇਖਦਾ ਹੈ ਤਾਂ ਪਾਣੀ ਦੀ ਥਾਂ ਕੁਛ ਵੀ ਨਹੀਂ, ਰੜਾ ਮੈਦਾਨ ਹੀ ਹੋਇਆ ਕਰਦਾ ਹੈ। ਇਸੇ ਤਰ੍ਹਾਂ ਆਪਣੀਆਂ ਅੱਖਾਂ ਨਾਲ ਹਰ ਰੋਜ਼ ਦੇਖਦਾ ਹੈ ਤੇ ਕੰਨਾਂ ਨਾਲ ਸੁਣਦਾ ਹੈ ਕਿ –

*ਨੈਨਹ ਦੇਖਤ ਇਹੁ ਜਗੁ ਜਾਈ॥ ਪੰਨਾ - 325*

ਪਰ ਫੇਰ ਭੀ ਜਗਤ ਨੂੰ ਸਤਿ ਪ੍ਰਤੀਤ ਕਰਕੇ ਮੰਨਦਾ ਹੈ। ਦੂਜੇ ਪਾਸੇ ਵਾਹਿਗੁਰੂ ਜੀ, ਜੋ ਕਿ ਘਟ ਘਟ ਵਿਚ ਵਿਆਪਕ ਹਨ, ਹਰ ਥਾਂ ਹਨ –

*ਜਹ ਜਹ ਪੇਖਉ ਤਹ ਹਜੂਰ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮਹਿ ਮਨ ਤਿਸਹਿ ਧਿਆਈ॥*

ਅਤੇ

*ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥*

*ਅਕਾਲ ਉਸਤਤਿ*

ਅਨੁਸਾਰ ਅੰਦਰ ਬਾਹਰ ਸਾਰੇ ਪਰੀਪੂਰਨ ਹਨ, ਜਿਸ ਦੀ ਸੱਤਾ ਦੇ ਨਾਲ ਸੰਸਾਰੀ ਕ੍ਰਿਆ ਹੋ ਰਹੀ ਹੈ, ਜਿਸਦੀ ਨਾਮ ਸ਼ਕਤੀ ਦੇ ਆਧਾਰ ਨਾਲ ਜਗਤ ਪ੍ਰਤੀਤ ਦੇ ਰਿਹਾ ਹੈ, ਉਸ ਪਰੀਪੂਰਨ ਪ੍ਰਮੇਸ਼ਰ ਨੂੰ 'ਅਸੱਤਿ' ਕਰਕੇ ਜਾਣਦਾ ਹੈ। ਕਿੰਚਤ ਮਾਤਰ ਵੀ ਇਸ ਜੀਵ ਦੇ ਅੰਦਰ ਭਰਮ ਨਹੀਂ ਹੁੰਦਾ ਇਸ ਗੱਲ ਤੇ, ਕਿ ਜਗਤ ਤਾਂ ਸਤਿ ਹੈ ਤੇ ਮੇਰੇ ਚਾਰੋਂ ਪਾਸੇ ਦ੍ਰਿਸਟ ਅਦ੍ਰਿਸਟ ਰੂਪ ਵਿਚ ਪਸਰਿਆ ਹੋਇਆ ਪਾਰਬ੍ਰਹਮ ਪ੍ਰਮੇਸ਼ਰ ਅਸਤਿ ਰੂਪ ਹੈ। ਸੋ, ਇਸ ਸਤਿ ਨੂੰ ਅਸਤਿ ਅਤੇ ਅਸੱਤਿ ਨੂੰ ਸਤਿ ਜਾਨਣ ਵਾਲੀ ਬਿਰਤੀ ਨੂੰ 'ਵਿਪਰਜੇ ਬਿਰਤੀ' ਆਖਿਆ ਹੈ। ਗੁਰੂ ਮਹਾਰਾਜ ਜੀ ਇਸ਼ਾਰਾ ਕਰਦੇ ਹਨ ਕਿ –

*ਇਹੁ ਜਗੁ ਧੂਏ ਕਾ ਪਹਾਰ॥*
*ਤੈ ਸਾਚਾ ਮਾਨਿਆ ਕਿਹ ਬਿਚਾਰਿ॥ ਪੰਨਾ - 1187*

**3. ਨਿੰਦ੍ਰਾ** – ਤੀਸਰੀ ਬਿਰਤੀ ਦਾ ਨਾਮ 'ਨਿੰਦ੍ਰਾ' ਹੈ। ਆਦਮੀ ਸਭ ਕੁਛ ਜਾਣਦਾ ਹੋਇਆ, ਪੜ੍ਹਦਾ ਸੁਣਦਾ ਹੋਇਆ ਨਿੰਦ੍ਰਾ ਦੇ ਵਸ ਹੋ ਕੇ ਭੁੱਲਿਆ ਰਹਿੰਦਾ ਹੈ। ਇਸ ਭੁੱਲ ਜਾਣ ਵਾਲੀ ਕ੍ਰਿਆ ਨੂੰ ਹੀ 'ਨਿੰਦ੍ਰਾ ਬਿਰਤੀ' ਆਖਦੇ ਹਨ।

**4. ਵਿਕਲਪ ਬਿਰਤੀ** – ਚੌਥੀ ਵਿਕਲਪ ਬਿਰਤੀ ਹੋਇਆ ਕਰਦੀ ਹੈ। ਇਸ ਬਿਰਤੀ ਅਧੀਨ ਛੋਟੇ-ਛੋਟੇ ਕਰਮ ਕਰਕੇ, ਜਿਵੇਂ ਕਿ ਦਾਨ ਪੁੰਨ, ਸੇਵਾ, ਬਾਣੀ ਦਾ ਪਾਠ ਅਤੇ ਭਜਨ ਆਦਿ ਕਰਕੇ ਵੱਡੇ-ਵੱਡੇ ਫਲਾਂ ਦੀ ਆਸ ਰਖਦਾ ਹੈ; ਯਾਨਿ ਇਸ ਬਿਰਤੀ ਅਧੀਨ ਵਾਸ਼ਨਾਵਾਂ ਦਾ ਪ੍ਰਭਾਵ ਬਹੁਤ ਜ਼ਿਆਦਾ ਹੋਇਆ ਕਰਦਾ ਹੈ, 'ਸੇਵਾ ਥੋਰੀ ਮਾਂਗਨ ਬਹੁਤਾ' ਵਾਲੀ ਅਵਸਥਾ ਹੁੰਦੀ ਹੈ। ਸੋ ਇਹ ਵਿਕਲਪ ਬਿਰਤੀ ਚਿੱਤ ਨੂੰ ਪ੍ਰਮੇਸ਼ਰ ਦੇ ਭਜਨ ਵਿਚ ਇਕਾਗਰ ਨਹੀਂ ਹੋਣ ਦਿੰਦੀ।

**5. ਸਿੰਮ੍ਰਿਤੀ ਬਿਰਤੀ** – ਪੰਜਵੀਂ 'ਸਿੰਮ੍ਰਿਤੀ ਬਿਰਤੀ' ਕਹਾਉਂਦੀ ਹੈ ਯਾਨਿ ਜਦੋਂ ਇਹ ਭਜਨ ਬੰਦਗੀ ਕਰਨ ਲਗਦਾ ਹੈ, ਪਾਠ ਕਰਨ ਲਗਦਾ ਹੈ, ਨਾਮ ਵਿਚ ਬਿਰਤੀ ਜੋੜਨ ਦਾ ਜਤਨ ਕਰਦਾ ਹੈ ਤਾਂ ਭੁੱਲੀਆਂ ਹੋਈਆਂ ਚੀਜ਼ਾਂ, ਗੱਲਾਂ ਉਸ ਸਮੇਂ ਯਾਦ ਆ ਜਾਇਆ ਕਰਦੀਆਂ ਹਨ। ਇਹ ਸਿੰਮ੍ਰਿਤੀ ਬਿਰਤੀ ਭਜਨ ਨਹੀਂ ਕਰਨ ਦਿੰਦੀ, ਪਾਠ ਆਦਿ ਫਲੀਭੂਤ ਨਹੀਂ ਹੁੰਦਾ। ਇਕ ਸਾਖੀ ਨਾਲ ਸਮਝਣ ਦਾ ਜਤਨ ਕਰੀਏ।

ਜਦੋਂ ਗੁਰੂ ਨਾਨਕ ਪਾਤਿਸ਼ਾਹ ਬੇਈਂ ਨਦੀ ਵਿਖੇ ਇਸ਼ਨਾਨ ਸਮੇਂ ਟੁੱਭੀ ਲਾ ਕੇ ਤਿੰਨ ਦਿਨਾਂ ਬਾਅਦ ਬਾਹਰ ਆਏ ਤਾਂ ਆਪ ਜੀ ਇਕੋ ਬਚਨ ਆਖ ਰਹੇ ਸਨ –

*ਨਾ ਹਮ ਹਿੰਦੂ ਨ ਮੁਸਲਮਾਨ॥*
*ਅਲਹ ਰਾਮ ਕੇ ਪਿੰਡੁ ਪਰਾਨ॥ ਪੰਨਾ - 1136*

ਸਾਰੇ ਭਾਰਤਵਰਸ਼ ਵਿਚ ਇਸਲਾਮ ਦਾ ਰਾਜ ਅਤੇ ਬੋਲਬਾਲਾ ਹੋਣ ਦੇ ਬਾਵਜੂਦ ਜਦੋਂ ਇਹ ਗੱਲ ਨਵਾਬ ਤੱਕ ਪਹੁੰਚੀ ਤਾਂ ਉਸਨੇ ਗੁਰੂ ਨਾਨਕ ਜੀ ਨੂੰ ਤਲਬ ਕੀਤਾ। ਤਾਂ ਆਪ ਨੇ ਕਚਹਿਰੀ ਵਿਚ ਪਹੁੰਚ ਕੇ ਸੱਚ ਦਾ ਪ੍ਰਕਾਸ਼ ਕਰਕੇ ਸ਼ੰਕਾ ਨਵਿਰਤ ਕੀਤਾ। ਉਸ ਵੇਲੇ ਨਵਾਬ ਨੇ ਨਿਸਚੇਪੂਰਵਕ ਜਾਣ ਲਿਆ ਕਿ ਗੁਰੂ ਨਾਨਕ ਕੋਈ ਪੂਰਨ ਵਲੀ ਹਨ ਅਤੇ ਇਸਨੂੰ ਮਨੁਖਤਾ ਵਿਚ ਕੋਈ ਵਿਸ਼ੇਸ਼ ਵੰਡ ਨਜ਼ਰ ਨਹੀਂ ਆਉਂਦੀ, ਇਹ ਸਭ ਦੇ ਸਾਂਝੇ ਪ੍ਰਤੀਤ ਹੋ ਰਹੇ ਹਨ। ਤਾਂ ਜੁੰਮੇ (ਸ਼ੁਕਰਵਾਰ) ਦਾ ਦਿਨ ਹੋਣ ਕਰਕੇ ਨਵਾਬ ਨੇ ਕਿਹਾ ਕਿ (ਗੁਰੂ) ਨਾਨਕ ਜੀ, ਤੁਸੀਂ ਸਾਡੇ ਨਾਲ ਮਸੀਤ ਵਿਚ ਨਮਾਜ਼ ਪੜ੍ਹਨ ਚਲੋ। ਤਾਂ ਗੁਰੂ ਜੀ ਮਸਜਿਦ ਵਿਚ ਪਹੁੰਚੇ। ਨਵਾਬ ਨੇ ਉਜ਼ੂ ਕੀਤਾ, ਕਾਜ਼ੀ ਨੇ ਵੀ ਉਜ਼ੂ (ਪੰਜ ਇਸ਼ਨਾਨਾ) ਕਰਕੇ ਨਮਾਜ਼ ਪੜ੍ਹਨੀ ਸ਼ੁਰੂ ਕਰ ਦਿਤੀ। ਸੁਲਤਾਨਪੁਰ ਲੋਧੀ ਸ਼ਹਿਰ ਦੇ ਹੋਰ ਹਜ਼ਾਰਾਂ ਮੋਮਨ ਉਸ ਸਮੇਂ ਨਮਾਜ਼ ਪੜ੍ਹ ਰਹੇ ਸਨ ਤਾਂ ਗੁਰੂ ਨਾਨਕ ਪਾਤਸ਼ਾਹ ਇਕ ਪਾਸੇ ਹੋ ਕੇ ਖਲੋਤੇ ਰਹੇ। ਨਮਾਜ਼ ਪੜ੍ਹਨ ਤੋਂ ਬਾਅਦ ਨਵਾਬ ਨੇ ਗੁਰੂ ਨਾਨਕ ਜੀ ਨੂੰ ਕੁਝ ਕ੍ਰੋਧਵਾਨ ਹੋ ਕੇ ਕਿਹਾ ਕਿ ਆਪ ਨੇ ਮਸਜਿਦ ਵਿਚ ਪ੍ਰਵੇਸ਼ ਕਰਕੇ ਸਾਡੇ ਨਾਲ ਆ ਕੇ, ਨਮਾਜ਼ ਕਿਉਂ ਨਹੀਂ ਪੜ੍ਹੀ? ਗੁਰੂ ਨਾਨਕ ਸਾਹਿਬ ਇਸ ਪ੍ਰਸ਼ਨ ਨੂੰ ਸੁਣ ਕੇ ਥੋੜ੍ਹਾ ਮੁਸਕਰਾਏ ਅਤੇ ਆਖਿਆ –

*ਠਾਂਢੇ ਆਪ ਮਸੀਤ, ਨ ਮਨ ਠਹਿਰਾਇਆ*
*ਹੋ ਸਿਜਦੇ ਸਮੇਂ ਸੰਕਲਪ ਕੰਧਾਰ ਪਠਾਇਆ॥*
*ਕਰਤਿ ਖਰੀਦ ਤੁਰੰਗ ਤਰਲ, (ਚੰਚਲ) ਮਨ ਤਰਲਿਆ॥*
*ਕੂਰੇ ਬੀਚ ਮਸੀਤ ਨਿਵੈਂ ਕਬ ਸਰਲਿਆ॥*

*ਸ੍ਰੀ. ਗੁ. ਪ੍ਰ. ਸੂਰਜ ਗ੍ਰੰਥ, ਪੰਨਾ - 397*

ਯਾਨਿ ਝੂਠੀ ਮੂਠੀ ਮਸੀਤ ਵਿਚ ਨਿਵਿਆ।

*ਜਿਹ ਕਰਨੀ ਸੋ ਮੂਲ ਨ ਥਿਰ ਉਰ (ਹਿਰਦਾ) ਮਹਿਂ ਕਰਾ।*
*ਹੋ ਬੇਸ ਬੰਦਗੀ ਧਰਯੋ ਦਸੋ ਦਿਸ਼ਿ ਮਨ ਫਿਰਾ।*

*ਸ੍ਰੀ. ਗੁ. ਪ੍ਰ. ਸੂਰਜ ਗ੍ਰੰਥ, ਪੰਨਾ - 397*

ਯਾਨਿ ਹੇ ਨਵਾਬ ਸਾਹਿਬ, ਤੁਹਾਡਾ ਮਨ ਤਾਂ ਕੰਧਾਰ ਵਿਖੇ ਘੋੜੇ ਖਰੀਦ ਰਿਹਾ ਸੀ ਤੇ ਸਰੀਰ ਤੁਹਾਡਾ ਮਸੀਤ ਵਿਚ ਖੜ੍ਹਾ ਸੀ। ਉਸ ਵੇਲੇ ਕਾਜ਼ੀ ਨੇ ਕਿਹਾ, "ਹੇ ਨਾਨਕ! ਤੈਨੂੰ ਡਰ ਨਹੀਂ, ਨਵਾਬ ਉਪਰ ਇਹ ਦੋਸ਼ ਲਾ ਰਹੇ ਹੋ ਫੇਰ ਜੇ ਨਵਾਬ ਸਾਹਿਬ ਨਾਲ ਨਿਮਾਜ਼ ਨਹੀਂ ਪੜ੍ਹਨੀ ਸੀ ਤਾਂ ਮੇਰੇ ਨਾਲ ਕਿਉਂ ਨਹੀਂ ਪੜ੍ਹੀ ਜਦੋਂ ਕਿ ਮੈਂ ਪੜ੍ਹ ਰਿਹਾ ਸੀ?" ਤਾਂ ਗੁਰੂ ਨਾਨਕ ਪਾਤਸ਼ਾਹ ਨੇ ਫੇਰ ਕਿਹਾ –

*ਬੋਲੇ ਨਾਨਕ ਬੈਨ ਐਨ ਸੁਖ ਗੁਨ ਦਯਾ।*

*ਕਾਜ਼ੀ ਕਰੀ ਨਿਵਾਜ ਸਦਨ (ਘਰ) ਮੈਂ ਮਨ ਗਯਾ।*
*ਬੜਵਾ (ਘੋੜੀ) ਜਯੋ ਵਛੇਰ,*
*ਗਰਤ (ਟੋਇਆ) ਤਹਿ ਪਾਸ ਹੈ।*
*ਹੋ ਤਹਿ ਮੈ ਨਹਿਂ ਗਿਰ ਪਰੈ, ਬਹੁਤ ਬਿਸਵਾਸ (ਸੰਸਾ) ਹੈ।*
*ਤਿਹ ਕੇ ਸੰਗ ਮਨ ਫਿਰਤਿ, ਨ ਥਿਰ ਇਕ ਛਿਨ ਭਯਾ।*

*ਸ੍ਰੀ. ਗੁ. ਪ੍ਰ. ਸੂਰਜ ਗ੍ਰੰਥ, ਪੰਨਾ - 398*

ਸੋ ਇਸ ਤਰ੍ਹਾਂ ਕਾਜ਼ੀ ਭੀ ਸ਼ਰਮਿੰਦਾ ਹੋਇਆ। ਉਸ ਵੇਲੇ ਨਵਾਬ ਨੇ ਸੱਚ ਦੀ ਕਦਰ ਕਰਦੇ ਹੋਏ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਸਿਜਦਾ ਕੀਤਾ ਅਤੇ ਬੇਨਤੀ ਕੀਤੀ, "ਹੇ ਨਾਨਕ! ਤੂੰ ਸਮੂਹ ਪੀਰਾਂ ਦਾ ਪੀਰ ਹੈਂ, ਮੇਰੀ ਪੀੜਾ ਭੀ ਦੂਰ ਕਰ, ਮੈਂ ਤੈਨੂੰ ਪਛਾਣਿਆ ਨਹੀਂ ਕਿ ਤੂੰ ਐਡੀ ਵੱਡੀ ਪਦਵੀ ਦਾ ਮਾਲਿਕ ਹੈਂ" -

*ਤੁਮ ਖੁਦਾਇ ਕੋ ਰੂਪ ਹੋ, ਅੰਤਰਜਾਮੀ ਸਰਬ।*
*ਮੈਂ ਅਤਿ ਮੂਢ ਨ ਲਖਿ ਸਕਯੋ ਨਿਜ ਐਸੁਰਜਹਿਂ ਗਰਬ।।*

*ਸ੍ਰੀ ਗੁ. ਪ੍ਰ. ਸੂਰਜ. ਗ੍ਰੰਥ, ਪੰਨਾ - 398*

ਬੇਨਤੀ ਕੀਤੀ ਹੇ ਨਾਨਕ! ਇਹ ਚੰਚਲ ਮਨ ਕਿਸ ਤਰ੍ਹਾਂ ਦੇ ਨਾਲ ਕਾਬੂ ਹੋ ਸਕਦਾ ਹੈ? ਉਸ ਵੇਲੇ ਗੁਰੂ ਨਾਨਕ ਮਹਾਰਾਜ ਜੀ ਨੇ ਫੁਰਮਾਨ ਕੀਤਾ -

*ਸੁਨੋ ਖਾਨ! ਦੈ ਕਾਨ, ਪ੍ਰਬਲ ਮਨ ਲੋਲ (ਚੰਚਲ) ਹੈ।*
*ਯਾਂ ਕੋ ਰੋਕਨ ਕਠਨ, ਰੁਕੈ ਤ ਅਮੋਲ ਹੈ।।*

*ਸ੍ਰੀ ਗੁ. ਪ੍ਰ. ਸੂਰਜ ਗ੍ਰੰਥ, ਪੰਨਾ - 398*

ਕਹਿਣ ਲੱਗੇ, "ਨਵਾਬ ਸਾਹਿਬ! ਪਾਰਾ ਉਂਗਲੀ ਹੇਠਾਂ ਕਿਸੇ ਤਰੀਕੇ ਨਾਲ ਨਹੀਂ ਦੱਬਿਆ ਜਾ ਸਕਦਾ ਪਰ ਦਵਾਈ ਵਿਚ ਰਲਾ ਕੇ ਪਾਰਾ ਮਾਰਿਆ ਜਾਂਦਾ ਹੈ, ਫੇਰ ਪਾਰਾ ਟਿਕ ਜਾਂਦਾ ਹੈ। ਇਸੇ ਤਰ੍ਹਾਂ ਨਾਲ ਚੰਚਲ ਘੋੜਾ ਆਪਣੇ ਸਵਾਰ ਨੂੰ ਤੰਗ ਕਰਦਾ ਹੈ ਪਰ ਸੂਝਵਾਨ ਸਵਾਰ ਉਸ ਦੇ ਮੂੰਹ ਵਿਚ ਕੜਿਆਲ ਪਾ ਕੇ ਉਸਨੂੰ ਅਪਣੀ ਇੱਛਾ ਦੇ ਅਨੁਸਾਰ ਚਲਾ ਲਿਆ ਕਰਦਾ ਹੈ। ਇਸੇ ਤਰ੍ਹਾਂ ਮਨ ਨੂੰ ਸਿਧ ਕਰਨਾ ਹੁੰਦਾ ਹੈ।" ਫੁਰਮਾਨ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ।।*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ।।*
*ਇਹੁ ਮਨੁ ਸਕਤੀ ਇਹੁ ਮਨੁ ਸੀਉ।।*
*ਇਹੁ ਮਨੁ ਪੰਚ ਤਤ ਕੋ ਜੀਉ।।*
*ਇਹੁ ਮਨੁ ਲੇ ਜਉ ਉਨਮਨਿ ਰਹੈ।।*
*ਤਉ ਤੀਨਿ ਲੋਕ ਕੀ ਬਾਤੈ ਕਹੈ।। ਪੰਨਾ - 342*

ਇਸ ਉਤੇ ਇਕ ਵਾਰਤਾ ਇਸ ਪ੍ਰਕਾਰ ਹੈ। ਸਤਿਜੁਗ ਵਿਖੇ ਪਾਰਸ ਨਾਥ ਨਾਮੀ ਇਕ ਬਹੁਤ ਹੀ ਪ੍ਰਤਾਪੀ ਰਾਜਾ ਹੋਇਆ ਹੈ, ਜਿਸਨੇ ਦੁਨੀਆਂ ਦੇ ਸਾਰੇ ਰਾਜੇ ਜਿੱਤ ਕੇ ਆਪਣੀ ਜੇਲ੍ਹ ਵਿਚ ਕੈਦ ਕਰ ਦਿਤੇ ਸਨ ਤੇ ਆਪਣੇ ਵਜ਼ੀਰ ਨੂੰ ਕਹਿਣ ਲੱਗਿਆ ਕਿ ਮੈਂ ਇਕ ਲੱਖ ਰਾਜੇ ਕੈਦ ਕਰ ਲਏ ਹਨ ਤੇ ਹੁਣ ਮੈਂ ਰਾਜਮੇਧ ਯੱਗ ਕਰਨਾ ਚਾਹੁੰਦਾ ਹਾਂ। ਤਾਂ ਉਸਦੇ ਸਿਆਣੇ ਵਜ਼ੀਰ ਨੇ ਕਿਹਾ, ਹੇ ਰਾਜਨ! ਅਜੇ ਇਕ ਰਾਜਾ ਐਸਾ ਹੈ ਜਿਸ ਵਲ ਆਪ ਨੇ ਧਿਆਨ ਹੀ ਨਹੀਂ ਦਿਤਾ ਤੇ ਉਸਦੀ ਸੱਤਾ ਐਨੀ ਪ੍ਰਬਲ ਹੈ ਕਿ ਉਸਦੇ ਸਾਹਮਣੇ ਦੇਵਤੇ ਭੀ ਹਾਰ ਜਾਂਦੇ ਹਨ, ਮਨੁੱਖ ਦਾ ਤਾਂ ਕਹਿਣਾ ਹੀ ਕੀ ਹੈ। ਤਾਂ ਪਾਰਸਨਾਥ ਨੇ ਕਿਹਾ ਕਿ ਉਸ ਰਾਜੇ ਬਾਰੇ ਪਹਿਲਾਂ ਕਿਉਂ ਨਹੀਂ ਦੱਸਿਆ? ਹੁਣ ਛੇਤੀ ਦੱਸ, ਉਹ ਕਿਥੇ ਰਹਿੰਦਾ ਹੈ, ਕਿੰਨੀ ਉਸ ਦੀ ਫੌਜ ਹੈ, ਕਿਹੋ ਜਿਹੇ ਉਸਦੇ ਹਥਿਆਰ ਹਨ? ਤਾਂ ਕਿ ਮੈਂ ਉਸਨੂੰ ਛੇਤੀ ਹੀ ਫਤਹਿ ਕਰਾਂ। ਇਹ ਸੁਣ ਕੇ ਵਜ਼ੀਰ ਨੇ ਕਿਹਾ, ਰਾਜਨ! ਉਹ ਰਾਜਾ ਸਭ ਸਰੀਰਾਂ ਦੇ ਅੰਦਰ ਹੀ ਰਾਜ ਕਰ ਰਿਹਾ ਹੈ ਜਿਸ ਦਾ ਨਾਉਂ 'ਮਨ ਰਾਜਾ' ਹੈ। ਉਸ ਦੀਆਂ ਫੌਜਾਂ ਦੇ ਸੂਰਮੇ ਅਜਿੱਤ ਹਨ, ਮਹਾਂਬਲੀ ਹਨ; ਤਪੀਆਂ ਦੇ ਤਪ ਤੋੜ ਦਿੰਦੇ ਹਨ, ਜਪੀਆਂ ਦੇ ਜਪ ਭੰਗ ਕਰ ਦਿੰਦੇ ਹਨ, ਆਸਮਾਨ ਤੇ ਚੜ੍ਹੇ ਹੋਏ ਨੂੰ ਧਰਤੀ ਤੇ ਸੁੱਟ ਦਿੰਦੇ ਹਨ। ਉਸਦੇ ਜਰਨੈਲਾਂ ਦੇ ਨਾਮ ਹਨ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਚੁਗਲੀ, ਬਖੀਲੀ, ਆਸਾ, ਅੰਦੇਸਾ ਆਦਿ। ਜਿੰਨਾਂ ਚਿਰ ਇਸ ਰਾਜੇ ਨੂੰ ਆਪਣੇ ਵੱਸ ਵਿਚ ਨਹੀਂ ਕਰਦੇ, ਓਨੀ ਦੇਰ ਤੱਕ ਆਪ ਦਿਗ-ਵਿਜਈ ਨਹੀਂ ਕਹਿਲਾ ਸਕਦੇ। ਸੋ ਮਹਾਰਾਜ, ਪਹਿਲਾਂ ਉਸ ਰਾਜੇ ਨੂੰ ਫਤਿਹ ਕਰੋ। ਇਹ ਸੁਣ ਕੇ ਪਾਰਸਨਾਥ ਰਾਜੇ ਨੇ ਬਹੁਤ ਹੀ ਜਤਨ ਕੀਤੇ - ਪ੍ਰਾਣਾਯਾਮ ਕੀਤੇ, ਸੁਆਸ ਦੇ ਬਲ ਨਾਲ ਦਸਮ ਦੁਆਰ ਵਿਚ ਸਮਾਧੀ ਲਾਈ ਪਰ ਜਦੋਂ ਸਮਾਧੀ ਤੋਂ ਉਥਾਨ ਹੋਵੇ ਤਾਂ ਮਨ ਫੇਰ ਆਪਣੀ ਚੰਚਲਤਾਈ ਪ੍ਰਗਟ ਕਰ ਦੇਵੇ। ਇਸ ਤਰ੍ਹਾਂ ਕਰਦਾ-ਕਰਦਾ ਹਾਰ ਗਿਆ ਪਰ ਮਨ, ਵਸ ਵਿਚ ਨ ਕਰ ਸਕਿਆ ਤੇ ਅੰਤ ਨੂੰ ਨਮੋਸ਼ ਹੋ ਕੇ ਕੀਤੇ ਵਚਨ ਅਨੁਸਾਰ ਜਿਉਂਦੇ ਅੱਗ ਵਿਚ ਜਲਣਾ ਪਿਆ।

ਨਵਾਬ ਬੇਨਤੀ ਕਰਨ ਲਗਿਆ, "ਹੇ ਨਾਨਕ ਜੀ! ਐਸੀ ਕਿਹੜੀ ਚੀਜ਼ ਹੈ ਜੋ ਮਨ ਨੂੰ ਇਕਾਗਰਤਾ ਦੇ ਘਰ ਵਿਚ ਆਉਣ ਨਹੀਂ ਦਿੰਦੀ? ਮੇਰੇ ਅੰਦਰਲੀ ਲਗਨ ਬਹੁਤ ਹੈ, ਮੈਂ, ਆਪ ਦੇ ਚਰਨਾਂ ਵਿਚ ਅਰਦਾਸਿ ਕਰਦਾ ਹੈ ਕਿ ਮੈਂ ਦੀਨ ਉਪਰ ਤਰਸ ਕਰਕੇ ਆਪਣਾ ਬਣਾ ਲਓ ਅਤੇ ਮਨ ਨੂੰ ਕਾਬੂ ਕਰਨ ਵਿਚ ਆ ਰਹੀਆਂ ਰੁਕਾਵਟਾਂ ਬਾਰੇ ਦੱਸਣ ਦੀ ਕਿਰਪਾ ਕਰੋ?" ਤਾਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਕਿ ਚੰਚਲਤਾਈ ਇਸ ਮਨ ਦਾ ਸੁਭਾਉ ਹੈ -

*ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ।।*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ।।*

*ਪੰਨਾ - 876*

ਅਤੇ

*ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ।।*
*ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ।।*

*ਪੰਨਾ - 31*

ਕਹਿਣ ਲੱਗੇ, "ਨਵਾਬ ਜੀ! ਸੰਸਾਰ ਪੜ੍ਹਦਾ ਹੀ ਪੜ੍ਹਦਾ ਹੈ, ਅਮਲ ਨਹੀਂ ਕਰਦਾ। ਚਿੱਤ ਵਿਚ ਅਨੇਕਾਂ-ਅਨੇਕਾਂ ਵਾਸ਼ਨਾਵਾਂ ਹੋਣ ਕਰਕੇ ਨ ਜਾਗਦੇ, ਨ ਸੌਂਦੇ, ਮਨ ਟਿਕਦਾ ਹੀ ਨਹੀਂ।

ਵਾਸ਼ਨਾ ਕੀ ਹੈ? ਇਸ ਬਾਰੇ ਵਸ਼ਿਸ਼ਟ ਜੀ ਦਸਦੇ ਹਨ, 'ਹੇ ਰਾਮ! ਅੱਗੇ ਪਿਛੇ ਦਾ ਵੀਚਾਰ ਨ ਕਰਕੇ ਦ੍ਰਿੜ੍ਹ ਭਾਵਨਾ ਨਾਲ ਜਿਸ ਮਨੋਰਥ ਦਾ ਕਿਆਸ ਕਰਨਾ, ਉਸ ਵਿਚ ਹੰਗਤਾ ਤੇ ਮਮਤਾ ਕਰਨੀ, ਇਸਦਾ ਨਾਉਂ ਵਾਸ਼ਨਾ ਹੈ। ਇਸ ਵਾਸ਼ਨਾ ਦੇ ਵਿਘਨ ਕਰਕੇ ਆਪਣੇ ਆਤਮ ਸਰੂਪ ਨੂੰ ਭੁੱਲ ਜਾਂਦਾ ਹੈ।

ਜਿਸ ਤਰ੍ਹਾਂ ਇਕ ਸਾਖੀ ਹੈ - ਕੋਈ ਰਾਜਾ ਦੂਸਰੇ ਰਾਜੇ ਦੇ ਸੱਦੇ ਤੇ ਸ਼ਾਮ ਦੇ ਭੋਜਨ ਤੇ ਗਿਆ। ਉਥੇ ਭੋਜਨ ਦੌਰਾਨ ਤੇਜ਼ ਨਸ਼ੇ ਵਾਲੀ ਜ਼ਿਆਦਾ ਸ਼ਰਾਬ ਪੀ ਕੇ ਆਪਣੀ ਹੋਸ਼ ਗਵਾ ਲਈ ਤੇ ਇਸ ਨਸ਼ੇ ਅਧੀਨ ਜਦੋਂ ਅਰਲ-ਬਰਲ ਮੂੰਹੋਂ ਨਿਕਲਦਾ ਸੁਣਿਆ ਤਾਂ

ਸਿਆਣੇ ਵਜ਼ੀਰ ਨੇ ਵੀਚਾਰ ਕਰਕੇ ਰਾਜੇ ਨੂੰ ਆਪਣੇ ਮਹਿਲ ਵਿਚ ਵਾਪਸ ਲੈ ਆਂਦਾ। ਰਾਜਾ ਜਦੋਂ ਆਪਣੇ ਮਹਿਲ ਵਿਚ ਪ੍ਰਵੇਸ਼ ਕਰਨ ਲਗਿਆ ਤਾਂ ਮਹਿਲ ਦੇ ਅੱਗੇ ਸਿਕਿਉਰਟੀ ਗਾਰਡ ਦੇ ਸਿਪਾਹੀ ਟਹਿਲ ਕੇ ਆਪਣੀ ਡਿਊਟੀ ਦੇ ਰਹੇ ਸਨ। ਰਾਜੇ ਨੇ ਸਿਪਾਹੀ ਨੂੰ ਪੁਛਿਆ ਕਿ ਤੂੰ ਕੀ ਕਰ ਰਿਹਾ ਹੈਂ? ਤਾਂ ਸਿਪਾਹੀ ਨੇ ਉਤਰ ਦਿਤਾ, ਜੀ, ਮੈਂ ਰਾਜੇ ਦੀ ਰਾਖੀ ਵਾਸਤੇ ਮਹਿਲ ਦੇ ਦੁਆਲੇ ਪਹਿਰਾ ਦੇ ਰਿਹਾ ਹਾਂ। ਤਾਂ ਰਾਜੇ ਨੇ ਸੁਣ ਕੇ ਕਿਹਾ, ਮੈਂ ਭੀ ਸਿਪਾਹੀ ਹਾਂ, ਹੁਣ ਮੈਂ ਪਹਿਰਾ ਦੇਵਾਂਗਾ, ਤੂੰ ਅਰਾਮ ਕਰ, ਤੇ ਵਰਦੀ ਮੰਗੀ।

ਵਜ਼ੀਰ ਨੇ ਰਾਜੇ ਦੀ ਹਾਲਤ ਦੇਖ ਕੇ ਇਕ ਵਰਦੀ ਮੰਗਵਾ ਕੇ ਉਸਨੂੰ ਪਹਿਨਾ ਦਿਤੀ ਤੇ ਰਾਜਾ ਵੀਟ ਉਪਰ ਪਹਿਰਾ ਦੇਣ ਲਗਿਆ। ਕੁਝ ਸਮੇਂ ਬਾਅਦ ਜਦੋਂ ਉਸਦੀ ਹੋਸ਼ ਪਰਤੀ ਤਾਂ ਆਪਣੇ ਆਪ ਵਲ ਦੇਖਣ ਲਗ ਗਿਆ, ਰਾਈਫਲ ਰੱਖ ਦਿਤੀ ਤੇ ਐਧਰ ਉਧਰ ਦੇਖਿਆ ਤਾਂ ਉਸ ਸਮੇਂ ਵਜ਼ੀਰ ਨੇ ਆ ਕੇ ਬੇਨਤੀ ਕੀਤੀ ਕਿ ਹਜ਼ੂਰ, ਆਪ ਬਹੁਤ ਤੇਜ਼ ਨਸ਼ੇ ਦੇ ਅਧੀਨ ਹੋਣ ਕਰਕੇ ਖੁਦ ਹੀ ਸਿਪਾਹੀ ਦੀ ਵਰਦੀ ਪਹਿਨ ਕੇ ਪਹਿਰਾ ਦੇਣ ਲਗ ਗਏ ਸੀ। ਤਾਂ ਉਸੀ ਸਮੇਂ ਰਾਜੇ ਨੂੰ ਮਹਿਲ ਵਿਚ ਲੈ ਜਾ ਕੇ ਰਾਜਸੀ ਬਸਤ੍ਰ ਪਹਿਨਾ ਦਿਤੇ। ਉਸ ਸਮੇਂ ਰਾਜੇ ਨੇ ਵਜ਼ੀਰ ਨੂੰ ਪੁਛਿਆ, "ਮੈਂ ਐਨਾ ਕਿਉਂ ਭੁੱਲ ਗਿਆ ਸੀ?" ਤਾਂ ਵਜ਼ੀਰ ਨੇ ਬੇਨਤੀ ਕਰੀ, "ਮਹਾਰਾਜ! ਆਪ ਨਸ਼ੇ ਦੇ ਅਧੀਨ ਹੋ ਕੇ ਭੁੱਲ ਗਏ ਸੀ - ਆਪਣੀ ਹਸਤੀ ਨੂੰ।" ਰਾਜੇ ਨੇ ਕਿਹਾ ਕਿ ਕੀ ਕੋਈ ਹੋਰ ਭੀ ਇਸ ਤਰ੍ਹਾਂ ਭੁੱਲ ਜਾਂਦੈ? ਵਜ਼ੀਰ ਨੇ ਕਿਹਾ, "ਰਾਜਨ! ਇਕ ਦੋ ਦੀ ਤਾਂ ਕੀ ਗੱਲ ਹੈ, ਸਾਰੇ ਸੰਸਾਰ ਨੇ ਹੀ ਮਾਇਆ ਦਾ ਨਸ਼ਾ ਪੀਤਾ ਹੋਇਆ ਹੈ ਤੇ ਆਪਣੇ ਆਪ ਨੂੰ ਭੁੱਲ ਗਿਆ ਤੇ ਭੁੱਲ ਕੇ ਆਪਣੇ ਆਪ ਨੂੰ 'ਜੀਵ ਆਤਮਾ' ਮੰਨਣ ਲਗ ਗਿਆ ਤੇ ਫੇਰ ਇਸ ਤੋਂ ਵੀ ਨੀਵਾਂ ਜਾ ਕੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨਣ ਲਗ ਗਿਆ ਹੈ।"

ਸੋ ਵਸ਼ਿਸ਼ਟ ਜੀ ਕਹਿਣ ਲਗੇ, "ਹੇ ਰਾਮ! ਪਹਾੜਾਂ ਨੂੰ ਆਪਣੀ ਥਾਂ ਤੋਂ ਚੁੱਕ ਕੇ ਸਮੁੰਦਰ ਵਿਚ ਰੱਖ ਦੇਣਾ, ਦਰਿਆਵਾਂ ਦੇ ਪਰਵਾਹ ਬੰਦ ਕਰ ਦੇਣੇ, ਅਗਨਿ ਨੂੰ ਸੀਤਲ ਕਰ ਦੇਣਾ ਅਤੇ ਹੋਰ ਇਸ ਤਰ੍ਹਾਂ ਦੀਆਂ ਅਨੇਕਾਂ ਕ੍ਰਿਆਵਾਂ ਸਹਜੇ ਹੀ ਕੀਤੀਆਂ ਜਾ ਸਕਦੀਆਂ ਹਨ ਪਰ ਮਨ ਦੇ ਵੇਗ ਨੂੰ ਰੋਕਣ ਵਾਲਾ ਸੂਰਮਾ ਸੰਸਾਰ ਵਿਚ ਕੋਈ ਵਿਰਲਾ ਹੀ ਹੁੰਦਾ ਹੈ। ਕਿਉਂਕਿ ਅਨੇਕ ਕਿਸਮ ਦੀਆਂ ਵਾਸ਼ਨਾਵਾਂ ਮਨ ਵਿਚ ਹੋਣ ਕਰਕੇ ਇਸਨੂੰ ਸਾਰੇ ਪਸਰਿਆ ਹੋਇਆ ਬ੍ਰਹਮ ਦ੍ਰਿਸ਼ਟੀ ਆਉਣ ਦੀ ਥਾਂ ਜਗਤ ਦਿਖਾਈ ਦਿੰਦਾ ਹੈ। ਕ੍ਰਿਸ਼ਨ ਜੀ ਮਹਾਰਾਜ ਫੁਰਮਾਨ ਕਰਦੇ ਹਨ -

"ਹੇ ਕੁੰਤੀ ਪੁਤਰ ਅਰਜੁਨ! ਮਨੁੱਖ ਆਪਣੇ ਜੀਵਨ ਕਾਲ ਵਿਚ ਜਿਸ ਚੀਜ਼ ਦਾ ਸਿਮਰਨ ਕਰਦਾ ਹੈ, ਅੰਤਕਾਲ ਸਰੀਰ ਦੇ ਛੁਟਣ ਤੇ ਪ੍ਰਬਲ ਵਾਸ਼ਨਾ ਦੇ ਅਧੀਨ ਹੋਇਆ ਹੋਇਆ ਉਸੇ ਭਾਵ ਨੂੰ ਪ੍ਰਾਪਤ ਹੋ ਜਾਂਦਾ ਹੈ ਕਿਉਂਕਿ ਜੀਵਨ ਕਾਲ ਦੀ ਪ੍ਰਬਲ ਵਾਸ਼ਨਾ ਅੰਤਕਾਲ ਵਿਚ ਅਵੱਸ਼ ਹੀ ਪ੍ਰਗਟ ਹੋ ਜਾਇਆ ਕਰਦੀ ਹੈ ਤੇ ਉਸੇ ਅਨੁਸਾਰ ਇਸਨੂੰ ਗਤੀ ਪ੍ਰਾਪਤ ਹੋਇਆ ਕਰਦੀ ਹੈ।" ਇਸੇ ਭਾਵ ਦੀ ਦ੍ਰਿੜਤਾ ਹਿਤ ਗੁਰਬਾਣੀ ਦਾ ਉਪਦੇਸ਼ ਹੈ -

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।।*
*ਸਰਪ ਜੋਨਿ ਵਲਿ ਵਲਿ ਅਉਤਰੈ।।*
*ਅੰਤ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।।*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ।।* *ਪੰਨਾ - 526*

ਜੇ ਇਹ ਵਾਸ਼ਨਾਵਾਂ ਰੁਕ ਜਾਣ, ਤੇ ਚਿਤ ਇਕਾਗਰ ਹੋ ਕੇ ਪ੍ਰਭੂ ਪਿਆਰੇ ਦੀ ਮਿੱਠੀ ਯਾਦ ਵਿਚ ਲੀਨ ਹੋ ਜਾਵੇ - ਕੇਵਲ ਛਿਨ ਵਾਸਤੇ, ਤਾਂ ਵੀ ਇਸ ਦੀ ਗਤੀ ਅਤਿ ਉਤਮ ਹੋ ਜਾਇਆ ਕਰਦੀ ਹੈ, ਜਿਸ ਤਰ੍ਹਾਂ ਕਿ ਅਜਾਮਲ ਪਾਪੀ ਸਾਰੀ ਜ਼ਿੰਦਗੀ ਪਾਪ ਕਰਨ ਵਾਲੇ ਨੂੰ ਅੰਤ ਸਮੇਂ ਉਸਦੀਆਂ ਵਾਸ਼ਨਾਵਾਂ ਰੁਕ ਜਾਣ ਕਾਰਨ, ਸੁਰਤਿ ਪ੍ਰਭੂ ਦੇ ਸੱਚੇ ਨਾਮ ਵਿਚ ਪਰੋਈ ਗਈ ਅਤੇ ਉਸਨੂੰ ਉਤਮ ਪਦਵੀ, ਜਿਹੜੀ ਕਿ ਵੱਡੇ-ਵੱਡੇ ਜੋਗੀਸਰਾਂ ਨੂੰ ਵੀ ਪ੍ਰਾਪਤ ਨਾ ਹੋ ਸਕੀ, ਪ੍ਰਾਪਤ ਹੋ ਗਈ। ਇਹ ਵਾਸ਼ਨਾਵਾਂ ਐਨਾ ਪ੍ਰਭਾਵ ਰਖਦੀਆਂ ਹਨ ਕਿ ਜਨਮ ਜਨਮਾਂਤਰਾਂ ਉਪਰੰਤ ਭੀ ਇਨ੍ਹਾਂ ਦੀ ਸਿਮ੍ਰਿਤੀ ਅੰਦਰੋਂ ਨਹੀਂ ਜਾਂਦੀ।

ਇਕ ਵਾਰੀ ਸ੍ਰੀ ਰਾਮ ਚੰਦਰ ਜੀ ਅਧਿਆਤਮਕ ਸਭਾ ਵਿਖੇ ਸੁਸ਼ੋਭਤ ਹੋ ਰਹੇ ਸਨ। ਵਸ਼ਿਸ਼ਟ ਜੀ ਅਧਿਆਤਮਕ ਬਚਨ ਕਰ ਰਹੇ ਸਨ ਅਤੇ ਹੋਰ ਅਨੇਕਾਂ ਸਰੋਤੇ ਚਿਤ ਲਾ ਕੇ ਸਰਵਣ ਕਰ ਰਹੇ ਸਨ ਕਿ ਅਚਾਨਕ ਹੀ ਸ੍ਰੀ ਰਾਮ ਚੰਦਰ ਜੀ ਜ਼ੋਰ ਨਾਲ ਤਾੜੀ ਮਾਰਦੇ ਹੋਏ ਹੱਸ ਪਏ। ਵਸ਼ਿਸ਼ਟ ਜੀ ਨੇ ਬਚਨ ਬੰਦ ਕਰਕੇ ਇਸ ਦਾ ਕਾਰਨ ਪੁੱਛਿਆ, ਤਾਂ ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਇਸ ਕੀੜੇ ਨੂੰ, ਜਿਹੜਾ ਕਿ ਕੰਧ ਉਪਰ ਚੜ੍ਹ ਰਿਹਾ ਹੈ, ਦੇਖ ਕੇ ਹਸਦੇ ਹਾਂ। ਤਾਂ ਵਸ਼ਿਸ਼ਟ ਜੀ ਨੇ ਫੇਰ ਕਿਹਾ, ਇਹ ਕਾਰਨ ਆਪ ਦੇ ਐਨਾ ਜ਼ੋਰ ਨਾਲ ਹੱਸਣ ਦਾ ਤਾਂ ਨਹੀਂ ਹੋ ਸਕਦਾ? ਆਪ ਗੁਪਤ ਭਾਵ ਪ੍ਰਗਟ ਕਰੋ ਤਾਂ ਕਿ ਸਾਰੀ ਸਭਾ ਦਾ ਸੰਸਾ ਨਵਿਰਤ ਹੋ ਸਕੇ। ਤਾਂ ਆਪ ਨੇ ਫੁਰਮਾਇਆ ਕਿ ਗੁਰੂਦੇਵ ਜੀ! ਇਹ ਕੀੜਾ, ਜੋ ਕਿ ਹੁਣ ਤੋਂ ਪਹਿਲਾਂ ਚੌਦਹ ਬਾਰ ਇੰਦਰ ਦੇ ਤਖਤ ਉਪਰ ਬੈਠ ਕੇ ਸਮਾਂ ਪੂਰਾ ਹੋਣ ਤੇ ਮੁੜ ਨਖਿੱਧ ਜੂਨਾਂ ਵਿਚ ਭਟਕ ਰਿਹਾ ਹੈ, ਹੁਣ ਇਸਦੀਆਂ ਦੋ ਲੱਤਾਂ ਵੀ ਟੁੱਟੀਆਂ ਹੋਈਆਂ ਹਨ ਪਰ ਇਸਦੇ ਚਿਤ ਵਿਚ ਅਜੇ ਵੀ ਵਾਸ਼ਨਾ ਹੈ ਕਿ ਕਦੋਂ ਮੈਂ ਚੌਰਾਸੀ ਲੱਖ ਜੂਨਾਂ ਭੋਗਣ ਉਪਰੰਤ ਮਨੁੱਖ ਬਣਾਂ ਅਤੇ ਫੇਰ ਵਿਧੀਪੂਰਵਕ 101 ਯੱਗ ਕਰਕੇ ਇੰਦਰ ਰਾਜੇ ਦੀ ਪਦਵੀ ਪ੍ਰਾਪਤ ਕਰਾਂ। ਸੋ ਮੈਂ ਇਸਦੀ ਮੂਰਖਤਾ ਤੇ ਹਸਿਆ ਹਾਂ ਕਿ ਇਸ ਮੂਰਖ ਨੂੰ ਇਹ ਨਹੀਂ ਪਤਾ ਲਗਿਆ ਕਿ ਇੰਦਰ ਦੀ ਪਦਵੀ ਤੋਂ ਉਪਰ ਇਕ ਅਚੱਲ ਪਦਵੀ ਭੀ ਹੈ ਜਿਥੇ ਪਹੁੰਚ ਕੇ ਮੁੜ ਕੇ ਦੁਖਾਂ ਵਿਚ ਪ੍ਰਵੇਸ਼ ਕਦਾਚਿਤ ਨਹੀਂ ਹੋਇਆ ਕਰਦਾ।

ਸੋ ਗੁਰੂ ਨਾਨਕ ਪਾਤਸ਼ਾਹ ਨੇ ਨਵਾਬ ਨੂੰ ਦੱਸਿਆ ਕਿ ਇਉਂ ਵਾਸ਼ਨਾਵਾਂ ਦੇ ਅਧੀਨ ਹੋਇਆ ਮਨੁੱਖ ਐਨਾ ਲਿਪਤ ਹੋ ਗਿਆ ਕਿ ਇਸਦਾ ਚਿਤ ਇਕ ਛਿਨ ਵਾਸਤੇ ਵੀ ਇਕਾਗਰ ਨਹੀਂ ਹੁੰਦਾ। ਵਾਸ਼ਨਾਵਾਂ ਅਨੇਕ ਪ੍ਰਕਾਰ ਦੀਆਂ ਹਨ ਪਰ ਉਨ੍ਹਾਂ ਵਿਚੋਂ ਮਲੀਨ ਵਾਸ਼ਨਾਵਾਂ ਇਸ ਜੀਵ ਵਿਚ ਹਨ ਜਿਨ੍ਹਾਂ ਕਰਕੇ ਇਹ ਦੁਖੀ ਹੁੰਦਾ ਹੋਇਆ ਜਨਮਾਂ ਜਨਮਾਂਤਰਾਂ ਤੋਂ ਜੂਨੀਆਂ ਵਿਚ, ਹਲਟ ਦੀ ਮਾਹਲ ਵਾਂਗੂੰ ਘੁੰਮ ਰਿਹਾ ਹੈ। ਵੱਡੀਆਂ-ਵੱਡੀਆਂ ਵਾਸ਼ਨਾਵਾਂ ਇਹ ਹਨ-

**1. ਪੁਤਰ ਵਾਸ਼ਨਾ** - ਜਿਸ ਦੇ ਘਰ ਪੁਤਰ ਨ ਹੋਵੇ, ਉਹ ਪੁਤਰ ਦੀ ਪ੍ਰਾਪਤੀ ਵਾਸਤੇ ਥਾਂ-ਥਾਂ ਉਤੇ ਭਟਕਦਾ ਫਿਰਦਾ ਹੈ; ਏਥੋਂ ਤਕ ਕਿ ਧਰਮ ਦੇ ਵਿਰੁੱਧ ਭੀ ਕਰਮ ਕਰਨ ਤੋਂ ਸੰਕੋਚ ਨਹੀਂ ਕਰਦਾ। ਵਿਚਾਰ ਸਾਗਰ ਵਿਚ ਇਉਂ ਜ਼ਿਕਰ ਆਇਆ ਹੈ -

*ਜਾ ਕੋ ਹਿੰਦੂ ਕਬਹੁੰ ਨਹਿ ਮਾਨੇ।।*
*ਪੁਤ੍ਰ ਹੇਤ ਤਹਿ ਇਸ਼ਟ ਪਛਾਨੇ।।*
*ਸਯਦ ਖਵਾਜਾ ਪੀਰ ਫਕੀਰਾ।।*

*ਮਾਨਤ ਜੋਰਤ ਹਾਥ ਅਧੀਰਾ॥*
*ਭੈਰਉ ਭੂਤ ਮਨਾਵਤ ਨਾਨਾ॥*
*ਧਰਤ ਸ਼ਿਵਾਬਲ ਭੂਮੀ ਮਸਾਨਾ॥*
*ਔਰ ਯੰਤ੍ਰ ਤਾਵੀਜ ਘਨੇਰੇ॥*
*ਲਿਖ ਮੜਵਾਵੇ ਪੂਤ ਗਲ ਗੇਰੇ॥ ਵਿਚਾਰ ਸਾਗਰ*

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਪੁਤਰ ਦੀ ਪ੍ਰਾਪਤੀ ਹੋ ਜਾਵੇ ਫੇਰ ਉਸਨੂੰ ਪਾਲਣਾ ਪੋਸ਼ਣਾ, ਤੇ ਜੇਕਰ ਬਿਮਾਰ ਹੋ ਜਾਵੇ ਤਾਂ ਬੇਚੈਨੀ; ਜੇਕਰ ਨਾਲਾਇਕ ਪੁੱਤਰ ਨਿਕਲ ਆਵੇ ਤਾਂ ਚਿੰਤਾ; ਫੇਰ ਉਸਦੀ ਪੜ੍ਹਾਈ ਲਿਖਾਈ ਇਤਿਆਦਿ। ਇਸ ਤਰ੍ਹਾਂ ਇਹ ਵਾਸ਼ਨਾ ਬਹੁਤ ਪ੍ਰਬਲ ਹੈ।

**2. ਧਨ ਵਾਸ਼ਨਾ** - ਧਨ ਦੀ ਕਮਾਈ ਵਾਸਤੇ ਬੰਦਾ ਦੇਸ ਪ੍ਰਦੇਸ ਵਿਖੇ ਜਾਂਦਾ ਹੈ, ਛਲ ਕਪਟ ਕਰਦਾ ਹੈ, ਜੇਬਾਂ ਕੱਟਦਾ ਹੈ, ਰਿਸ਼ਵਤਾਂ ਲੈਂਦਾ ਹੈ ਤੇ ਹੋਰ ਕਈ ਪ੍ਰਕਾਰ ਦੇ ਪ੍ਰਪੰਚ ਕਰਦਾ ਹੈ। ਜਿਵੇਂ ਕਿ ਕਾਰੂੰ ਬਾਦਸ਼ਾਹ ਦਾ ਪ੍ਰਸੰਗ ਹੈ। ਉਸਨੂੰ ਧਨ ਜੋੜਨ ਦੀ ਐਨੀ ਵਾਸ਼ਨਾ ਸੀ ਕਿ ਸਾਰੀ ਜਨਤਾ ਤੋਂ ਧਨ ਇਕੱਠਾ ਕਰਕੇ ਚਾਲੀ ਗੰਜ ਜੋੜ ਰੱਖੇ ਸਨ, ਕਿਸੇ ਪਾਸ ਇਕ ਰੁਪਿਆ ਭੀ ਉਸ ਨੇ ਨਹੀਂ ਸੀ ਰਹਿਣ ਦਿਤਾ।

ਇਕ ਵਾਰੀ ਉਸ ਨੇ ਇਹ ਦੇਖਣ ਵਾਸਤੇ ਕਿ ਕਿਸੇ ਪਾਸ ਕੋਈ ਰੁਪਈਆ ਤਾਂ ਨਹੀਂ ਰਹਿ ਗਿਆ! ਆਪਣੀ ਸ਼ਹਿਜ਼ਾਦੀ ਨੂੰ ਇਕ ਬੱਘੀ ਵਿਚ ਬੈਠਾ ਕੇ ਸਾਰੇ ਸ਼ਹਿਰ ਵਿਚ ਹੋਕਾ ਫਿਰਾਇਆ ਕਿ ਜੋ ਕੋਈ ਇਕ ਰੁਪਿਆ ਦੇਵੇਗਾ, ਉਸ ਦੀ ਸ਼ਾਦੀ ਇਸ ਸ਼ਹਿਜ਼ਾਦੀ ਨਾਲ ਹੋ ਜਾਵੇਗੀ। ਇਹ ਹੋਕਾ ਸੁਣ ਕੇ ਇਕ ਲੜਕਾ ਆਪਣੀ ਮਾਂ ਕੋਲ ਜਾ ਕੇ ਇਕ ਰੁਪਿਆ ਲੈਣ ਵਾਸਤੇ ਜ਼ਿੱਦ ਕਰ ਬੈਠਾ, ਬਥੇਰਾ ਸਮਝਾਉਣ ਤੇ ਵੀ ਨ ਮੰਨਿਆ। ਆਖਿਰ ਮਾਂ ਨੇ ਕਿਹਾ ਕਿ ਤੇਰੇ ਪਿਤਾ ਨੂੰ ਦਫਨਾਉਣ ਸਮੇਂ ਇਕ ਰੁਪਿਆ ਉਸਦੇ ਮੂੰਹ ਵਿਚ ਪਾਇਆ ਗਿਆ ਸੀ, ਜਾਹ ਕਬਰ ਪੁੱਟ ਕੇ ਉਹ ਕੱਢ ਲਿਆ। ਲੜਕੇ ਨੇ ਉਸੇ ਤਰ੍ਹਾਂ ਹੀ ਕੀਤਾ ਅਤੇ ਰੁਪਿਆ ਲਿਆ ਕੇ ਰਾਜੇ ਦੇ ਪਹਿਰੇਦਾਰਾਂ ਨੂੰ ਦਿਤਾ - ਸ਼ਾਦੀ ਕਰਨ ਵਾਸਤੇ। ਤਾਂ ਕਾਰੂੰ ਰਾਜੇ ਦੀ ਪਹਿਲਾਂ ਤੋਂ ਬਣਾਈ ਸਕੀਮ ਦੇ ਅਨੁਸਾਰ ਉਸਨੂੰ ਗ੍ਰਿਫਤਾਰ ਕਰ ਲਿਆ। ਪੁੱਛਣ ਤੇ ਜਦ ਲੜਕੇ ਨੇ ਦੱਸਿਆ ਤਾਂ ਸੁਣ ਕੇ ਰਾਜੇ ਨੇ ਸਾਰੇ ਕਬਰਸਥਾਨ ਪੁੱਟ ਕੇ ਸਾਰੇ ਮੁਰਦਿਆਂ ਦੇ ਮੂੰਹਾਂ ਵਿਚੋਂ ਰੁਪਏ ਕੱਢ ਲੈਣ ਦਾ ਹੁਕਮ ਦੇ ਦਿਤਾ। ਸੋ ਐਸੀ ਪ੍ਰਬਲ ਵਾਸ਼ਨਾ ਹੈ - ਧਨ ਦੀ। ਮਨੁੱਖ ਇਹ ਨਹੀਂ ਜਾਣਦਾ ਕਿ ਇਕ ਦਿਨ ਸੰਸਾਰ ਤੋਂ ਚਲੇ ਜਾਣਾ ਹੈ ਤੇ ਜੋੜੀ ਹੋਈ ਮਾਇਆ ਏਥੇ ਹੀ ਰਹਿ ਜਾਵੇਗੀ। ਇਸ ਤਰ੍ਹਾਂ ਦੀ ਵਾਸ਼ਨਾ ਜੇਕਰ ਨਾਮ ਧਨ ਇਕੱਠਾ ਕਰਨ ਵਿਚ ਹੋਵੇ ਤਾਂ ਉਤਮ ਗਤੀ ਨੂੰ ਪ੍ਰਾਪਤ ਹੋ ਜਾਂਦਾ ਹੈ। ਇਸ ਪ੍ਰਕਾਰ ਧਨ ਵਾਸ਼ਨਾ ਜੇਕਰ ਅੰਤ ਸਮੇਂ ਰਹਿ ਜਾਵੇ ਤਾਂ ਸੱਪ ਦੀ ਜੂਨ ਮਿਲਦੀ ਹੈ।

**3. ਦੇਹ ਵਾਸ਼ਨਾ** - ਦੇਹ ਦੇ ਸ਼ਿੰਗਾਰ ਕਰਨੇ, ਦੇਹ ਨੂੰ ਰਸਾਂ ਕਸਾਂ ਵਿਚ ਪਰਵਿਰਤ ਕਰਨਾ, ਆਪਣੇ ਆਪ ਨੂੰ ਦੇਹ ਮੰਨਣਾਂ ਆਦਿ 'ਦੇਹ ਵਾਸ਼ਨਾ' ਹੋਇਆ ਕਰਦੀ ਹੈ। ਇਸ ਪ੍ਰਤੀ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਭੋਗਾਂ ਨੂੰ ਭੋਗਦੇ-ਭੋਗਦੇ ਕਦੇ ਵੀ ਮਨ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ -

*ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ ਰਾਜੁ ਕਮਾਹਿ॥*
*ਬਿਨੁ ਸਤਗੁਰ ਸੁਖੁ ਨ ਪਾਵਹੀ ਫਿਰਿ ਫਿਰਿ ਜੋਨੀ ਪਾਹਿ॥*
*ਪੰਨਾ - 26*

ਇਸ ਵਾਸ਼ਨਾ ਦੇ ਅਧੀਨ ਮਨੁਖ ਇਸ ਅਮੋਲਕ ਦੇਹ ਤੋਂ ਨਾਮ ਜਪਣ ਦਾ ਕੰਮ ਲੈਣ ਦੀ ਥਾਂ ਭੋਗਾਂ ਵਿਚ ਪ੍ਰਵਿਰਤ ਹੋ ਕੇ, ਆਪਣਾ ਜਨਮ ਗਵਾ ਕੇ ਪਛਤਾਉਂਦਾ ਹੈ।

**4. ਲੋਕ ਵਾਸ਼ਨਾ**- ਸੰਸਾਰ ਦੇ ਅੰਦਰ ਹਰ ਪ੍ਰਾਣੀ ਚਾਹੁੰਦਾ ਹੈ ਕਿ ਉਸ ਦੀ ਪ੍ਰਸ਼ੰਸਾ ਹੀ ਹੋਵੇ ਤੇ ਭੁੱਲ ਕੇ ਵੀ ਕੋਈ ਨਿੰਦਿਆ ਨ ਕਰੇ ਪਰ ਐਸਾ ਹੋਇਆ ਨਹੀਂ ਕਰਦਾ ਕਿ ਸਾਰਾ ਸਮਾਜ ਕਿਸੇ ਨੂੰ ਚੰਗਾ ਹੀ ਕਹੇ ਕਿਉਂਕਿ ਮੰਦਾ ਕਹਿਣ ਵਾਲੇ ਭੀ ਸੰਸਾਰ ਵਿੱਚ ਹੀ ਹੋਇਆ ਕਰਦੇ ਹਨ ਜਿਵੇਂ ਕਿ ਇਸ ਵਾਰਤਾ ਤੋਂ ਸਪਸ਼ਟ ਹੁੰਦਾ ਹੈ।

ਸ੍ਰੀ ਰਾਮ ਚੰਦਰ ਜੀ ਜਦੋਂ ਲੰਕਾ ਦਾ ਯੁੱਧ ਫਤਿਹ ਕਰਕੇ ਸੀਤਾ ਜੀ ਸਮੇਤ ਵਾਪਸ ਆਪਣੀ ਰਾਜਧਾਨੀ ਅਯੁੱਧਿਆ ਪਹੁੰਚੇ ਤਾਂ ਇਕ ਧੋਬੀ ਨੇ ਮਿਹਣਾ ਮਾਰਿਆ ਸੀ ਜੋ ਇਸ ਪ੍ਰਕਾਰ ਹੈ ਕਿ ਇਕ ਦਿਨ ਧੋਬੀ ਦੇ ਘਰ ਵਾਲੀ ਨੂੰ ਖਬਰ ਮਿਲੀ ਕਿ ਉਸ ਦਾ ਪਿਤਾ ਬਹੁਤ ਬਿਮਾਰ ਹੈ। ਉਸ ਵੇਲੇ ਉਸ ਨੇ ਆਪਣੇ ਪਤੀ, ਜਿਹੜਾ ਕਿ ਕਾਫੀ ਦੂਰ ਧੋਬੀ ਘਾਟ ਵਿੱਚ ਸੀ, ਦੀ ਆਗਿਆ ਬਿਨਾਂ ਆਪਣੇ ਪੇਕੇ, ਜੋ ਕਿ ਬਹੁਤ ਹੀ ਨੇੜੇ ਸਨ, ਚਲੀ ਗਈ ਤੇ ਆਪਣੇ ਪਿਤਾ ਜੀ ਦੀ ਖਬਰ ਸਾਰ ਲੈ ਕੇ ਜਲਦੀ ਹੀ ਵਾਪਸ ਆ ਗਈ ਤਾਂ ਧੋਬੀ ਨੇ ਉਸ ਨੂੰ ਘਰ ਵਿੱਚ ਵੜਨ ਤੋਂ ਰੋਕ ਦਿੱਤਾ ਸੀ। ਸ੍ਰੀ ਰਾਮ ਚੰਦਰ ਜੀ ਉਸ ਸਮੇਂ ਬੀਰ ਯਾਤਰਾ ਤੇ ਪਰਜਾ ਦੀ ਹਾਲਤ ਅੱਖੀਂ ਵੇਖਣ ਵਾਸਤੇ ਭ੍ਰਮਣ ਕਰ ਰਹੇ ਸਨ ਤਾਂ ਉਨ੍ਹਾਂ ਨੇ ਝਗੜਾ ਹੁੰਦਾ ਦੇਖਕੇ, ਦਖਲ ਦਿੰਦਿਆਂ ਕਿਹਾ ਕਿ ਭਾਈ! ਤੂੰ ਕਿਉਂ ਨਹੀਂ ਇਸ ਬੀਬੀ ਨੂੰ ਘਰ ਵਿਚ ਵੜਨ ਦਿੰਦਾ? ਤਾਂ ਧੋਬੀ ਨੇ ਆਪਣੀ ਰੰਜਸ਼ ਦੱਸੀ ਕਿ ਇਹ ਮੇਰੇ ਬਿਨਾਂ ਪੁਛੇ, ਆਪਣੇ ਪੇਕੀਂ ਕਿਉਂ ਗਈ? ਸ੍ਰੀ ਰਾਮ ਚੰਦਰ ਜੀ ਦੇ ਪੁੱਛਣ ਤੇ ਉਸ ਬੀਬੀ ਨੇ ਦੱਸਿਆ ਕਿ ਜੇ ਮੈਂ ਉਸ ਸਮੇਂ ਪੁੱਛਣ ਜਾਂਦੀ ਤਾਂ ਧੋਬੀ ਘਾਟ ਬਹੁਤ ਦੂਰ ਸੀ ਤੇ ਮੇਰੇ ਪੇਕੇ ਸਾਹਮਣੇ ਪਿੰਡ ਵਿਚ ਹੀ ਹਨ, ਮੈਂ ਆਪਣੇ ਪਿਤਾ ਦਾ ਹਾਲ ਪੁੱਛ ਕੇ ਉਸੇ ਸਮੇਂ ਵਾਪਸ ਆ ਗਈ ਹਾਂ। ਇਹ ਸੁਣ ਕੇ ਸ੍ਰੀ ਰਾਮ ਚੰਦਰ ਜੀ ਨੇ ਕਿਹਾ, "ਪੁਰਖਾ! ਇਹ ਤਾਂ ਕੋਈ ਕਸੂਰ ਨਹੀਂ, ਤੂੰ ਇਸ ਨੂੰ ਆਪਣੇ ਘਰ ਵਿਚ ਆਉਣ ਦੀ ਆਗਿਆ ਦੇ ਦੇ।" ਤਾਂ ਧੋਬੀ ਨੇ ਕਿਹਾ,"ਤੂੰ ਮੈਨੂੰ ਰਾਮ ਚੰਦਰ ਹੀ ਸਮਝਦਾ ਹੈਂ ਜਿਸ ਨੇ ਨੌਂ ਮਹੀਨਿਆਂ ਬਾਅਦ ਵੀ ਸੀਤਾ ਆਪਣੇ ਘਰ ਲੈ ਆਂਦੀ" ਸੋ ਸ੍ਰੀ ਰਾਮ ਚੰਦਰ ਜੀ ਨੇ ਲੋਕ ਰਾਏ ਜਾਣ ਕੇ ਸੀਤਾ ਜੀ ਨੂੰ ਬਨਵਾਸ ਦੇ ਦਿਤਾ।

ਫੇਰ ਇਕ ਵਾਰ ਆਪਣੇ ਭਰਾ ਲਛਮਣ ਜੀ ਸਮੇਤ ਜੰਗਲ ਵਿਚ ਪਹੁੰਚੇ ਤਾਂ ਓਥੇ ਪਾਣੀ ਪੀ ਕੇ ਇਕ ਕਿਸਾਨ ਨੂੰ ਦੇਖਿਆ ਜਿਸ ਨੇ ਕਿ ਲੋਹੇ ਦਾ ਟੋਪ ਆਪਣੇ ਸਿਰ ਤੇ ਲਿਆ ਹੋਇਆ ਸੀ ਤੇ ਗਲ ਵਿਚ ਵੀ ਲੋਹੇ ਦੀ ਜਾਲੀ ਪਹਿਨੀ ਹੋਈ ਸੀ ਤੇ ਪੈਰਾਂ ਵਿਚ ਚਮੜੇ ਦੇ ਫੁਟਲਸ ਪਾਏ ਸਨ ਤੇ ਇਸੇ ਤਰ੍ਹਾਂ ਆਪਣੇ ਬੈਲਾਂ ਉਪਰ ਜਾਲੀਦਾਰ ਝੁੱਲ ਪਾਏ ਹੋਏ ਸਨ। ਤਾਂ ਸ੍ਰੀ ਰਾਮ ਜੀ ਨੇ ਪੁਛਿਆ ਕਿ ਭਾਈ! ਤੂੰ ਇਸ ਤਰ੍ਹਾਂ ਦੀ ਵਰਦੀ ਕਿਉਂ ਪਾਈ ਹੋਈ ਹੈ? ਤਾਂ ਉਸਨੇ ਦੱਸਿਆ, "ਮਹਾਰਾਜ! ਇਸ ਇਲਾਕੇ ਵਿਚ ਇਕ ਪੰਛੀ ਬਹੁਤ ਹੀ ਤਿੱਖੀ ਚੁੰਝ ਵਾਲਾ ਰਹਿੰਦਾ ਹੈ। ਜੇਕਰ ਉਹ ਝਪਟ ਮਾਰੇ ਤਾਂ ਮਾਸ ਕੱਢ ਕੇ ਲੈ ਜਾਂਦਾ ਹੈ। ਇਸੇ ਕਰਕੇ ਮੈਂ ਵੀ ਜਾਲੀ ਪਾਈ ਹੋਈ ਹੈ ਅਤੇ ਬੈਲਾਂ ਉਪਰ ਵੀ ਜਾਲੀ ਦੇ ਝੁੱਲ ਪਾਏ ਹਨ ਤੇ ਪੈਰਾਂ ਵਿਚ ਫੁਟਲਸ ਇਸ ਕਰਕੇ ਪਾਏ ਹਨ ਕਿ ਏਥੇ ਐਸਾ ਬਿੱਛੂ ਹੈ, ਜੇ ਡੰਗ ਮਾਰ ਦੇਵੇ ਤਾਂ ਬੰਦਾ ਮਰ ਜਾਂਦਾ ਹੈ।" ਇਹ ਸੁਣ ਕੇ ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ ਕਿ ਪੁਰਖਾ! ਤੂੰ ਇਹ ਥਾਂ ਛੱਡ ਕੇ ਹੋਰ ਥਾਂ ਭੂਮੀ ਲੈ ਲੈ, ਅਸੀਂ

ਤੇਰੀ ਸਹਾਇਤਾ ਕਰ ਦੇਵਾਂਗੇ ਤੇ ਤੂੰ ਸੁਖ ਨਾਲ ਜੀਵਨ ਬਤੀਤ ਕਰ ਲਵੇਂਗਾ। ਤਾਂ ਉਹ ਕਿਸਾਨ ਨਰਾਜ਼ ਹੋ ਗਿਆ, ਕਹਿਣ ਲੱਗਿਆ, "ਮਹਾਰਾਜ! ਤੁਸੀਂ ਮੈਨੂੰ ਰਾਮ ਚੰਦਰ ਹੀ ਸਮਝ ਲਿਆ। ਕੋਈ ਬੰਦਾ ਆਪਣੀ ਭੂਮੀ ਅਤੇ ਆਪਣੀ ਇਸਤ੍ਰੀ ਦਾ ਤਿਆਗ ਨਹੀਂ ਕਰਿਆ ਕਰਦਾ। ਇਸ ਲਈ ਮੈਂ ਆਪ ਦੇ ਕਹੇ ਅਨੁਸਾਰ ਇਹ ਨਹੀਂ ਕਰ ਸਕਦਾ।" ਇਹ ਸੁਣ ਕੇ ਸ੍ਰੀ ਰਾਮ ਜੀ ਆਪਣੇ ਭਰਾ ਲਛਮਣ ਜੀ ਨੂੰ ਕਹਿਣ ਲੱਗੇ, "ਹੁਣ ਦੱਸ? ਇਕ ਪਾਸੇ ਉਹ ਲੋਕ ਹਨ ਜੋ ਸੀਤਾ ਦੇ ਤਿਆਗ ਨੂੰ ਚੰਗਾ ਸਮਝਦੇ ਹਨ ਅਤੇ ਦੂਜੇ ਪਾਸੇ ਉਹ ਹਨ ਜੋ ਇਸ ਤਿਆਗ ਨੂੰ ਬਹੁਤ ਬੁਰਾ ਮੰਨ ਰਹੇ ਹਨ।"

ਸੋ ਇਸ ਤਰ੍ਹਾਂ ਲੋਕ ਵਾਸ਼ਨਾ ਨੂੰ ਮਹਾਂਪੁਰਸ਼ ਤਿਆਗ ਦਿੰਦੇ ਹਨ। ਨ ਹੀ ਨਿੰਦਿਆ ਤੋਂ ਡਰਦੇ ਹਨ ਅਤੇ ਨ ਹੀ ਉਸਤਤਿ ਦੀ ਲੋਚਾ ਰਖਦੇ ਹਨ। ਇਸ ਪਰਥਾਇ ਸਾਖੀ ਹੈ ਕਿ ਭਗਤ ਨਾਮਦੇਵ ਜੀ ਪਾਸ ਇਕ ਸੇਠ ਨੇ ਆਪਣਾ ਬੱਚਾ ਪੜ੍ਹਨ ਭੇਜਿਆ। ਸ਼ਾਮ ਨੂੰ ਬੱਚੇ ਦੇ ਘਰ ਜਾਣ ਤੋਂ ਪਹਿਲਾਂ ਨਾਮਦੇਵ ਜੀ ਨੇ ਬੱਚੇ ਦੇ ਪਾਏ ਹੋਏ ਗਹਿਣੇ ਉਤਾਰ ਕੇ ਰੱਖ ਲਏ। ਜਦੋਂ ਬੱਚਾ ਘਰ ਗਿਆ ਤਾਂ ਗਹਿਣੇ ਨ ਦੇਖ ਕੇ ਸੇਠ ਦੀ ਸੇਠਾਣੀ ਨੇ ਇਕ ਦਮ ਸ਼ੱਕ ਕੀਤੀ ਕਿ ਨਾਮਦੇਵ ਜੀ ਨੇ ਗਹਿਣੇ ਉਤਾਰ ਲਏ। ਉਸਨੇ ਪੜੋਸਣ ਪਾਸ ਜਾ ਗੱਲ ਕੀਤੀ, ਉਸ ਨੇ ਅੱਗੇ ਕਰ ਦਿਤੀ ਤੇ ਫੇਰ ਹੋਰ ਅੱਗੇ। ਇਸ ਤਰ੍ਹਾਂ ਸਾਰੇ ਸ਼ਹਿਰ ਵਿਚ ਨਾਮਦੇਵ ਜੀ ਦੀ ਨਿੰਦਿਆ ਹੋਣ ਲਗੀ।

ਦੂਸਰੇ ਦਿਨ ਜਦੋਂ ਬੱਚੇ ਨੂੰ ਲੈ ਕੇ ਸੇਠ ਜੀ ਗਏ ਤਾਂ ਨਾਮਦੇਵ ਜੀ ਨੇ ਪਹਿਲਾਂ ਹੀ ਕਹਿ ਦਿਤਾ ਕਿ ਸੇਠ ਜੀ! ਗਹਿਣੇ ਪਹਿਨਾ ਕੇ ਬੱਚੇ ਨੂੰ ਪੜ੍ਹਨ ਨਹੀਂ ਭੇਜੀਦਾ; ਐਵੇਂ ਕੋਈ ਬੰਦਾ ਗਹਿਣਿਆਂ ਦੇ ਲਾਲਚ ਵਿਚ ਬੱਚੇ ਨੂੰ ਮਾਰ ਦੇਵੇ, ਇਹ ਲਓ ਆਪਣੇ ਗਹਿਣਿਆਂ ਦੀ ਪੋਟਲੀ। ਸੇਠ ਘਰ ਆ ਕੇ ਘਰ ਵਾਲੀ ਨੂੰ ਕਹਿਣ ਲੱਗਿਆ ਕਿ ਉਸ ਨੇ ਤਾਂ ਬੱਚੇ ਦੀ ਜਾਨ ਬਚਾਉਣ ਖਾਤਰ ਗਹਿਣੇ ਉਤਾਰ ਕੇ ਰੱਖ ਲਏ ਸਨ ਤੇ ਗਹਿਣਿਆਂ ਦੀ ਪੋਟਲੀ ਸੇਠਾਣੀ ਨੂੰ ਸੰਭਾਲ ਦਿਤੀ। ਇਹ ਗੱਲ ਸੇਠਾਣੀ ਨੇ ਪੜੋਸਣ ਨੂੰ ਜਾ ਦੱਸੀ ਤੇ ਉਸ ਨੇ ਅੱਗੇ। ਇਸ ਤਰ੍ਹਾਂ ਸਾਰੇ ਸ਼ਹਿਰ ਵਿਚ ਨਾਮਦੇਵ ਜੀ ਦੀ ਉਸਤਤ ਹੋਣ ਲਗੀ। ਇਹ ਸੁਣਕੇ ਕਿਸੇ ਨੇ ਨਾਮਦੇਵ ਜੀ ਨੂੰ ਪੁਛਿਆ ਕਿ ਕੀ ਗੱਲ ਹੈ, ਕਲ੍ਹ ਤਾਂ ਆਪ ਦੀ ਬਹੁਤ ਨਿੰਦਿਆ ਹੋ ਰਹੀ ਸੀ ਪਰ ਅੱਜ ਬੜੀ ਉਸਤਤਿ ਹੋ ਰਹੀ ਹੈ? ਤਾਂ ਨਾਮਦੇਵ ਜੀ ਉਸ ਸਮੇਂ ਸੁਆਹ ਦੀ ਢੇਰੀ ਪਾਸ ਬੈਠੇ ਸਨ ਤਾਂ ਉਨ੍ਹਾਂ ਨੇ ਇਕ ਮੁੱਠੀ ਸੱਜੇ ਪਾਸੇ ਸੁੱਟੀ ਤੇ ਆਖਿਆ ਇਹ ਉਸਤਤਿ ਕਰਨ ਵਾਲਿਆਂ ਦੇ ਸਿਰ ਵਿਚ ਤੇ ਦੂਸਰੀ ਮੁੱਠੀ ਦੂਜੇ ਪਾਸੇ ਸੁਟਦਿਆਂ ਕਹਿਣ ਲਗੇ ਕਿ ਇਹ ਨਿੰਦਿਆ ਕਰਨ ਵਾਲਿਆਂ ਦੇ ਸਿਰ ਵਿਚ; ਸਾਨੂੰ ਨ ਨਿੰਦਿਆ ਕਰਨ ਵਾਲੇ ਨਾਲ ਦਵੈਸ਼ ਹੈ ਅਤੇ ਨ ਉਸਤਤਿ ਕਰਨ ਵਾਲੇ ਨਾਲ ਰਾਗ ਹੈ। ਸੋ ਲੋਕ ਵਾਸ਼ਨਾ ਤੋਂ ਭੀ ਉਪਰ ਉਠਣਾ ਜਗਿਆਸੂ ਲਈ ਅਵੱਸ਼ਕ ਹੈ।

**5. ਸ਼ਾਸ਼ਤਰ ਵਾਸ਼ਨਾ** – ਸ਼ਾਸ਼ਤਰਾਂ ਦਾ ਬਹੁਤ ਅਧਿਐਨ ਕਰਨਾ ਅਤੇ ਰਸੀਲੇ ਗਲੇ ਨਾਲ ਕੀਰਤਨ ਕਰਨ ਦੀ ਲਾਲਸਾ ਹੋਣੀ।

ਭਾਰਦਵਾਜ ਨਾਮੀ ਇਕ ਗਾਇਕ ਹੋਏ ਹਨ। ਉਨ੍ਹਾਂ ਨੂੰ ਆਪਣੀ ਰਸੀਲੇ ਗਲੇ ਨਾਲ ਹਰ ਸਮੇਂ ਗਾਉਂਦੇ ਰਹਿਣ ਦੀ ਵਾਸ਼ਨਾ ਰਹਿੰਦੀ ਸੀ। ਤਾਂ ਕਿਸੇ ਮਹਾਂਪੁਰਸ਼ ਨੇ ਇਸ ਵਾਸ਼ਨਾ ਵਿਚੋਂ ਉਨ੍ਹਾਂ ਨੂੰ ਕੱਢਿਆ ਤੇ ਕਿਹਾ ਕਿ ਨਿਰਾ ਪਾਠ ਕਰਨ ਨਾਲ, ਗਾਇਨ ਕਰਨ ਨਾਲ ਗੱਲ ਨਹੀਂ ਬਣਦੀ, ਤੁਹਾਨੂੰ ਤੱਤ ਜਾਣਨਾ ਚਾਹੀਦਾ ਹੈ। ਇਸੇ ਤਰ੍ਹਾਂ ਅਧਿਐਨ ਵਾਸ਼ਨਾ ਹੁੰਦੀ ਹੈ। ਨਾਰਦ ਤੇ ਦਰਵਾਸਾ ਜੀ ਸਨ। ਉਹ ਹਰ ਵਕਤ ਗ੍ਰੰਥ ਪੜ੍ਹਦੇ ਰਹਿੰਦੇ ਸਨ। ਨਾਰਦ ਜੀ ਨੂੰ ਰਿਸ਼ੀ ਨੇ ਕਿਹਾ ਕਿ ਤੁਸੀਂ ਹਰ ਸਮੇਂ ਪੜ੍ਹਦੇ ਹੀ ਰਹਿੰਦੇ ਹੋ ਇਹ ਤਾਂ ਕੜਛੀ ਵਤ ਹੈ ਜਿਵੇਂ ਕੜਛੀ ਸਾਰਾ ਦਿਨ ਭੋਜਨਾਂ ਵਿਚ ਫਿਰਦੀ ਰਹਿੰਦੀ ਹੈ ਪਰ ਆਪ ਉਨ੍ਹਾਂ ਪਦਾਰਥਾਂ ਦਾ ਸਵਾਦ ਨਹੀਂ ਚਖਦੀ। ਇਸੇ ਤਰ੍ਹਾਂ ਨਾਲ ਕੇਵਲ ਅਧਿਐਨ ਕਰਨ ਵਾਲਾ ਤੱਤ ਤੋਂ ਸੱਖਣਾ ਰਹਿ ਜਾਇਆ ਕਰਦਾ ਹੈ। ਸੋ ਤੁਸੀਂ ਸ਼ਾਸ਼ਤਰਾਂ ਦੇ ਤੱਤ ਨੂੰ ਨਹੀਂ ਜਾਣਿਆ। ਇਸ ਕਰਕੇ ਜੋ ਲੇਖੇ ਵਿਚ ਆਉਣ ਵਾਲੀ ਗੱਲ ਹੈ, ਉਸਨੂੰ ਸਮਝਣ ਦਾ ਯਤਨ ਕਰੋ। ਜਿਵੇਂ ਕਿ ਗੁਰੂ ਮਹਾਰਾਜ ਨੇ ਫੁਰਮਾਇਆ ਹੈ –

*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*

*ਪੰਨਾ - 467*

ਉਨ੍ਹਾਂ ਨੂੰ ਸਮਝ ਕੇ ਤੁਸੀਂ ਬ੍ਰਹਮ ਚਿੰਤਨ ਕਰਿਆ ਕਰੋ ਅਤੇ ਤੱਤ ਨੂੰ ਜਾਣੋ। ਦਰਵਾਸਾ ਰਿਸ਼ੀ ਆਪਣੀਆਂ ਪੁਸਤਕਾਂ ਸਿਰ ਉਤੇ ਚੁੱਕ ਕੇ ਰਖਦਾ ਸੀ। ਨਾਰਦ ਜੀ ਨੇ ਕਿਹਾ – 'ਭਾਰਾਵਾਹੀ ਗਰਧਪ ਆਵਤ।' ਕਹਿਣ ਲੱਗੇ, ਦਰਵਾਸਾ ਜੀ! ਕਿਉਂ ਆਪ ਜੀ ਕਿਤਾਬਾਂ ਚੁਕੀ ਫਿਰਦੇ ਹੋ ਗਧੇ ਵਾਂਗ? ਇਨ੍ਹਾਂ ਵਿਚੋਂ ਤੱਤ ਨੂੰ ਜਾਨਣ ਦਾ ਜਤਨ ਕਰੋ।

ਗੁਰੂ ਮਹਾਰਾਜ ਜੀ ਨੇ ਸੰਸਾਰ ਨੂੰ ਸਮਝਾਉਣ ਵਾਲਾ ਉਪਦੇਸ਼ ਕੀਤਾ ਹੈ ਕਿ –

*ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥*
*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥*

*ਪੰਨਾ - 265*

**6. ਮਲੀਨ ਵਾਸ਼ਨਾ** – ਅਥਵਾ ਅਨਸ਼ਠਾਨ ਵਾਸ਼ਨਾ – ਜੰਤਰਾਂ-ਮੰਤਰਾਂ ਦੇ ਚਲੀਹੇ ਕੱਢਣੇ, ਭੂਤ ਪ੍ਰੇਤ ਵਸ ਕਰਨੇ ਅਤੇ ਇਨ੍ਹਾਂ ਨਾਲ ਲੋਕਾਂ ਨੂੰ ਆਪਣੇ ਵਸ ਵਿਚ ਕਰਨਾ। ਇਹ ਵੀ ਅਨਸ਼ਠਾਨ ਵਾਸ਼ਨਾ ਹੈ। ਇਸ ਪ੍ਰਕਾਰ ਪਰਉਪਕਾਰ ਵਾਸਤੇ ਵੀ ਵਾਸ਼ਨਾ ਹੋਇਆ ਕਰਦੀ ਹੈ। ਇਕ ਤਾਂ ਤੱਤ ਬੇਤੇ ਮਹਾਂਪੁਰਸ਼ਾਂ ਦੇ ਸਹਜ ਸੁਭਾਅ ਉਨ੍ਹਾਂ ਦੇ ਚਲਣ ਵਿਚੋਂ ਉਪਜਿਆ ਕਰਦੀ ਹੈ ਕਿਉਂਕਿ ਉਹ ਐਸਾ ਜੀਵਨ ਜਿਉਂਦੇ ਹੁੰਦੇ ਹਨ ਜਿਸ ਬਾਰੇ ਗੁਰ ਫੁਰਮਾਨ ਹੈ –

*ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥ ਪੰਨਾ - 62*

ਉਹ ਕਿਸੇ ਫੁਰਨੇ ਵਸ ਪਰਉਪਕਾਰ ਨਹੀਂ ਕਰਦੇ। ਉਨ੍ਹਾਂ ਦਾ ਜੀਵਨ ਆਚਾਰ ਹੀ ਗੁਲਾਬ ਦੇ ਫੁੱਲ ਵਾਂਗ ਕੁਦਰਤੀ ਪਰਉਪਕਾਰੀ ਖੁਸ਼ਬੂਦਾਰ ਹੁੰਦਾ ਹੈ ਜਿਸ ਵਿਚੋਂ ਸੁਤੇ ਸਿਧ ਹੀ ਪਰਉਪਕਾਰ ਹੁੰਦਾ ਰਹਿੰਦਾ ਹੈ। ਦੂਸਰੇ ਪਾਸੇ ਪਰਉਪਕਾਰ ਦੀ ਵਾਸ਼ਨਾ ਹੁੰਦੀ ਹੈ। ਵਿਆਸ ਜੀ ਨੂੰ ਪਰਉਪਕਾਰ ਵਸ ਫੁਰਨਾ ਹੋਇਆ ਕਿ ਮੈਂ ਧਰਮ ਗ੍ਰੰਥਾਂ ਦੇ ਸਹੀ ਭਾਵ ਨੂੰ ਦੱਸਣ ਵਾਸਤੇ ਸਮੇਂ-ਸਮੇਂ ਸਿਰ ਸੰਸਾਰ ਤੇ ਆਵਾਂ ਤੇ ਉਸ ਫੁਰਨੇ ਦੇ ਫਲਸਰੂਪ ਹੀ ਉਨ੍ਹਾਂ ਨੂੰ ਇਕ ਕਲਪ ਪ੍ਰਜੰਤ 4, 32, 00, 00, 000 (ਚਾਰ ਅਰਬ 32 ਕਰੋੜ ਸਾਲ) ਪਿਛੋਂ ਬਦੇਹ ਮੁਕਤਿ ਪ੍ਰਾਪਤ ਹੋਵੇਗੀ ਅਤੇ ਉਸ ਵਾਸ਼ਨਾ ਦੇ ਬੰਨ੍ਹੇ ਹੋਏ ਪਰਉਪਕਾਰ ਵਾਸਤੇ ਸੰਸਾਰ ਤੇ ਆਉਂਦੇ ਹੀ ਰਹਿਣਗੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਿਸ਼ਾਹ ਨੇ ਨਵਾਬ ਦੌਲਤ ਖਾਨ ਨੂੰ ਸਮਝਾਇਆ ਕਿ ਨਵਾਬ ਜੀ! ਜਿਸ ਤਰ੍ਹਾਂ ਅੜੀਅਲ

*(ਬਾਕੀ ਪੰਨਾ 26 ਤੇ)*

# ਧਾਵਤ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰ ਪਾਇਆ॥

*ਸੰਤ ਬਾਬਾ ਧਨਵੰਤ ਸਿੰਘ ਜੀ*

(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 12 )

'ਹਿੰਦੂ ਕਹਾਂ, ਤਾ ਮਾਰੀਏ, ਮੁਸਲਮਾਨ ਭੀ ਨਾਂ।' ਮੈਂ ਮੁਸਲਮਾਨ ਵੀ ਨਹੀਂ, ਹਿੰਦੂ ਵੀ ਨਹੀਂ। ਕਹਿਣ ਲੱਗੇ, ਦੋ ਹੀ ਤਾਂ ਵੱਡੇ ਫਿਰਕੇ ਨੇ, ਹੋਰ ਤੁਸੀਂ ਹੈਈ ਕੁਝ ਨਹੀਂ, ਜਾਂ ਫਿਰ ਝੂਠ ਬੋਲਦੇ ਹੋ; ਜਾਂ ਹਿੰਦੂ ਹੋਵੋਗੇ ਜਾਂ ਮੁਸਲਮਾਨ ਹੋਵੋਗੇ। ਸਾਹਿਬ ਜੀ ਕਹਿਣ ਲੱਗੇ -

*'ਪੰਜ ਤੱਤ ਕਾ ਪੁਤਲਾ, ਨਾਨਕ ਮੇਰਾ ਨਾਂ।'*

ਆਹ ਪੰਜਾਂ ਤੱਤਾਂ ਦਾ ਸਰੀਰ ਬਣਿਐ, ਤੇ ਘਰਦਿਆਂ ਨੇ ਮੇਰਾ ਜੰਮਦਿਆਂ ਨਾਮ ਨਾਨਕ ਰੱਖਿਐ। ਹੁਣ ਤੁਸੀਂ ਇਹਨੂੰ ਮੁਸਲਮਾਨ ਕਹਿ ਲਓ, ਹਿੰਦੂ ਕਹਿ ਲਓ, ਕੁਝ ਵੀ ਕਹਿ ਲਓ। ਹੁਣ ਸਾਧਸੰਗਤ! ਅਸੀਂ ਕਿਹੜੇ ਧਰਮ ਵਿਚ ਪੈ ਗਏ। ਦਿਖਾਈ ਦੇਣ ਨੂੰ ਇਹ ਯਾਤਰਾ ਦੀ ਅਰੰਭਤਾ ਹੈ, ਤੇ ਕੁਝ ਕਹਿਣਾ ਪਏਗਾ - ਸਿੱਖ ਕਹਿ ਲਓ, ਹਿੰਦੂ ਕਹਿ ਲਓ, ਮੁਸਲਮਾਨ ਕਹਿ ਲਓ; ਪਰ ਧਰਮ ਨਾ ਕੋਈ ਸਿੱਖ ਹੈ, ਨਾ ਹਿੰਦੂ ਹੈ ਤੇ ਨਾ ਮੁਸਲਮਾਨ ਹੈ। ਧਰਮ ਮਨੁੱਖ ਦਾ ਨਿੰਜ ਦਾ ਹੈ। ਜਿਥੇ ਧਰਮ ਦੀ ਸੰਪੂਰਨਤਾ ਹੁੰਦੀ ਐ, ਓਥੇ ਉਹ ਤੇ ਆਖ ਰਹੇ ਨੇ - *'ਨਾ ਹਮ ਹਿੰਦੂ ਨਾ ਮੁਸਲਮਾਨ।'*

ਜਿਤਨੀ ਮਨੁੱਖ ਦੀ ਯਾਤਰਾ slow ਹੋਏਗੀ, ਉਤਨੀ ਜ਼ਿਆਦਾ ਗੰਦਗੀ ਦਿਖਾਈ ਦੇਵੇਗੀ, ਉਤਨਾ ਜ਼ਿਆਦਾ ਝਗੜੇਗਾ, ਲੜੇਗਾ; ਇਹ ਗੱਲ ਦਾ ਧਿਆਨ ਰੱਖ ਲੈਣਾ। ਪੈਦਲ ਬੰਦਾ ਜਾ ਰਿਹਾ ਹੋਵੇ ਨਾ - ਜ਼ਿਆਦਾ ਟੋਏ ਦਿਸਦੇ ਨੇ, ਟਿੱਬੇ ਦਿਸਦੇ ਨੇ, ਮੱਖੀਆਂ ਦਿਸਦੀਆਂ ਨੇ, ਮੱਛਰ ਦਿਸਦੈ, ਛੱਪੜ ਦਿਸਦੇ ਨੇ, ਨਾਲੇ ਦਿਖਾਈ ਦਿੰਦੇ ਨੇ; ਸਾਇਕਲ ਤੇ ਬੰਦਾ ਸਵਾਰ ਹੋਵੇ ਤਾਂ ਥੋੜਾ alert (ਸਾਵਧਾਨ) ਹੋ ਕੇ ਚਲਣਾ ਪੈਂਦੈ - ਘਟ ਜਾਂਦੇ ਨੇ ਟੋਏ ਟਿੱਬੇ; ਕੋਈ ਸਕੂਟਰ ਤੇ ਜਾ ਰਿਹੈ - ਹੋਰ ਘਟ ਗਏ; ਕੋਈ ਮੂਰਤੀ ਕਾਰ ਵਿਚ ਰੰਗੀਨ ਸ਼ੀਸ਼ੇ ਲਾ ਕੇ ਬੈਠੈ - ਕੋਈ ਟਿੱਬੇ ਨਹੀਂ, ਕੋਈ ਟੋਏ ਨਹੀਂ, ਕੋਈ ਮੱਛਰ ਨਹੀਂ, ਕੋਈ ਕੁਛ ਨਹੀਂ। ਜਿਨ੍ਹਾਂ ਲੋਕਾਂ ਨੇ ਹਵਾਈ ਜਹਾਜ਼ ਵਿਚ ਯਾਤਰਾ ਕੀਤੀ ਐ, ਦਾਸ ਨੂੰ ਵੀ ਸਮਾਂ ਮਿਲਿਐ, ਹੋਰ ਵੀ ਮਹਾਂਪੁਰਖ ਪਿਛੇ ਬੈਠੇ ਨੇ, ਬਥੇਰਿਆਂ ਨੂੰ ਮਿਲਿਆ ਹੋਏਗਾ, ਕਈ ਵਾਰ। ਆਪਾਂ ਥੱਲੇ ਫਿਰ ਰਹੇ ਹਾਂ - ਕੋਈ ਝੌਂਪੜੀ ਦਿਖਾਈ ਦਿੰਦੀ ਹੈ, ਕੋਈ ਛੱਪੜ ਦਿਖਾਈ ਦਿੰਦੈ; ਕੋਈ ਇਕ ਮੰਜ਼ਲਾ ਮਕਾਨ ਵੀ ਐ, ਕੋਈ ਦਸ ਮੰਜ਼ਲਾ ਮਕਾਨ ਹੈ, ਬੰਬਈ, ਕਲਕੱਤੇ ਵਰਗੇ ਸ਼ਹਿਰਾਂ 'ਚ 50-50 ਮੰਜ਼ਲੇ ਮਕਾਨ ਵੀ ਨੇ; ਵੱਡੇ-ਵੱਡੇ 40-40 ਮੰਜ਼ਲਾਂ, 50-50 ਮੰਜ਼ਲੇ flat ਦਿਖਾਈ ਦਿੰਦੇ ਨੇ; ਪਰ ਸਾਧਸੰਗਤ! ਜਿਹੜੇ ਹਵਾਈ ਜਹਾਜ਼ ਵਿਚ ਬੈਠੇ ਨੇ, ਕਦੀ ਜਹਾਜ਼ ਵਿਚ ਉਪਰ ਜਾ ਕੇ ਤੁਸੀਂ ਦੇਖਿਐ ਕਿ ਥੱਲੇ ਦਿਖਾਈ ਦਿੰਦੈ ਕਿ ਕਿਹੜਾ ਇਕ ਮੰਜ਼ਲ ਐ ਤੇ ਕਿਹੜਾ ਦੱਸ ਮੰਜ਼ਲ ਐ? ਥੱਲੇ ਦਿਖਾਈ ਦਿੰਦੈ ਕਿ ਇਕ ਮੰਜ਼ਲ ਕਿਹੜੀ ਐ, ਦੱਸ ਮੰਜ਼ਲ ਕਿਹੜੀ ਐ, ਛੱਪੜੀ ਕਿਹੜੀ ਐ, ਸਮੁੰਦਰ ਕਿਹੜੈ; ਦਿਖਾਈ ਦਿੰਦੈ? ਸਾਧਸੰਗਤ ਜੇ ਕੋਈ ਰਾਕਟ ਤੇ ਚੜ੍ਹ ਜਾਏ, ਫੇਰ? ਕਿਸੇ ਦੀ ਮੰਦਰ ਦੀ ਦੀਵਾਰ ਢਹਿ ਜਾਏ ਤਾਂ ਹਿੰਦੂ ਧਰਮ ਖਤਰੇ ਵਿਚ, ਕਿਸੇ ਦੀ ਮਸਜਿਦ ਦੀ ਦੀਵਾਰ ਢਹਿ ਜਾਏ ਤਾਂ ਇਸਲਾਮ ਖਤਰੇ 'ਚ, ਕਿਸੇ ਗੁਰਦੁਆਰੇ ਦੀ ਦੀਵਾਰ ਢਹਿ ਜਾਵੇ ਤੇ ਸਿੱਖ ਧਰਮ ਖਤਰੇ 'ਚ? ਇਹ ਤੇ ਤੁਹਾਡੀਆਂ ਲੜਾਈਆਂ ਨੇ, ਝਗੜੇ ਨੇ - ਨਿਪਟਾਓ; ਧਰਮ ਨੂੰ ਕੋਈ ਖਤਰਾ ਨਹੀਂ। ਜਿਹੜੇ ਲੋਕ ਧਰਮੀ ਨੇ, ਉਨ੍ਹਾਂ ਨੂੰ ਕੋਈ ਖਤਰਾ ਨਹੀਂ। ਮੈਂ ਕਈ ਵਾਰ ਬੇਨਤੀ ਕਰਦਾ ਹੁੰਨੈ, ਸਤਿਗੁਰੂ ਸੱਚੇ ਪਾਤਸ਼ਾਹ ਦੀ ਇਕ ਗੱਲ ਮੰਨ ਲਓ। ਸਤਿਗੁਰੂ ਜੀ ਕਹਿੰਦੇ ਨੇ -

*ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥ (ਸਰਬ ਲੋਹ ਗ੍ਰੰਥ)*

ਸਿੱਖ ਜਿਹੜੇ ਗੁਰੂ ਨੂੰ ਮੰਨਦੇ ਨੇਂ, ਕਹਿੰਦੇ ਨੇ - ਅਕਾਲ ਦੇ ਨੇ, ਰੱਬ ਦੇ ਨੇ, ਪਰਮੇਸ਼ਰ ਦੇ ਨੇ। ਅਕਾਲ ਪੁਰਖ ਦੀ ਫੌਜ ਐ; ਤੇ ਸਾਧਸੰਗਤ, ਅਕਾਲ ਨੂੰ ਕੀ ਖਤਰੈ? ਜੇ ਖਤਰੈ, ਫੇਰ ਅਕਾਲ ਦੇ ਨਹੀਂ ਹੋਣਗੇ, ਕਿਸੀ ਹੋਰ ਦੇ ਹੋਣਗੇ। ਅਕਾਲ ਦੇ ਪੁਜਾਰੀਆਂ ਨੂੰ, ਅਕਾਲ ਨਾਲ ਜੁੜੇ ਹੋਏ ਨੂੰ ਕੋਈ ਖਤਰਾ ਨਹੀਂ। ਜੋ ਅਕਾਲ ਨਾਲ ਨਹੀਂ ਜੁੜਿਆ, ਉਹਨੂੰ ਹਰ ਵੇਲੇ ਖਤਰੈ। ਇਕੋ ਈ ਗੱਲ ਸਮਝ ਵਿਚ ਲੈ ਲੈਣੀ; ਜੋ ਅਕਾਲ ਨਾਲ ਜੁੜਿਐ, ਉਹਨੂੰ ਕੋਈ ਖਤਰਾ ਨਹੀਂ। ਰੌਲੀ ਪੈਂਦੀ ਐ ਨਾ - ਖਤਰੈ ਸਿੱਖੀ ਨੂੰ - ਖਾਲਸੇ ਨੂੰ ਖਤਰੈ, ਪੰਥ ਨੂੰ ਖਤਰੈ। ਮੈਂ ਕਿਹਾ, ਕਿਸੇ ਬੰਦੇ ਦੇ ਪੰਥ ਨੂੰ ਖਤਰਾ ਹੋਏਗਾ; ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪੰਥ ਨੂੰ ਕੋਈ ਖਤਰਾ ਨਹੀਂ। ਤੇਰੀ ਸ਼ੁਰੂਆਤ 'ਜਪ' ਹੈ, ਤੇਰੀਆਂ stages (ਅਵਸਥਾ) ਹਨ। ਤੂੰ ਚਲ ਰਿਹੈਂ ਧਰਮ ਦੀ ਯਾਤਰਾ ਤੇ, ਤੂੰ ਜਪ ਕਰਨੈ, ਜਾਪ ਤੇਰੇ ਅੰਦਰ ਹੋ ਸਕਦੈ; ਅਜਪਾ ਜਾਪ ਹੋ ਸਕਦੈ। ਤੇਰੇ ਅੰਦਰ ਵੈਰਾਗ ਉਤਪੰਨ ਹੋਏਗਾ, ਤੇਰੇ ਅੰਦਰ ਇਕ ਐਸੀ ਹੂਕ, ਅਰਦਾਸ ਪੈਦਾ ਹੋਏਗੀ ਜਿਹੜੀ ਤੈਨੂੰ ਅਨੰਦ ਦੀ ਮੰਜ਼ਿਲ ਤੇ ਲੈ ਜਾਏਗੀ। ਉਹ ਜਿਸਨੂੰ ਆਖਿਆ ਏ -

*ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸਿ॥*

*ਪੰਨਾ - 819*

ਅਸੀਂ ਰੋਜ਼ ਕਰਦੇ ਆਂ, ਰੋਜ਼ ਵਿਅਰਥ ਹੁੰਦੀਆਂ ਨੇ। ਉਹ ਅਰਦਾਸ ਐਥੇ ਨਹੀਂ, ਉਥੇ ਹੋ ਰਹੀ ਏ ਜਿਥੇ ਨਾਉਂ ਬੰਦ ਹੋ ਗਏ - ਬਾਹਰਲੇ। ਅਸੀਂ ਲੋਕਾਂ ਨੂੰ ਗਾਲ੍ਹਾਂ ਕੱਢੀ ਜਾਨੇ ਆਂ ਕਿ ਅਸੀਂ ਗੁਰੂ ਵਾਲੇ ਆਂ ਤੇ ਬਾਕੀ ਨਿਗੁਰੇ ਨੇ; ਖਿਮਾ ਕਰਨਾ, ਅਸੀਂ ਵੀ ਨਿਗੁਰੇ ਈ ਆਂ ਅਜੇ। ਅਜੇ ਤਾਂ ਯਾਤਰਾ ਸ਼ੁਰੂ ਕੀਤੀ ਹੈ, ਸਤਿਗੁਰੂ ਦੇ ਚਰਨਾਂ 'ਚ ਬੈਠੇ ਆਂ ਤੇ ਗੁਰੂ ਨੂੰ ਪੁਛਿਐ; ਅਜੇ ਤੇ ਅਰੰਭ ਹੋਇਐ ਸਕੂਲ, ਅਜੇ ਦਾਖਲ ਹੋਏ ਆਂ। ਧੰਨ ਨੇ - ਉਹ, ਜਿਹੜੇ ਅੱਗੇ ਚਲੇ ਗਏ ਨੇ, ਜਾਂ ਕੋਈ ਪਹੁੰਚੇ ਬੈਠੇ ਨੇ। ਉਹਨਾਂ ਦੀ ਗੱਲ ਨਹੀਂ, ਮੈਂ ਆਪਣੇ ਵਰਗਿਆਂ ਦੀ ਕਰਦਾ ਹਾਂ। ਇਥੇ ਸ਼ੁਰੂ ਹੋਈ ਐ ਗੱਲ, ਯਾਤਰਾ ਧਰਮ ਦੀ ਆਰੰਭ ਹੋਈ ਐ ਸਾਧਸੰਗਤ ਜੀ, ਇਹ ਯਾਤਰਾ ਜਿਹੜੀ ਆਰੰਭ ਹੋਈ ਹੈ, ਇਹ ਤਾਂ ਪਹੁੰਚਣਾ ਹੈ - ਮੰਜ਼ਿਲ ਤੇ। ਸ਼ੁਰੂਆਤ ਹੈ - ਜਪ, ਉਹਦੀਆਂ ਅਵਸਥਾ ਹਨ ਅੱਗੇ, ਪਰ ਮੰਜ਼ਿਲ ਕੀ ਹੈ? ਪਰਮ ਅਨੰਦ। ਸਤਿਗੁਰੂ ਜੀ ਚੇਤਾ ਕਰਾਉਂਦੇ ਨੇ, ਸਿੱਖਾ! ਤੇਰੀ ਮੰਜ਼ਿਲ ਜਪ ਨਹੀਂ, ਤੇਰੀ ਮੰਜ਼ਿਲ ਜਾਪ ਨਹੀਂ, ਤੇਰੀ ਮੰਜ਼ਿਲ ਬੈਰਾਗ ਨਹੀਂ, ਤੇਰੀ ਮੰਜ਼ਿਲ ਅਰਦਾਸ ਵੀ ਨਹੀਂ; ਤੇਰੀ ਮੰਜ਼ਿਲ ਪਰਮ ਅਨੰਦ ਹੈ। ਦੇਖੀਂ, ਕਿਤੇ ਭੁੱਲ ਨਾ ਜਾਈਂ। ਬਾਰ-ਬਾਰ ਅਨੰਦ ਬਣਨੈ। ਕੋਈ ਦੀਵਾਨ ਹੈ - ਅਨੰਦ ਸਾਹਿਬ ਪੜ੍ਹੋ, ਕੋਈ funciton ਹੈ - ਅਨੰਦ ਸਾਹਿਬ ਜ਼ਰੂਰ ਪੜ੍ਹਨੈਂ ਤੇ ਸਾਧਸੰਗਤ ਜੀ, ਜਿਹੜਾ ਆਪਾਂ ਕਹਿਨੇ ਆਂ ਨਾ; ਆਹ ਪੜ੍ਹ ਤਾਂ ਲੈਨੇ ਆਂ ਅਸੀਂ, ਰੋਜ਼ ਪੜ੍ਹਦੇ ਆਂ- ਤੁਸੀਂ ਵੀ ਪੜ੍ਹਦੇ ਓਂ, ਮੈਂ ਵੀ ਪੜ੍ਹਦਾਂ -

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ ਪੰਨਾ-917*

ਤੇ ਨਾਲੇ ਅਸੀਂ ਕਹਿਨੇ ਆਂ ਕਿ ਅਸੀਂ ਗੁਰੂ ਵਾਲੇ ਆਂ, ਨਾਲੇ ਸੰਤਾਂ ਕੋਲ ਆ ਕੇ ਰੋਈ ਵੀ, ਪਿੱਟੀ ਵੀ ਜਾਨੇ ਆਂ ਕਿ ਮਰ ਗਏ ਜੀ, ਕੱਖ ਨਹੀਂ ਰਿਹਾ ਸਾਡਾ। ਫੇਰ ਅਨੰਦ ਕਿਵੇਂ ਹੋਇਆ? ਕੋਈ ਚੰਗਾ ਭੋਜਨ ਛਕ ਲਿਆ, ਕਹਿੰਦੇ, ਅਨੰਦ ਹੋ ਗਿਆ; ਕੋਈ ਚੰਗਾ ਕੀਰਤਨ ਸੁਣ ਲਿਆ, ਕਹਿੰਦੇ ਅਨੰਦ ਹੋ ਗਿਆ; ਕੋਈ ਹੋਰ ਚੀਜ਼ ਚੰਗੀ ਵੇਖ ਲਈ, ਕਹਿੰਦੇ, ਅੱਜ ਤੇ ਅਨੰਦ ਹੋ ਗਿਆ ਤੇ ਸਾਧਸੰਗਤ ਜੀ ਘੜੀ ਕੁ ਨੂੰ ਜਾ ਕੇ ਉਥੇ ਆਪਸ ਵਿਚ ਲੜ ਰਹੇ ਹੋਂ, ਭਿੜ ਰਹੇ ਓਂ; ਉਹ ਅਨੰਦ ਗਿਆ ਕਿਥੇ? ਅਨੰਦ ਨਹੀਂ ਹੈ, artificial ਸੁਖ ਹੈ, artificial ਸਵਾਦ ਹੈ; ਅਨੰਦ ਨਹੀਂ ਹੈ। ਸਾਧਸੰਗਤ ਜੀ! ਜਿਸ ਅਨੰਦ ਦੀ ਗੱਲ ਗੁਰੂ ਬਾਬਾ ਜੀ ਕਹਿੰਦੇ ਨੇ, ਜਿਥੇ ਜਾ ਕੇ ਇਹ 'ਧਾਵਤੁ ਥੰਮਿਆ' ਹੋ ਜਾਂਦੈ।

ਸਤਿਗੁਰੂ ਗਰੀਬ ਨਿਵਾਜ ਪਾਤਸ਼ਾਹ ਜੀ ਕਹਿੰਦੇ ਨੇ ਕਿ ਉਹ ਅਨੰਦ ਤੇ ਫਿਰ ਆਰੇ ਦੇ ਦੰਦਿਆਂ ਨਾਲ ਵੀ ਨਹੀਂ ਉਤਰਦਾ, ਉਹ ਅਨੰਦ ਤੇ ਰੰਬੀ ਨਾਲ ਖੋਪਰੀ ਲਹਿ ਜਾਏ ਤਾਂ ਵੀ ਨਹੀਂ ਉਤਰਦਾ। ਉਥੇ ਜਨਮ ਕਿਥੇ? ਉਥੇ ਮਰਨ ਕਿਥੇ? ਔਰ ਸਾਧਸੰਗਤ, ਸਾਨੂੰ ਡਰ ਲਗ ਰਿਹੈ – ਮਰਨ ਤੋਂ। ਜਿਨ੍ਹਾਂ ਦੇ ਅੰਦਰ ਇਹ ਪੂਰਨਤਾ ਹੋ ਗਈ, ਉਨ੍ਹਾਂ ਦੇ ਵਾਸਤੇ ਨਾ ਕੋਈ ਜਨਮ, ਨਾ ਕੋਈ ਮਰਨ, ਨਾ ਕੋਈ ਅੰਧੇਰਾ, ਨਾ ਕੋਈ ਪ੍ਰਕਾਸ਼; ਪ੍ਰਮੇਸ਼ਰ ਹੀ ਪ੍ਰਮੇਸ਼ਰ ਹੈ – ਰਾਤ ਵੀ ਉਸਦੀ, ਦਿਨ ਵੀ ਉਸਦਾ। ਅਸੀਂ ਸੁੱਖ ਤਾਂ ਮੰਨਦੇ ਆਂ – ਉਸਦਾ, ਪਰ ਦੁੱਖ ਉਸਦਾ ਨਹੀਂ ਮੰਨਦੇ। ਅਸੀਂ ਦਿਨ ਤੇ ਮੰਨਣ ਲਈ ਤਿਆਰ ਆਂ, ਪਰ ਰਾਤ ਨਹੀਂ, ਅੰਧੇਰਾ ਨਹੀਂ। ਖਿਆਲ ਕਰਨਾ – ਬਾਬਾ ਜੀ ਰਾਤ 21ਵੀਂ ਅਸਟਪਦੀ ਦੀ ਗੱਲ ਕਰ ਰਹੇ ਸੀ – ਸੁਖਮਨੀ ਸਾਹਿਬ ਦੀ। ਇਹ ਹੈ ਜਿਨ੍ਹਾਂ ਨੇ ਧਾਵਤ ਥੰਮਿਆ ਹੈ, ਜਿਨ੍ਹਾਂ ਨੂੰ ਸਤਿਗੁਰੂ ਮਿਲ ਗਿਐ; ਉਨ੍ਹਾਂ ਵਾਸਤੇ – ਉਹ ਕਹਿੰਦੇ, ਨਹੀਂ, ਨਿਰੰਕਾਰ ਹੈ, ਇਹ ਸੁਖ ਤੇ ਤੇਰੇ ਈ ਨੇ। ਇਹ ਤਾਂ ਗੱਲ ਸਾਡੀ ਸਮਝ ਵਿਚ ਆਉਂਦੀ ਐ ਕਿ ਸਾਨੂੰ ਕੋਈ ਕੋਠੀ ਮਿਲ ਜਾਏ ਤਾਂ ਇਹ ਤੇਰੀ ਦਾਤ, ਸਾਨੂੰ ਕੋਈ ਕਾਰ ਮਿਲ ਜਾਏ – ਇਹ ਤੇਰੀ ਦਾਤ; ਸਾਨੂੰ ਬੱਚੇ ਮਿਲ ਜਾਣ – ਇਹ ਤੇਰੀ ਦਾਤ, ਤੇ ਸਾਧਸੰਗਤ ਜੇ ਛੇ ਮਹੀਨੇ ਕੋਈ ਮੰਜੀ ਤੇ ਰੇਂਗਦਾ ਹੋਵੇ, ਹਾਏ-ਹਾਏ ਕਰਦਾ ਹੋਵੇ, ਇਹ ਵੀ ਤੁਸੀਂ ਮੰਨਦੇ ਓ ਕਿ ਇਹ ਤੇਰੀ ਦਾਤ ਹੈ? ਇਹਨੂੰ ਮੰਨਦੇ ਓ ਕਿ ਇਹ ਦਾਤ ਹੈ? ਪਰ ਗੁਰੂ ਬਾਬਾ ਜੀ ਕਹਿੰਦੇ ਨੇ ਕਿ ਜਿਹੜੇ ਉਥੇ ਪਹੁੰਚ ਗਏ ਨੇ, ਉਹ ਕਹਿੰਦੇ ਨੇ –

*ਕੇਤਿਆ ਦੂਖ ਭੂਖ ਸਦ ਮਾਰ॥*
*ਏਹਿ ਭਿ ਦਾਤਿ ਤੇਰੀ ਦਾਤਾਰ॥* *ਪੰਨਾ - 5*

ਇਹ ਦੁੱਖ ਵੀ ਤੇਰੀ ਦਾਤ, ਇਹ ਸੁਖ ਵੀ ਤੇਰੀ ਦਾਤ, ਇਹ ਅੰਧੇਰਾ ਵੀ ਤੇਰੀ ਦਾਤ, ਇਹ ਪ੍ਰਕਾਸ਼ ਵੀ ਤੇਰੀ ਦਾਤ, ਇਹ ਬੁਰਾ ਵੀ ਤੇਰੀ ਦਾਤ, ਇਹ ਭਲਾ ਵੀ ਤੇਰੀ ਦਾਤ; ਬੁਰਾ ਹੈ ਈ ਨਹੀਂ, ਸਭ ਭਲਾ ਹੈ, ਸਭ ਤੇਰੀ ਦਾਤ ਹੈ। ਔਰ ਸਾਧਸੰਗਤ, ਖਿਮਾ ਕਰਨੀ, ਉਹ ਕਹਿੰਦੇ ਨੇ – ਇਹ ਜਨਮ ਵੀ ਤੇਰੀ ਦਾਤ, ਇਹ ਜੀਵਨ ਵੀ ਤੇਰੀ ਦਾਤ, ਇਹ ਸਰੀਰ ਦਾ ਜਾਣ ਵੀ ਤੇਰੀ ਦਾਤ; ਮਰਣ ਹੈ ਈ ਨਹੀਂ। ਇਹ ਖੇਲ੍ਹ, ਤੇਰੀ ਦਾਤ, ਤੇਰਾ ਤਮਾਸ਼ਾ ਕੀ ਹੈ – ਕੁਛ ਵੀ ਨਹੀਂ। ਔਰ ਸਾਧਸੰਗਤ, ਉਹ ਜਿਸ ਤਰ੍ਹਾਂ ਦਾ ਜੀਵਨ ਨੂੰ ਸਮਝਦੇ ਨੇ, ਉਸ ਤਰ੍ਹਾਂ ਦੀ ਉਨ੍ਹਾਂ ਵਾਸਤੇ ਮੌਤ ਹੈ। ਸਾਨੂੰ ਮੌਤ ਤੋਂ ਡਰ ਲਗਦਾ ਹੈ ਪਰ ਜਿਨ੍ਹਾਂ ਨੂੰ ਇਹ ਸਤਿਗੁਰੂ ਮਿਲ ਗਿਆ ਨਾ, ਜਿਨ੍ਹਾਂ ਦਾ ਦੌੜਦਾ ਹੋਇਆ ਥੰਮਿਆ ਗਿਆ, ਸਾਹਿਬ ਕਹਿੰਦੇ ਨੇ –

*ਜਿਸ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥* *ਪੰਨਾ - 1365*

ਕਮਾਲ ਹੈ; ਅਨੰਦ – ਮਰਨਾ ਵੀ ਅਨੰਦ! ਦੁਖ ਵੀ ਅਨੰਦ! ਸੁੱਖ ਤੇ ਅਨੰਦ ਹੈ ਈ, ਸੰਸਾਰ ਦੇ ਸੁੱਖ ਤੇ ਅਨੰਦ ਹੈ ਈ। ਉਥੇ ਤੇ ਮੌਤ ਵੀ ਆਨੰਦ ਹੈ। ਇਹ ਸਾਧਸੰਗਤ ਜੀ, ਧਰਮ ਦੀ ਯਾਤਰਾ ਦੀ ਮੁਕੰਮਲਤਾ ਹੈ। ਪਰ ਅਸੀਂ ਤਾਂ ਮਹਾਂਪੁਰਖਾਂ ਕੋਲ ਆਉਂਦੇ ਈ ਨਹੀਂ। ਮਹਾਂਪੁਰਖ ਬੜੇ ਦਿਆਲੂ ਕ੍ਰਿਪਾਲੂ ਹੁੰਦੇ ਨੇ। ਉਹ ਐਉਂ ਕਹਿੰਦੇ ਨੇ ਕਿ ਚਲੋ, ਕਦੀ ਆ ਜਾਣ। ਕੁਝ ਵੀ ਤੁਸੀਂ ਆਣ ਕੇ ਮੰਗ ਲਓ ਨਾ, ਮਹਾਰਾਜ ਇੰਝ ਹੋ ਜਾਏ। ਕਹਿੰਦੇ ਨੇ, ਕੋਈ ਨੀਂ, ਵਾਹਿਗੁਰੂ ਕ੍ਰਿਪਾ ਕਰ ਦਏਗਾ, ਗੁਰੂ ਸੱਚੇ ਪਾਤਸ਼ਾਹ ਕੋਲ ਤੁਸੀਂ ਬੇਨਤੀ ਕਰੋ, ਮਹਾਰਾਜ ਕ੍ਰਿਪਾ ਕਰ ਦੇਣਗੇ। ਦਰਅਸਲ ਮਹਾਂਪੁਰਖਾਂ ਦਾ ਨਿਸ਼ਾਨਾ ਸਾਨੂੰ ਖਿਡੌਣਿਆਂ ਨਾਲ ਜੋੜਨ ਦਾ ਨਹੀਂ ਹੁੰਦਾ। ਉਨ੍ਹਾਂ ਦਾ ਮਤਲਬ ਤੇ ਇਹ ਹੁੰਦੈ ਕਿ ਇਹ ਆਉਣ ਲੱਗ ਪੈਣ, ਸੰਗਤ ਵਿਚ ਆਉਂਦੇ ਰਹਿਣ, ਸੰਗਤ ਕਰਦੇ ਰਹਿਣ, ਕੀਰਤਨ ਸੁਣਦੇ ਰਹਿਣ, ਕਥਾ ਸੁਣਦੇ ਰਹਿਣ, ਗੁਰੂ ਦੀ ਵਿਚਾਰ ਸੁਣਦੇ ਰਹਿਣ; ਇਨ੍ਹਾਂ ਨੂੰ ਸੁਣਦਿਆਂ-ਸੁਣਦਿਆਂ, ਕਰਦਿਆਂ-ਕਰਦਿਆਂ ਇਹ ਖਿਡੌਣੇ ਮੰਗਣ ਵਾਲਿਆਂ ਨੂੰ, ਇਹ ਦੁੱਧ ਮੰਗਣ ਵਾਲਿਆਂ ਨੂੰ, ਸ਼ਾਇਦ ਕਿਤੇ ਮਾਂ ਵੀ ਚੇਤੇ ਆ ਜਾਏ ਕਿ ਮਾਂ ਈ ਮੰਗ ਲਈਏ। ਗੱਲ ਇਤਨੀ ਹੈ। ਮਹਾਂਪੁਰਖ ਸਾਨੂੰ ਖਿਡੌਣਿਆਂ ਨਾਲ ਨਹੀਂ ਰੱਖਣਾ ਚਾਹੁੰਦੇ, ਇਹ ਯਾਦ ਰੱਖ ਲੈਣਾ। ਉਹ ਜੇ ਸਾਨੂੰ ਇਸ ਤਰ੍ਹਾਂ ਦਾ ਕੁਛ ਕਹਿ ਦੇਂਦੇ ਨੇ ਨਾ, ਉਹਦਾ ਕੁਛ ਮਤਲਬ ਹੁੰਦੈ ਕਿ ਚਲੋ, ਜਿਵੇਂ ਸਕੂਲੇ ਜਾਣ ਆਹ ਨਿੱਕੇ-ਨਿੱਕੇ ਬੱਚੇ, ਟੀਚਰ ਕੀ ਕਰਦੇ ਨੇ – ਕਦੀ ਟੌਫੀਆਂ ਦੇ ਦਿੰਦੇ ਨੇ, ਕਦੀ ਨਿੱਕੀਆਂ-ਨਿੱਕੀਆਂ ਕੋਈ ਹੋਰ ਚੀਜ਼ਾਂ ਦੇ ਦਿੰਦੇ ਨੇ। ਉਹ ਲਾਲਚ ਦਿੰਦੇ ਨੇ ਕਿ ਬੱਚੇ ਸਕੂਲ ਆਈ ਜਾਣ। ਬੱਸ ਬਿਲਕੁਲ ਮਹਾਂਪੁਰਖ ਸਾਡੇ ਮਾਂ-ਬਾਪ ਨੇ, ਮਾਸਟਰ ਨੇ, ਟੀਚਰ ਨੇ, ਪਰੀਚਰ ਨੇ, ਸਭ ਕੁਝ ਨੇ ਤੇ ਉਹ ਵੀ ਕਹਿੰਦੇ ਨੇ ਕਿ ਇਹ ਬੱਚੇ ਜਿਹੜੇ ਨੇ ਨਾ, ਸਕੂਲੋਂ ਭੱਜ ਨਾ ਜਾਣ। ਮਹਾਰਾਜ ਆਹ ਗੱਡੀ ਲੈਣ ਲੱਗੇ ਆਂ, ਲੈ ਲਈਏ? ਕਹਿੰਦੇ, ਲੈ ਲਓ; ਆਹ ਜ਼ਮੀਨ ਲੈਣ ਲੱਗੇ ਆਂ ਜੀ, ਕਹਿੰਦੇ, ਲੈ ਲਓ। ਆਹ ਪੁੱਤਰ ਚਾਹੀਦੈ, ਬੱਚੇ ਚਾਹੀਦੇ ਨੇ, ਦੁੱਧ ਚਾਹੀਦੈ, ਕਹਿੰਦੇ, ਕੋਈ ਨੀਂ ਹੋ ਜਾਏਗਾ, ਮਹਾਰਾਜ ਕ੍ਰਿਪਾ ਕਰਨ। ਉਹਦਾ ਕਾਰਨ ਹੁੰਦੈ ਕਿ ਸਕੂਲ ਨਾ ਛੱਡ ਜਾਣ ਕਿਤੇ; ਸਤਿਗੁਰੂ ਦੇ ਨਾਲ ਜੁੜੇ ਰਹਿਣ, ਲੱਗੇ ਰਹਿਣ। ਪਰ ਸਾਧਸੰਗਤ ਮੈਂ ਬੇਨਤੀ ਕਰਾਂਗਾ – ਥੋੜ੍ਹੀ ਜਿਹੀ ਝਾਤੀ ਮਾਰੋ – ਆਪਣੇ ਅੰਦਰ ਕਿ ਮਹਾਂਪੁਰਖਾਂ ਕੋਲੋਂ, ਜੋ ਵਸਤੂ ਉਹ ਲੈ ਕੇ ਆਏ ਨੇ, ਉਹ ਵੀ ਕਦੀ ਮੰਗੀ ਏ –

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥* *ਪੰਨਾ - 749*

ਖਿਡੌਣਿਆਂ 'ਚ ਈ ਰਹਿ ਜਾਵਾਂਗੇ। ਮਹਾਂਪੁਰਖਾਂ ਦੇ ਸਥਾਨ ਤੇ ਬੈਠੇ ਹਾਂ, ਸਤਿਗੁਰਾਂ ਦੀ ਹਜ਼ੂਰੀ ਵਿਚ ਬੈਠੇ ਹਾਂ ਸਾਧਸੰਗਤ ਜੀ! ਇਹ ਕਿਤਨੇ ਕੁ ਜਨਮ ਖਿਡਿਣਿਆਂ ਨਾਲ ਖੇਡਦੇ ਰਹਾਂਗੇ। ਬੜੇ ਜਨਮ ਖੇਡੇ ਹਾਂ, ਥੱਕ ਗਏ ਹਾਂ। ਇਹ ਕਈ ਜਨਮਾਂ 'ਚ ਖਿਡੌਣੇ ਮਿਲਦੇ ਰਹੇ, ਕਈ ਜਨਮਾਂ 'ਚ ਖਿਡੌਣੇ ਇਹ ਸਭ ਕੁਝ ਮਿਲਦਾ ਰਿਹਾ। ਸਾਧਸੰਗਤ ਜੀ, ਆਪਾਂ ਪੜ੍ਹਦੇ ਆਂ ਨਾ – ***'ਆਇਆ ਦੂਰੋਂ ਚਲ ਕੇ'*** ਦੂਰੋਂ ਚਲ ਕੇ ਇਹ ਨਹੀਂ ਕਿ ਕੋਈ ਯੂ.ਪੀ. ਤੋਂ ਚਲ ਕੇ ਆਇਆ, ਕੋਈ ਬੰਬਈ ਤੋਂ, ਕੋਈ ਕਲਕੱਤੇ ਤੋਂ, ਕੋਈ foreign (ਵਿਦੇਸ਼) ਤੋਂ; ਇਹ ਦੂਰੋਂ ਨਹੀਂ ਹੈ। ਇਹ ਸਮਝ ਨਾ ਲੈਣਾ ਕਿ ਦੂਰੋਂ ਚਲ ਕੇ ਆਇਆਂ ਮਹਾਰਾਜ – ਤੁਹਾਡੇ ਚਰਨਾਂ 'ਚ। ਬੜਾ ਸਫਰ ਤੁਸੀਂ ਕੀਤੈ, ਅਸੀਂ ਸਾਰਿਆਂ ਨੇ ਬੜਾ ਸਫਰ ਕੀਤੈ।

-- ਚਲਦਾ --

# ਬਾਲਾ ਪ੍ਰੀਤਮ ਸ੍ਰੀ ਹਰਿਕ੍ਰਿਸ਼ਨ ਜੀ

*ਡਾ. ਸ਼ਮਸ਼ੇਰ ਸਿੰਘ*

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਸ ਗੁਰੂ ਸਾਹਿਬਾਨ ਵਿਚੋਂ ਸਭ ਤੋਂ ਛੋਟੀ ਉਮਰ ਦੇ ਸਨ। ਸਿੱਖ ਧਰਮ ਵਿਚ ਗੁਰੂ ਵਾਸਤੇ ਉਮਰ ਦਾ ਵਿਚਾਰ ਨਹੀਂ ਹੈ, ਇਥੇ ਤਾਂ 'ਜੋਤਿ ਅਤੇ ਜੁਗਤ' ਨੂੰ ਮੁਖ ਰੱਖਿਆ ਗਿਆ ਹੈ। ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ 73 ਸਾਲਾਂ ਦੇ ਸਨ ਜਦੋਂ ਗੁਰਗੱਦੀ ਦੀ ਬਖਸ਼ਿਸ਼ ਹੋਈ। ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਨੂੰ 'ਬਾਲਾ ਪ੍ਰੀਤਮ' ਕਰਕੇ ਯਾਦ ਕੀਤਾ ਜਾਂਦਾ ਹੈ। ਕੱਤਕ 10 ਸੰਮਤ 1718 ਨੂੰ ਆਪ ਜੀ ਨੂੰ ਗੁਰਗੱਦੀ ਉਤੇ ਬਿਠਾਇਆ ਗਿਆ। ਉਸ ਸਮੇਂ ਆਪ ਸਵਾ ਕੁ ਪੰਜ ਸਾਲ ਦੇ ਸਨ।

ਆਪ ਜੀ ਦਾ ਜਨਮ ਸੰਮਤ 1713, ਸਾਉਣ ਵਦੀ ਦਸਵੀਂ ਨੂੰ ਸਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਜੀ ਦੇ ਗ੍ਰਿਹਿ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖ ਤੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ। ਪੰਜ ਕੁ ਵਰ੍ਹਿਆਂ ਦੇ ਸਨ ਤਾਂ ਪਿਤਾ ਗੁਰੂ ਹਰਿ ਰਾਇ ਜੀ ਆਪ ਜੀ ਨੂੰ ਗੱਦੀ ਦੇ ਲਾਇਕ ਸਮਝ ਕੇ ਗੁਰਗੱਦੀ ਦੇ ਕੇ ਜੋਤੀ ਜੋਤਿ ਸਮਾ ਗਏ। ਆਪ ਦੇ ਵੱਡੇ ਭਰਾਤਾ ਰਾਮਰਾਇ, ਗੁਰਬਾਣੀ ਦੇ ਅਰਥ ਉਲਟਾਣ ਕਰਕੇ ਗੁਰੂ ਜੀ ਦੇ ਮਨੋ ਲਹਿ ਗਏ ਸਨ। ਰਾਮਰਾਇ ਨੇ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਗੁਰੂ ਨਾਨਕ ਦੇਵ ਜੀ ਦੀ ਬਾਣੀ – 'ਮਿਟੀ ਮੁਸਲਮਾਨ ਕੀ......' ਦੀ ਥਾਂ – 'ਮਿਟੀ ਬੇਈਮਾਨ ਕੀ.........' ਬਦਲ ਦਿਤਾ ਸੀ।

ਹੀਰਾ ਦਿਸਣ ਵਿਚ ਛੋਟਾ ਹੁੰਦਾ ਹੈ ਪ੍ਰੰਤੂ ਕੀਮਤੀ ਸਭ ਪੱਥਰਾਂ ਤੋਂ ਜ਼ਿਆਦਾ ਹੁੰਦਾ ਹੈ। ਬਾਵਨ ਚੰਦਨ ਆਕਾਰ ਵਿਚ ਤਾਂ ਛੋਟਾ ਹੁੰਦਾ ਹੈ ਪਰ ਉਸਦੀ ਸੁਗੰਧੀ ਸਾਰੇ ਬਣ ਨੂੰ ਮਹਿਕਾ ਦਿੰਦੀ ਹੈ। ਇਸੇ ਤਰ੍ਹਾਂ ਗੁਰੂ ਜੋਤ ਲਈ ਉਮਰ ਦੇ ਛੋਟੇ ਤੇ ਵੱਡੇ ਹੋਣ ਵਾਲੀ ਗੱਲ ਨਹੀਂ ਹੈ; ਜੋਤ ਦਾ ਪ੍ਰਕਾਸ਼ ਤਾਂ ਇਕ-ਸਾਰ ਰਹਿੰਦਾ ਹੈ। ਰਾਮਰਾਇ ਨੇ ਬੜੀ ਈਰਖਾ ਕਰਨੀ ਸ਼ੁਰੂ ਕਰ ਦਿਤੀ। ਭਾਵੇਂ ਉਹ ਬੜਾ ਸਿਆਣਾ, ਨੀਤੀ ਨਿਪੁੰਨ, ਸੰਗਤਾਂ ਤੇ ਮਸੰਦਾਂ ਵਿਚ ਰਸੂਖ ਰੱਖਣ ਵਾਲਾ ਸੀ, ਗੁਰਗੱਦੀ ਨਾ ਮਿਲਣ ਤੇ ਮਸੰਦਾਂ ਨੂੰ ਪੈਸੇ ਦੇ ਕੇ ਦੂਰ-ਦੁਰਾਡੇ ਸਿੱਖ ਸੰਗਤਾਂ ਵਿਚ ਪ੍ਰਚਾਰ ਕੀਤਾ ਕਿ ਗੁਰਗੱਦੀ ਉਸ ਨੂੰ ਮਿਲੀ ਹੈ, ਇਸ ਲਈ ਪੂਜਾ ਭੇਟਾ ਸਭ ਉਸੇ ਨੂੰ ਦਿਤੀ ਜਾਵੇ। ਇਸਦਾ ਬੜਾ ਭੈੜਾ ਤੇ ਉਲਟਾ ਅਸਰ ਹੋਇਆ। ਮਸੰਦ ਸਿਰ ਚੜ੍ਹ ਗਏ ਕਿ ਗੁਰੂ ਕਾਠ ਦਾ ਪੁਤਲਾ ਹੈ, ਜਿਸਨੂੰ ਚਾਹੇ ਗੁਰੂ ਬਣਾ ਦੇਈਏ ਤੇ ਜਿਸਨੂੰ ਚਾਹੇ ਹਟਾ ਦੇਈਏ। ਦਸਵੰਧ ਦੀ ਰਕਮ ਆਪ ਹੜੱਪ ਕਰਨ ਲਗ ਪਏ। ਦਸਵੇਂ ਪਾਤਸ਼ਾਹ ਨੇ ਅਖੀਰ ਇਨ੍ਹਾਂ ਨਾਲੋਂ ਨਾਤਾ ਤੋੜਨ ਲਈ ਹੁਕਮਨਾਮੇ ਜਾਰੀ ਕੀਤੇ ਤੇ ਸੰਗਤ ਨੂੰ ਸਿੱਧਾ ਗੁਰੂ ਘਰ ਨਾਲ ਜੋੜਿਆ।

ਦੂਸਰੀ ਭੁੱਲ ਰਾਮਰਾਇ ਨੇ ਇਹ ਕੀਤੀ ਕਿ ਔਰੰਗਜ਼ੇਬ ਨੂੰ ਕਿਹਾ ਕਿ ਮੇਰੇ ਨਾਲ ਅਨਿਆਇ ਹੋਇਆ ਹੈ, ਮੈਨੂੰ ਗੁਰਗੱਦੀ ਦੁਆਉ। ਹਰਿਕ੍ਰਿਸ਼ਨ ਨੂੰ ਦਿੱਲੀ ਬੁਲਾ ਕੇ ਮੇਰਾ ਫੈਸਲਾ ਕਰੋ ਤਾਂ ਔਰੰਗਜ਼ੇਬ ਨੇ ਕਿਹਾ ਕਿ ਤੂੰ ਇਥੇ ਗੁਰਿਆਈ ਕਰ, ਛੋਟੇ ਨੂੰ ਪੰਜਾਬ ਵਿਚ ਕਰਨ ਦੇ। ਰਾਮਰਾਇ ਦੇ ਜ਼ਿੱਦ ਕਰਨ ਤੇ ਉਸਨੂੰ ਵੀ ਪੰਥ ਦੀ ਚੜ੍ਹਤ ਤੋਂ ਖਤਰਾ ਬਣਦਾ ਦਿਸਦਾ ਸੀ ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗਲ ਫੌਜਾਂ ਨਾਲ ਟਾਕਰਾ ਕੀਤਾ; ਕੁਝ ਬਲ ਹੋਵੇਗਾ, ਤਦ ਹੀ ਟੱਕਰ ਲਈ। ਇਸ ਮੌਕੇ ਤੋਂ ਫਾਇਦਾ ਉਠਾਂਦਿਆਂ ਰਾਜਾ ਜੈ ਸਿੰਘ ਨੂੰ ਹੁਕਮ ਕੀਤਾ ਕਿ ਅੱਠਵੇਂ ਗੁਰੂ ਨੂੰ ਇਹ ਕਹਿ ਕੇ ਦਿੱਲੀ ਮੰਗਵਾਓ ਕਿ ਦਿੱਲੀ ਦੀ ਸੰਗਤ ਦਰਸ਼ਨ ਕਰਨਾ ਚਾਹੁੰਦੀ ਹੈ। ਇਸ ਤੇ ਰਾਮਰਾਇ ਬੜਾ ਖੁਸ਼ ਸੀ ਕਿ ਜੇ ਹਰਿਕ੍ਰਿਸ਼ਨ ਜੀ ਨਾ ਆਏ ਤਾਂ ਬਾਦਸ਼ਾਹ ਨੇ ਉਸਨੂੰ ਰਹਿਣ ਨਹੀਂ ਦੇਣਾ; ਸੰਗਤ ਉਸਨੂੰ ਛੱਡ ਜਾਏਗੀ, ਨਾਲੇ ਮੇਰੇ ਮੁਕਾਬਲੇ ਵਿਚ ਉਹ ਕਰਾਮਾਤ ਨਹੀਂ ਦਿਖਾ ਸਕਦਾ।

ਰਾਜਾ ਜੈ ਸਿੰਘ ਨੇ ਘੋੜੇ, ਰੱਥ, ਡੋਲੇ ਤੇ ਹੋਰ ਸੁਖ-ਸ਼ਮਿਆਨ ਆਦਿ ਵਸਤਾਂ ਦੇ ਕੇ ਗੁਰੂ ਜੀ ਨੂੰ ਲੈਣ ਲਈ ਘੱਲਿਆ। ਇਹ ਸੁਨੇਹਾ ਪੁੱਜਣ ਤੇ ਗੁਰੂ ਜੀ ਨੇ ਮਾਤਾ ਤੇ ਮੁਖੀ ਸਿੱਖਾਂ ਨਾਲ ਸਲਾਹ ਕੀਤੀ ਤੇ ਦੂਸਰੇ ਦਿਨ ਫੈਸਲਾ ਦੱਸਿਆ ਕਿ ਦਿੱਲੀ ਦੀ ਸੰਗਤ ਯਾਦ ਕਰਦੀ ਹੈ ਤਾਂ ਦਿੱਲੀ ਜ਼ਰੂਰ ਜਾਣਾ ਚਾਹੀਦਾ ਹੈ ਪ੍ਰੰਤੂ ਬਾਦਸ਼ਾਹ ਦੇ ਮੱਥੇ ਨਹੀਂ ਲਗਣਾ। ਉਸਦੀ ਕੁਟਲ ਨੀਤੀ ਨੂੰ ਜਾਣ ਗਏ ਸਨ ਕਿ ਰਾਜਾ ਜੈ ਸਿੰਘ ਵਲੋਂ ਦਿੱਲੀ, ਸੰਗਤ ਦੇ ਦਰਸ਼ਨਾਂ ਦਾ ਬਹਾਨਾ ਬਣਾ ਕੇ ਉਨ੍ਹਾਂ (ਰਾਮਰਾਇ) ਦੀ ਸ਼ਕਾਇਤ ਦਾ ਨਿਪਟਾਰਾ ਕਰਨਾ ਚਾਹੁੰਦਾ ਹੈ। ਗੁਰੂ ਜੀ ਨੇ ਕਿਹਾ ਕਿ ਗੁਰਗੱਦੀ ਤਾਂ ਈਸ਼ਵਰੀ ਦਾਤ ਹੈ। ਅਸੀਂ ਤਾਂ ਫਕੀਰ ਹਾਂ, ਇਕ ਦੁਨੀਦਾਰ ਪਾਸ ਝਗੜਾ ਮੁਕਾਉਣ ਜਾਣਾ ਠੀਕ ਨਹੀਂ ਹੈ। ਨਟਾਂ ਵਾਂਗ ਤਮਾਸ਼ੇ ਦਿਖਾਉਣੇ ਸਾਡਾ ਧਰਮ ਨਹੀਂ ਹੈ। ਅਸੀਂ ਤਾਂ ਪਿਤਾ ਜੀ ਦੇ ਇਲਾਹੀ ਹੁਕਮ ਅਨੁਸਾਰ ਅਕਾਲ ਪੁਰਖ ਸਰਬ ਸਾਂਝੇ ਭਰਾਤਰੀਭਾਵ ਵਾਲੇ ਮਿਸ਼ਨ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ। ਇਸ ਮਿਸ਼ਨ ਦੀ ਪੂਰਤੀ ਲਈ ਸਾਡਾ ਤਨ, ਮਨ, ਧਨ ਸਭ ਗੁਰੂ ਨਾਨਕ ਦੇ ਘਰ ਲਈ ਹਾਜ਼ਰ ਹੈ।

ਦਿੱਲੀ ਵਲੋਂ ਆਏ ਸੁਨੇਹੇ ਦੇ ਸਬੰਧ ਵਿਚ ਗੁਰੂ ਜੀ ਦੇ ਉਤਰ ਨੂੰ ਕਵੀ ਭਾਈ ਸੰਤੋਖ ਸਿੰਘ ਨੇ ਇਸ ਪ੍ਰਕਾਰ ਦਰਜ ਕੀਤਾ ਹੈ –

*ਸੁਨ ਕੈ ਸ੍ਰੀ ਹਰਿ ਕ੍ਰਿਸ਼ਨ ਸੁਜਾਨਾ।*<br>
*ਸਭਨ ਸੁਨਾਵਤ ਬਾਕ ਬਖਾਨਾ।।*<br>
*ਨਹਿ ਮਲੇਛ ਕੋ ਦਰਸਨ ਦੇ ਹੈਂ।*<br>
*ਹੋਇ ਸਮੀਪ ਤਿਸ ਕੋ ਨਹਿ ਲੈ ਹੈਂ।*<br>
*ਇਹੀ ਨੇਮ ਪਿਤ ਕੀਨ ਹਮਾਰੇ।*<br>
*ਤਿਸ ਪ੍ਰਕਾਰ ਹਮ ਭੀ ਉਰਧਾਰੇ।*<br>
*ਨਿਜ ਬਚ ਪਿਤ ਜਿਸ ਕੀਯ ਪ੍ਰਿਤਪਾਰਨ।*<br>
*ਤਿਸ ਹਰ ਕਹਹਿ ਹੋਇ ਨ ਟਾਰਨ।*<br>
*ਅਟਲ ਸੁਮੇਰ ਟਲੈ ਨਹਿ ਜੈਸੇ।*<br>
*ਸਤਿਗੁਰ ਬਾਕ ਅਚਲ ਨਿਤ ਤੈਸੇ। ਸ੍ਰੀ. ਗੁ. ਪ੍ਰ. ਸੂਰਜ ਗ੍ਰੰਥ*

ਦਿੱਲੀ ਜਾਣ ਦੀ ਤਿਆਰੀ ਦਾ ਹੁਕਮ ਕੀਤਾ ਤਾਂ ਸੰਗਤਾਂ ਦੂਰ ਦੁਰਾਡਿਓਂ ਆ ਕੇ ਨਾਲ ਮਿਲਦੀਆਂ ਗਈਆਂ। ਇਤਿਹਾਸਕਾਰਾਂ ਦਾ ਕਥਨ ਹੈ, ਕਸ਼ਮੀਰ ਲਹਿੰਦੇ ਆਦਿ ਦੀਆਂ ਸੰਗਤਾਂ ਪਹਿਲੇ ਚਾਰ ਪੜਾਵਾਂ ਤਕ ਮਿਲਦੀਆਂ ਗਈਆਂ। ਪੰਜੋਖਰੇ ਪਾਸ ਗੁਰੂ ਜੀ ਨੇ ਨਿਸ਼ਾਨ ਦੇ ਕੇ ਹੁਕਮ ਕੀਤਾ ਕਿ ਸਿੱਖ ਸੰਗਤ ਇਸ ਤੋਂ ਅੱਗੇ ਨਾ ਆਵੇ। ਗੁਰੂ ਜੀ ਨੇ ਪੰਜੋਖਰੇ ਵਿਚ ਡੇਰੇ ਲਾਏ। ਸੰਗਤ ਹੋਰ ਆ ਗਈ।

ਇਥੇ ਲਾਲ ਨਾਮ ਦੇ ਪੰਡਤ ਨੇ ਗੁਰੂ ਜੀ ਨਾਲ ਲਸ਼ਕਰ ਦੇਖ ਕੇ ਪੁੱਛਿਆ ਕਿ ਡੇਰਾ ਕਿਸਦਾ ਹੈ; ਤਾਂ ਦੱਸਿਆ ਗਿਆ ਕਿ ਸ੍ਰੀ ਹਰਿਕ੍ਰਿਸ਼ਨ ਜੀ ਦਾ ਹੈ। ਤਾਂ ਉਹ ਬੜਾ ਸੜਿਆ ਤੇ ਕਿਹਾ ਕਿ ਕਲਜੁਗ ਵਿਚ ਕ੍ਰਿਸ਼ਨ ਭਗਵਾਨ ਤੋਂ ਵੀ ਕੋਈ ਵੱਡਾ ਹੋ ਗਿਆ ਜੋ ਹਰਿਕ੍ਰਿਸ਼ਨ ਕਰਕੇ ਸਦਾਉਂਦਾ ਹੈ ਭਾਵੇਂ ਗੀਤਾ ਵੀ ਨਾ ਜਾਣਦਾ ਹੋਵੇ। ਪੰਡਤ ਜੀ ਸ਼ਾਸ਼ਤ੍ਰਾਰਥ ਕਰਨ ਆ ਗਏ। ਗੁਰੂ ਜੀ ਨੂੰ ਆ ਕੇ ਨਮਸਕਾਰ ਤਕ ਨਾ ਕੀਤੀ।

ਗੁਰੂ ਜੀ ਨੇ ਪਿੰਡ ਦੇ ਝੀਵਰ, ਛੱਜੂ, ਰਾਮ ਜੋ ਮੂਰਖ ਮੰਨਿਆ ਜਾਂਦਾ ਸੀ, ਕ੍ਰਿਪਾ ਦ੍ਰਿਸ਼ਟੀ ਕੀਤੀ, ਛੜੀ ਸਿਰ ਤੇ ਰੱਖੀ ਤੇ ਗੀਤਾ ਦੇ ਅਰਥ ਕਰਵਾ ਦਿਤੇ। ਲਾਲ ਪੰਡਤ ਸ਼ਰਮਿੰਦਾ ਹੋਇਆ, ਚਰਨੀਂ ਪਿਆ, ਮਾਫੀ ਮੰਗੀ ਤੇ ਕਿਹਾ, ਤੁਸੀਂ ਤਾਂ ਸਚਮੁੱਚ ਹਰਿਕ੍ਰਿਸ਼ਨ ਹੋ। ਸਿੱਖ ਬਣਿਆ, ਪਾਹੁਲ ਲਈ –

*ਪਾਹੁਲ ਲਈ ਭਯੋ ਅਨੁਸਾਰੋ।*

ਇਸ ਤੋਂ ਉਪਰੰਤ ਦਿੱਲੀ ਪਹੁੰਚੇ, ਜੈ ਸਿੰਘ ਰਾਜਾ ਅੱਗੇ ਲੈਣ ਆਇਆ, ਇਕ ਸੁੰਦਰ ਥਾਂ ਰਾਇਸੀਨਾ ਉਤੇ ਉਤਾਰਾ ਦਿਤਾ। ਲੋਕ ਦਰਸ਼ਨਾਂ ਨੂੰ ਆਉਣ ਲੱਗੇ। ਇਕ ਦਿਨ ਇਕ ਮਰਨਹਾਰੇ ਰੋਗੀ ਦੀ ਮਾਤਾ ਨੇ ਗੁਰੂ ਜੀ ਅੱਗੇ ਕ੍ਰਿਪਾ ਕਰਨ ਲਈ ਅਰਜ਼ੋਈ ਕੀਤੀ ਤਾਂ ਗੁਰੂ ਜੀ ਨੇ ਅੰਗੂਠਾ ਧੋ ਕੇ ਜਲ ਉਸਨੂੰ ਦਿਤਾ ਤਾਂ ਉਹ ਰੋਗੀ ਰਾਜ਼ੀ ਹੋ ਗਿਆ। ਸਾਰੇ ਸ਼ਹਿਰ ਵਿਚ ਇਹ ਗੱਲ ਫੈਲ ਗਈ। ਕਠਨ ਰੋਗਾਂ ਵਾਲੇ ਆਉਣ ਲੱਗੇ ਤੇ ਰਹਿਮਤਾਂ ਲੈ ਕੇ ਜਾਂਦੇ – ਇਨ੍ਹਾਂ ਰਹਿਮਤਾਂ ਦੇ ਆਧਾਰ ਉਤੇ ਗੁਰੂ ਦਸਵੇਂ ਪਾਤਸ਼ਾਹ ਨੇ ਭਗਉਤੀ ਦੀ ਵਾਰ ਪਾਤਸ਼ਾਹੀ 10 ਦੀ ਪਹਿਲੀ ਪਉੜੀ ਵਿਚ ਜਿਥੇ ਬਾਕੀ ਗੁਰੂ ਸਾਹਿਬਾਨ ਵਲੋਂ ਬਖਸ਼ਿਸ਼ਾਂ, ਬਰਕਤਾਂ ਰਹਿਮਤਾਂ ਦੇਣ ਵਾਲੇ ਕਿਹਾ ਹੈ, ਉਥੇ ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਬਾਰੇ ਧਿਆਉਣ ਤੇ ਦਰਸ਼ਨ ਨਾਲ ਸਾਰੇ ਦੁਖਾਂ ਦੀ ਨਵਿਰਤੀ ਦੀ ਬਖਸ਼ਿਸ਼ ਕਰਨ ਬਾਰੇ ਲਿਖਿਆ ਹੈ –

*ਸ੍ਰੀ ਹਰਿਕ੍ਰਿਸ਼ਨ ਧਿਆਈਐ*
*ਜਿਸ ਡਿਠੈ ਸਭਿ ਦੁਖੁ ਜਾਇ॥*

"ਦੀ ਗਾਸਪਲ ਆਫ ਗੁਰੂ ਗ੍ਰੰਥ ਸਾਹਿਬ' ਵਿਚ ਗ੍ਰੀਨਲੀਜ਼ ਨੇ ਗੁਰੂ ਹਰਿਕ੍ਰਿਸ਼ਨ ਜੀ ਦੀ ਸਖਸ਼ੀਅਤ ਬਾਰੇ ਲਿਖਦਿਆਂ ਨਿਰਮਲਤਾ (purity) ਦਾ ਆਲਮ ਖਿਲਾਰਨ ਵਾਲੇ ਕਿਹਾ ਹੈ।

ਮੈਕਾਲਿਫ ਦਾ ਕਹਿਣਾ ਹੈ –

"ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਪਹਿਲਾਂ ਹੀ ਐਸੇ ਬਚਨ ਬੋਲਦੇ ਸਨ ਕਿ ਸਿੱਖਾਂ ਦੀ ਦੁਬਿਧਾ ਤੇ ਸ਼ੰਕੇ ਮਿਟਦੇ, ਮੁਕਤੀ ਦਾ ਰਾਹ ਦਰਸਾ ਦਿੰਦੇ। ਗੁਰਗੱਦੀ ਸੰਭਾਲਣ ਉਪਰੰਤ ਹਿੰਦੋਸਤਾਨ ਤੇ ਬਾਹਰ ਸਿੱਖ ਕੇਂਦਰਾਂ ਤੇ ਸੁਘੜ ਸਿਆਣੇ ਸਿੱਖ ਭੇਜੇ, ਜਿਨ੍ਹਾਂ ਸਿੱਖੀ ਦੇ ਬੂਟੇ ਨੂੰ ਆਂਚ ਨਾ ਆਉਣ ਦਿਤੀ। ਹੋਰ ਲੋਕ ਸਿੱਖੀ ਦੇ ਦਾਇਰੇ ਵਿਚ ਆਏ, ਪ੍ਰਭੂ ਏਕਤਾ ਦੇ ਸਿਧਾਂਤ ਨੂੰ ਦ੍ਰਿੜ ਕਰਾਉਣ ਦੇ ਨਾਲ ਮਨੁੱਖੀ ਏਕਤਾ ਨੂੰ ਖੰਡਨ ਹੋਣ ਤੋਂ ਬਚਾਇਆ।

*(ਮੈਕਾਲਿਫ-ਦੀ ਸਿੱਖ ਰਿਲੀਜ਼ਨ – ਭਾਗ ਚੌਥਾ ਪੰਨਾ315)*

ਔਰੰਗਜ਼ੇਬ ਨੇ ਇਹ ਸਭ ਸੁਣ ਕੇ ਇਕ ਦਿਨ ਅਮੀਰ ਘੱਲਿਆ ਤੇ ਮੁਲਾਕਾਤ ਦਾ ਸਮਾਂ ਮੰਗਿਆ। ਤਾਂ ਗੁਰੂ ਜੀ ਨੇ ਕਨਾਤ ਅੰਦਰ ਬੈਠ ਕੇ ਹੀ ਜਵਾਬ ਦਿਤਾ ਕਿ –

"ਵੱਡਾ ਭਰਾ ਸਾਡਾ ਬਾਦਸ਼ਾਹ ਦੇ ਕੋਲ ਹੈ। ਅਸੀਂ ਤਾਂ ਫਕੀਰ ਲੋਕ ਹਾਂ, ਗਰੀਬ ਲੋਕਾਂ ਨਾਲ ਸਾਡਾ ਵਾਹ ਹੈ; ਵੱਡੇ ਲੋਕਾਂ ਪਾਸ ਵੱਡੇ ਭਗਤਾਂ ਨੂੰ ਲਾਇਕ ਜਾਣ ਕੇ ਪਿਤਾ ਨੇ ਪਹਿਲਾਂ ਹੀ ਘੱਲ ਦਿਤਾ ਏ।"

ਇਸ ਨਿਮਰਤਾ ਭਰੇ ਉਤਰ ਨੂੰ ਔਰੰਗਜ਼ੇਬ ਸੁਣ ਕੇ ਚੁੱਪ ਹੋ ਗਿਆ। ਔਰੰਗਜ਼ੇਬ ਦੇ ਦਰਬਾਰ ਵਿਚ ਗੁਰੂ ਜੀ ਦੀ ਵਡਿਆਈ ਹੋਣ ਲੱਗੀ। ਰਾਮਰਾਇ ਇਕ ਦਿਨ ਦਰਬਾਰ ਵਿਚ ਸੀ, ਸੁਣ ਕੇ ਧੁਖ ਉਠਿਆ ਤੇ ਕਹਿਣ ਲੱਗਾ, "ਕਿਸ ਦੀ ਉਪਮਾ ਕਰ ਰਹੇ ਹੋ ਜੋ ਅਜੇ ਸੀਤਲਾ ਦਾ ਖਾਜ ਹੈ; ਉਹ ਕੀ ਕਰਾਮਾਤ ਕਰ ਸਕਦਾ ਹੈ?" ਦਰਬਾਰ ਵਿਚੋਂ ਇਕ ਸੱਜਣ ਨੇ ਇਹ ਗੱਲ ਆਖ ਹੀ ਦਿਤੀ –

"ਰਾਮਰਾਇ! ਆਪ ਦੀ ਕਰਾਮਾਤ ਸਰਾਪ ਜਾਂ ਦੁਖ ਦਾ ਕਾਰਨ ਜਾਂ ਖੇਡ ਲਈ ਹੁੰਦੀ ਹੈ, ਪਰ ਉਸ ਗੰਭੀਰ ਬਾਲਕ ਦੀ ਸ਼ਕਤੀ ਖੁਦਾ ਦੀ ਖਲਕਤ ਨੂੰ ਸੁੱਖ ਦੇ ਰਹੀ ਹੈ; ਇਹੀ ਤੁਹਾਡਾ ਤੇ ਉਸਦਾ ਫਰਕ ਹੈ।"

ਇਹ ਗੱਲ ਗੁਰੂ ਜੀ ਤੱਕ ਪਹੁੰਚੀ ਤਾਂ ਉਨ੍ਹਾਂ ਨੇ ਉਤਰ ਦਿਤਾ–

*ਅਵਰਨ ਕੀ ਇਹ ਮ੍ਰਿਤੁ ਬਤਾਵੈ।*
*ਨਿਜਮਤ ਵਿਖੇ ਗਯਾਨ ਬਿਸਰਾਵੈ॥*

ਭਾਵ – ਰਾਮਰਾਇ ਨੇ ਐਵੇਂ ਸਾਡੀ ਹੋਣਹਾਰ ਦੱਸ ਕੇ ਆਪਣੇ ਜ਼ੁੰਮੇ ਬਦੀ ਲੈ ਲੀਤੀ, ਕਰਤਾਰ ਦਾ ਭਾਣਾ ਸਾਡੇ ਸਿਰ ਮੱਥੇ ਤੇ ਹੈ। ਅਰ ਰਾਮਰਾਇ ਨੇ ਆਪਣੇ ਬਾਰੇ ਕੁਝ ਨਹੀਂ ਸੋਚਿਆ, ਜੋ ਮਸੰਦਾਂ ਦੇ ਹੱਥੋਂ ਉਸਦੀ ਅਬਗਤਿ ਮੌਤ ਹੈ ਅਰ ਸੰਤਾਨ ਭਾਗਾਂ ਵਿਚ ਨਹੀਂ ਲਿਖੀ।

ਐਸ ਗੌਰਵਮਈ ਉਤਰ ਦਾ ਦਰਬਾਰੀਆਂ ਨੂੰ ਪਤਾ ਲਗਾ ਤਾਂ ਬਾਦਸ਼ਾਹ ਦੇ ਮਨ ਵਿਚ ਦਰਸ਼ਨਾਂ ਦੀ ਚਾਹ ਹੋਰ ਵਧੀ। ਆਪਣੇ ਸ਼ਹਿਜ਼ਾਦੇ ਦਾਰਾ ਨੂੰ ਜਵਾਹਰਾਤ ਦੇ ਕੇ ਭੇਜਿਆ। ਗੁਰੂ ਜੀ ਨੇ ਕਨਾਤ ਦੇ ਬਾਹਰ ਸ਼ਹਿਜ਼ਾਦੇ ਨੂੰ ਬਿਠਾ ਕੇ ਉਤਰ ਦਿਤਾ ਕਿ ਸ਼ਬਦ ਉਪਰ ਦ੍ਰਿੜ ਹੋਣਾ ਸਾਡੇ ਦਰਸ਼ਨਾਂ ਨਾਲੋਂ ਬਹੁਤ ਸ੍ਰੇਸ਼ਟ ਹੈ – ਸ਼ਬਦ ਗੁਰੂ ਨਾਨਕ ਦਾ ਹੇਠ ਲਿਖੇ ਅਨੁਸਾਰ ਸੀ।

*ਕਿਆ ਖਾਧੈ ਕਿਆ ਪੈਧੈ ਹੋਇ॥*
*ਜਾ ਮਨਿ ਨਾਹੀ ਸਚਾ ਸੋਇ॥*
*ਕਿਆ ਮੇਵਾ ਕਿਆ ਘਿਉ ਗੁੜੁ ਮਿਠਾ*
*ਕਿਆ ਮੈਦਾ ਕਿਆ ਮਾਸੁ॥*
*ਕਿਆ ਕਪੜੁ ਕਿਆ ਸੇਜ ਸੁਖਾਲੀ*
*ਕੀਜਹਿ ਭੋਗ ਬਿਲਾਸ॥*
*ਕਿਆ ਲਸਕਰ ਕਿਆ ਨੇਬ ਖਵਾਸੀ*
*ਆਵੈ ਮਹਲੀ ਵਾਸੁ॥*
*ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ॥ ਪੰਨਾ - 142*

ਔਰੰਗਜ਼ੇਬ ਨੇ ਰਾਜਾ ਜੈ ਸਿੰਘ ਨੂੰ ਕਿਹਾ –

ਉਪਮਾ ਵੀ ਬੜੀ ਸੁਣੀ ਹੈ, ਅਕਲ ਵੀ ਪਰਖ ਲਈ ਹੈ; ਪਰ ਸ਼ਕਤੀ ਦੀ ਪਰਖਣਾ ਤੂੰ ਕਰ ਲੈ।

ਰਾਜਾ ਜੈ ਸਿੰਘ ਨੇ ਰਾਣੀਆਂ ਨਾਲ ਸਲਾਹ ਕਰਕੇ ਗੁਰੂ ਜੀ ਨੂੰ ਮਹਿਲਾਂ ਵਿਚ ਦਰਸ਼ਨ ਦੇਣ ਲਈ ਬੇਨਤੀ ਕੀਤੀ। ਪਟਰਾਣੀ ਨੇ ਕਿਹਾ ਕਿ ਮੈਂ ਗੋਲੀਆਂ ਵਾਲੇ ਕਪੜੇ ਪਾ ਕੇ ਬੈਠਾਂਗੀ। ਜੇ ਗੁਰੂ ਸਚਾ

ਹੋਇਆ ਤਾਂ ਮੇਰੀ ਗੋਦੀ ਵਿਚ ਆ ਬੈਠਣਗੇ।

ਜੈ ਸਿੰਘ ਲੈਣ ਆਇਆ ਤਾਂ ਗੁਰੂ ਜੀ ਨੇ ਉਤਰ ਦਿਤਾ -

"ਜਗਤ ਦੇ ਲੋਕ ਹੀਰਾ ਤਿਆਗ ਕੇ ਕੱਚ ਵਿਹਾਝਦੇ ਹਨ। ਪਰਮਾਰਥ ਤਿਆਗ ਕੇ ਨਾਸ਼ਵਾਨ ਜਗਤ ਵਿਚ ਭਟਕਦੇ ਹਨ।"

ਰਾਜਾ ਕੰਬਿਆ ਤੇ ਅਫਸੋਸ ਕੀਤਾ ਕਿ ਮੈਂ ਔਰੰਗਜ਼ੇਬ ਦੇ ਕਹਿਣ ਤੇ ਫਕੀਰਾਂ, ਮਹਾਂਪੁਰਸ਼ਾਂ ਦੀ ਪਰਖ ਲੈਣ ਲਗ ਪਿਆ। ਬੇਨਤੀ ਕਰਨ ਤੇ ਮਹਿਲਾਂ ਵਿਚ ਗਏ - ਹੱਥ ਵਿਚ ਫੁੱਲਾਂ ਦੀ ਛੜੀ ਸੀ, ਰਾਣੀਆਂ ਵਿਚੋਂ ਦੀ ਲੰਘਦੇ ਹੋਏ - ਅਖੀਰ ਗੋਲੀਆਂ ਵਿਚ ਚਲੇ ਗਏ ਤੇ ਪਟਰਾਣੀ ਦੀ ਗੋਦ ਵਿਚ ਜਾ ਬੈਠੇ। ਪਟਰਾਣੀ ਪੈਰੀਂ ਪੈ ਗਈ। ਗੁਰੂ ਜੀ ਨੇ ਸਭ ਨੂੰ ਕਿਹਾ -

"ਧਰਮ ਕਾਮਨਾ ਤੁਸੀਂ ਕੋਈ ਨਾ ਕੀਤੀ, ਨਿਰੀ ਪ੍ਰੀਖਿਆ ਕਰਨ ਦੀ ਧਾਰੀ। ਇਹ ਜਗਤ ਤੇ ਪਦਾਰਥ ਸਦਾ ਇਕ ਰਸ ਨਹੀਂ ਰਹਿਣਗੇ। ਉਸ ਵਕਤ ਇਹ ਪਸ਼ਚਾਤਾਪ ਤੁਹਾਡੇ ਮਨਾਂ ਨੂੰ ਦੁਖੀ ਕਰੇਗਾ।"

ਸਾਰੇ ਰਣਵਾਸ ਨੇ ਮਾਫੀਆਂ ਮੰਗੀਆਂ, ਪੈਰੀਂ ਪਏ, ਪਾਹੁਲ ਲਈ, ਸਿੱਖ ਹੋਏ -

*ਭਯੋ ਸਿਖ ਜੈ ਪੁਰ ਅਧੀਸ।*

ਗੁਰੂ ਜੀ ਦੇ ਵਰ ਤੋਂ ਰਾਜੇ ਦੇ ਘਰ ਪੁੱਤਰ ਵੀ ਜਨਮਿਆ। ਜਦੋਂ ਗੁਰੂ ਜੀ ਵਾਪਸ ਡੇਰੇ ਆਏ ਤਾਂ ਮਾਤਾ ਜੀ ਨੇ ਗੋਦੀ ਵਿਚ ਬਿਠਾ ਕੇ ਬੜਾ ਪਿਆਰ ਕੀਤਾ ਤੇ ਕਿਹਾ ਕਿ ਰਾਮਰਾਇ ਦਾ ਸਰਾਪ ਮੇਰੀ ਅੱਖਾਂ ਵਿਚ ਰੜਕਦਾ ਹੈ ਤਾਂ ਗੁਰੂ ਜੀ ਉਤਰ ਦਿਤਾ -

"ਮਾਤਾ ਜੀ ਰਾਮਰਾਇ ਤਾਂ ਕੁਝ ਨਹੀਂ ਕਰ ਸਕਦਾ। ਪਰ ਜੋ ਕਰਤਾਰ ਦੀ ਕੁਦਰਤ ਹੈ, ਉਸ ਵਿਚ ਕਿਸਦਾ ਚਾਰਾ ਹੈ?"

ਮਾਤਾ ਜੀ ਨੇ ਇਕ ਹੋਰ ਚਿੰਤਾ ਪ੍ਰਗਟ ਕੀਤੀ ਕਿ ਰਾਮਰਾਇ ਤਾਂ ਸ੍ਰਾਪਤ ਹੈ, ਸੋਢੀਆਂ ਵਿਚ ਗੁਰਗੱਦੀ ਦੇ ਲਾਇਕ ਕੋਈ ਨਹੀਂ ਹੈ; ਸੰਗਤਾਂ ਦਾ ਕੌਣ ਵਾਲੀ ਹੋਊ? ਕੌਣ ਧਰਮ ਦੀ ਰਾਖੀ ਕਰੂ? ਆਪ ਜਗਤ ਦੇ ਉਧਾਰ ਲਈ ਇਸ ਭਾਣੇ ਦੀ ਆਪ ਖਿਮਾ ਕਰ ਲਓ। ਤਾਂ ਗੁਰੂ ਜੀ ਨੇ ਕਹਾ -

"ਮਾਤਾ ਜੀ! ਕਰਤਾਰ ਨੂੰ ਦਾਸ ਨਾਲੋਂ ਸੰਗਤਾਂ ਦਾ ਜ਼ਿਆਦਾ ਫਿਕਰ ਹੈ। ਉਸਨੇ ਸੰਗਤਾਂ ਦਾ ਫਿਕਰ ਪਹਿਲੇ ਕਰ ਛੱਡਿਆ। ਗੁਰੂ ਹਰਿਗੋਬਿੰਦ ਜੀ ਨੇ ਇਹ ਬਾਣ ਪਹਿਲਾਂ ਹੀ ਬੰਨ੍ਹ ਛੱਡਿਆ ਹੈ।"

ਇਹ ਇਸ਼ਾਰਾ (ਗੁਰੂ) ਤੇਗ ਬਹਾਦਰ ਜੀ ਵੱਲ ਸੀ। ਮਾਤਾ ਜੀ ਨਾਲ ਪੁੱਤਰ ਵਾਲਾ ਪ੍ਰੇਮ ਜਤਲਾਂਦਿਆਂ ਕਿਹਾ, "ਪ੍ਰੇਮ ਤਾਂ ਸਰੀਰ ਦੇ ਖਤਮ ਹੋਣ ਨਾਲ ਮਰਦਾ ਨਹੀਂ, ਇਹ ਤਾਂ ਸਦੀਵੀ ਰਹਿੰਦਾ ਹੈ।" ਦੂਸਰੇ ਸਵੇਰੇ ਸਰੀਰ ਨੂੰ ਕੁਝ ਤਾਪ ਸੀ। ਦਰਬਾਰ ਵਿਚ ਬੈਠੇ ਉਪਦੇਸ਼ ਕੀਤਾ। ਦੂਸਰੇ ਪਹਿਰ ਤਿੰਨ ਮੀਲ ਦੱਖਣ ਜਮਨਾ ਦੇ ਕੰਢੇ ਡੇਰੇ ਲਾਏ। ਤੰਬੂ ਲਗਵਾ ਕੇ ਪਲੰਘ ਪਰ ਜਾ ਬਿਰਾਜੇ। ਸਭ ਸੰਗਤ, ਮਾਤਾ ਜੀ, ਮਸੰਦਾਂ ਸਮੇਤ ਨਾਲ ਸਨ, ਸੀਤਲਾ ਦਾ ਪਰਕੋਪ ਸੀ। ਤੰਬੂ ਦੇ ਅੰਦਰ ਕਿਸੇ ਨੂੰ ਆਉਣ ਦੀ ਆਗਿਆ ਨਹੀਂ ਸੀ।

ਰਾਜਾ ਜੈ ਸਿੰਘ ਡਰ ਰਿਹਾ ਸੀ ਕਿ ਕਿਤੇ ਮੇਰੇ ਪਾਸੋਂ ਕੋਈ ਗਲਤੀ ਹੋ ਗਈ ਹੈ, ਇਸ ਲਈ ਸ਼ਹਿਰ ਤੋਂ ਬਾਹਰ ਆ ਗਏ। ਉਹ ਖਿਮਾਂ ਮੰਗਣ ਆਇਆ, ਗੁਰੂ ਜੀ ਨੇ ਖੁਸ਼ੀ ਪ੍ਰਗਟ ਕੀਤੀ। ਮਾਤਾ ਜੀ ਨੂੰ ਕਰਤਾਰ ਦਾ ਧਿਆਨ ਧਰਨ ਨੂੰ ਕਿਹਾ, ਤੇ ਫਿਰ ਕਿਹਾ, ਧੰਨਵਾਦ ਕਰੋ।

ਚੇਤ ਸੁਦੀ ਚੌਦਸ ਨੂੰ ਲੌਢੇ ਵੇਲੇ ਸੰਗਤਾਂ ਨੂੰ ਦਰਸ਼ਨ ਦਿਤੇ। ਪੰਜ ਪੈਸੇ ਨਾਰੀਅਲ ਰਖਵਾ ਕੇ ਮੱਥਾ ਟੇਕ ਕੇ ਕਿਹਾ, 'ਗੁਰੂ ਬਾਬਾ ਬਕਾਲਾ।' ਅੱਧੀ ਰਾਤ ਨੂੰ ਪਰਲੋਕ ਗਮਨ ਕਰ ਗਏ।

ਔਰੰਗਜ਼ੇਬ ਦੇ ਮਨ ਵਿਚ ਦਰਸ਼ਨਾਂ ਦੀ ਅਭਿਲਾਖਾ ਸੀ। ਉਸਨੇ ਚਾਹਿਆ ਕਿ ਮ੍ਰਿਤਕ ਸਰੀਰ ਦੇ ਦਰਸ਼ਨ ਕਰਕੇ ਹੀ ਉਸਦਾ ਪ੍ਰਣ ਤੋੜ ਦੇਵਾਂ। ਤੰਬੂ ਕੋਲ ਗਿਆ, ਅਜਿਹਾ ਭੈ ਡਿੱਠਾ ਪਿੱਛੇ ਮੁੜ ਗਿਆ, ਦਰਸ਼ਨ ਨ ਕਰ ਸਕਿਆ।

ਚੇਤ ਸੁਦੀ ਚੌਦਸ ਸੰਮਤ 1721, ਰਾਤ ਨੂੰ ਗੁਰੂ ਜੀ ਨੇ ਸਰੀਰ ਤਿਆਗਿਆ। ਦਿੱਲੀ ਤੋਂ ਚਾਰ ਕੋਹ ਦੱਖਣ ਵਲ ਗੁਰੂ ਜੀ ਦਾ ਡੇਹਰਾ ਗੁਰਦੁਆਰਾ ਬਾਲਾ ਸਾਹਿਬ ਬਣਿਆ ਹੋਇਆ ਹੈ। ਦਿੱਲੀ ਵਿਚ ਰਿਹਾਇਸ਼ ਸਥਾਨ ਤੇ ਅੱਜ ਬੰਗਲਾ ਸਾਹਿਬ ਗੁਰਦੁਆਰਾ ਸ਼ਸ਼ੋਭਤ ਹੈ।

ਗੁਰੂ ਜੀ ਨੇ ਦੋ ਵੱਡੇ ਕੰਮ ਕੀਤੇ -

ਪਹਿਲਾ ਕਿ ਔਰੰਗਜ਼ੇਬ ਵਰਗੇ ਕੱਟੜ ਬਾਦਸ਼ਾਹ ਦੇ ਸਮੇਂ ਸਿੱਖੀ ਨੂੰ ਅੰਦਰੂਨੀ ਤੇ ਬਾਹਰੀ ਹਮਲਿਆਂ ਤੋਂ ਬਚਾਈ ਰੱਖਿਆ। ਔਰੰਗਜ਼ੇਬ ਨੇ ਰਾਮਰਾਇ ਨੂੰ ਆਪਣੇ ਵਲ ਕਰ ਲਿਆ, ਗੁਰਗੱਦੀ ਵੀ ਰਾਮਰਾਇ ਨੂੰ ਦੁਆਉਣਾ ਚਾਹੁੰਦਾ ਸੀ। ਇਸੇ ਭਾਵਨਾ ਅਧੀਨ ਗੁਰੂ ਜੀ ਨੂੰ ਰਾਜਾ ਜੈ ਸਿੰਘ ਰਾਹੀਂ ਦਿੱਲੀ ਬੁਲਵਾਇਆ ਸੀ। ਇਸਦਾ ਗਿਆਨ ਸਾਰਾ ਗੁਰੂ ਜੀ ਨੂੰ ਸੀ। ਦਿੱਲੀ ਜਾ ਕੇ ਐਸੇ ਕੌਤਕ ਵਰਤਾਏ ਕਿ ਕੁਟਲ ਨੀਤੀ ਸਾਰੀ ਫੇਲ੍ਹ ਹੋ ਗਈ।

ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਜੀ ਵਿਚ ਬਾਲ ਅਵਸਥਾ ਵਿਚ ਹੀ ਪ੍ਰੋੜ ਆਤਮਕ ਗਿਆਨ ਸੀ। ਬਾਲ ਅਵਸਥਾ ਵਿਚ ਹੀ ਪਰਮ ਸਮਰਥ ਸਨ ਅਤੇ ਮੁਕਤੀ ਵਰਗੇ ਜੀਵਨ ਆਦਰਸ਼ ਆਪਣੇ ਸੇਵਕਾਂ ਨੂੰ ਇਕੋ ਤੱਕਣੀ ਵਿਚ ਦੇ ਦਿੰਦੇ ਸਨ -

*ਬਾਲ ਬੈਸ ਬ੍ਰਿਧ ਗਿਆਨ ਪਹਿ*
*ਸਮਰਥ ਸ੍ਰੀ ਗੁਰਦੇਵ॥*
*ਪਰ ਅਰਵਿੰਦਨ ਬੰਦਨ*
*ਮੁਕਤਿ ਪਾਇ ਜਿਨ ਸੇਵ॥*

ਬਾਲ ਅਵਸਥਾ ਤੋਂ ਹੀ ਬਾਲ (ਗੁਰੂ) ਹਰਿਕ੍ਰਿਸ਼ਨ ਜੀ ਅਗਮ ਨਿਗਮ ਦੀਆਂ ਗੱਲਾਂ ਕਰਦੇ ਰਹਿੰਦੇ ਸਨ। ਉਨ੍ਹਾਂ ਦਾ ਇਲਾਹੀ ਪ੍ਰਭਾਵਸ਼ਾਲੀ ਚਿਹਰਾ ਹਰ ਇਕ ਦਰਸ਼ਨ ਕਰਨ ਵਾਲੇ ਨੂੰ ਪ੍ਰਭਾਵਿਤ ਕਰਦਾ ਸੀ। ਇਸੇ ਪ੍ਰਭਾਵਸ਼ਾਲੀ ਸ਼ਖਸ਼ੀਅਤ ਨੂੰ ਮੁੱਖ ਰਖਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਜੀ ਦੀ ਇਲਾਹੀ ਸ਼ਖਸ਼ੀਅਤ ਦੇ ਦਰਸ਼ਨ ਕਰਨ ਵਾਲਿਆਂ ਨੂੰ ਹਰ ਪ੍ਰਕਾਰ ਦੇ ਦੁੱਖਾਂ ਤੋਂ ਛੁਟਕਾਰਾ ਪੁਆਉਣ ਦਾ ਅਸ਼ਵਾਸ਼ਨ ਦਿੰਦਿਆਂ ਲਿਖਿਆ ਹੈ -

***ਸ੍ਰੀ ਹਰਿਕ੍ਰਿਸ਼ਨ ਧਿਆਈਐ***
***ਜਿਸ ਡਿਠੈ ਸਭਿ ਦੁਖੁ ਜਾਇ॥***

# ਕਰਿ ਕੀਰਤਨੁ ਹੋਇ ਉਧਾਰੁ

*ਇੰਜ: ਜਸਵੰਤ ਸਿੰਘ ਸਿਆਣ*

ਜਿਵੇਂ ਪੰਜ ਭੂਤਕ ਸਰੀਰ ਲਈ ਭੋਜਨ ਆਦਿ ਖੁਰਾਕ ਦੀ ਜ਼ਰੂਰਤ ਹੈ, ਠੀਕ ਇਸੇ ਤਰ੍ਹਾਂ ਇਸਦੇ ਅੰਦਰ ਵਸਦੀ ਆਤਮਾ ਦੀ ਖੁਰਾਕ, ਹਰੀ ਦਾ ਕੀਰਤਨ ਹੈ। ਗਾ ਕੇ ਪ੍ਰਮੇਸ਼ਰ ਦੀ ਸਿਫਤ ਸਲਾਹ ਕਰਨ ਨੂੰ ਕੀਰਤਨ ਆਖਦੇ ਹਨ, ਜੋ ਕਿ ਪ੍ਰਮੇਸ਼ਰ ਦੀ ਨੌ ਪ੍ਰਕਾਰ ਦੀ ਭਗਤੀ ਵਿਚੋਂ ਪ੍ਰਮੁੱਖ ਹੈ। ਕੀਰਤਨ ਦੁਆਰਾ ਜੀਵ ਆਤਮਾ ਦੀ ਪ੍ਰਭੂ ਨਾਲੋਂ ਦੂਰੀ ਮਿਟ ਜਾਂਦੀ ਹੈ ਅਤੇ ਨੇੜਤਾ ਦਾ ਅਹਿਸਾਸ ਹੋਣ ਲਗਦਾ ਹੈ ਕਿਉਂਕਿ ਮਨ ਦੀ ਇਕਾਗਰਤਾ 'ਪ੍ਰਭੂ-ਮਿਲਾਪ' ਲਈ ਅਤੀ ਜ਼ਰੂਰੀ ਹੈ। ਸੋ ਮਨ ਦੀ ਇਕਾਗਰਤਾ ਲਈ ਪ੍ਰਭੂ ਦਾ ਕੀਰਤਨ ਇਕ ਯੋਗ ਸਾਧਨ ਹੈ। ਕਲਜੁਗ ਅੰਦਰ ਇਸ ਕੀਰਤਨ ਨੂੰ ਪ੍ਰਧਾਨਗੀ ਮਿਲੀ ਹੈ ਤੇ ਗੁਰੂ ਸਾਹਿਬ ਜੀ ਵਲੋਂ ਹਦਾਇਤ ਵੀ ਹੈ ਕਿ ਪ੍ਰਭੂ ਦਾ ਕੀਰਤਨ ਗਾਉਂਦੇ ਜਾਂ ਸ੍ਰਵਣ ਕਰਦੇ ਸਮੇਂ 'ਧਿਆਨ' ਨੂੰ 'ਸ਼ਬਦ' ਵਿਚ ਲਗਾਉਣਾ ਅਤੀ ਜ਼ਰੂਰੀ ਹੈ -

*ਕਲਜੁਗ ਮਹਿ ਕੀਰਤਨੁ ਪਰਧਾਨਾ*
*ਗੁਰਮੁਖਿ ਜਪੀਐ ਲਾਇ ਧਿਆਨਾ॥ ਪੰਨਾ - 1075*

ਮਨ ਦੀ ਇਕਾਗਰਤਾ ਨਾਲ ਪ੍ਰਭੂ ਦਾ ਕੀਰਤਨ ਗਾਉਣ ਵਾਲੇ ਅਤੇ ਸ੍ਰਵਣ ਕਰਨ ਵਾਲੇ ਕੇਵਲ ਆਪ ਹੀ ਨਹੀਂ ਤਰਦੇ ਬਲਕਿ ਆਪਣੇ ਸੰਗੀ-ਸਾਥੀਆਂ ਨੂੰ ਵੀ ਇਸ ਭਵਜਲ ਰੂਪੀ ਸੰਸਾਰ ਵਿਚੋਂ ਤਾਰ ਕੇ ਪ੍ਰਮੇਸ਼ਰ ਦੀ ਦਰਗਾਹ ਵਿਚ ਮਾਣ ਪਾਉਂਦੇ ਹਨ -

*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥*

*ਪੰਨਾ - 1076*

ਕੀਰਤਨ, ਪ੍ਰਭੂ ਦੀ ਅਮੋਲਕ ਅਤੇ ਅਲੌਕਿਕ ਦਾਤ ਹੈ। ਕਲਜੁਗੀ ਜੀਵਾਂ ਤੇ ਤਰਸ ਖਾ ਕੇ ਪ੍ਰਭੂ ਨੇ ਇਹ ਸਭ ਤੋਂ ਸੁਖੇਨ ਸਾਧਨ ਆਪਣੇ ਤੋਂ ਵਿਛੜੇ ਜੀਵਾਂ ਲਈ ਬਖਸ਼ਿਸ਼ ਕੀਤਾ ਹੈ ਜਿਵੇਂ ਉਹ ਖੁਦ ਆਪ ਵੀ ਆਪਣੇ ਸਿਰਜੇ ਪ੍ਰਾਣੀਆਂ ਦੇ ਮਿਲਾਪ ਲਈ ਝੋਲੀ ਅੱਡੀ ਬੈਠਾ ਹੋਵੇ -

*ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ*
*ਸਤਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ।*

*ਭਾਈ ਗੁਰਦਾਸ ਜੀ*

ਇਸ ਇਲਾਹੀ ਬਖਸ਼ਿਸ਼ ਦੀ ਤੁਲਨਾ ਬ੍ਰਹਿਮੰਡ ਦੀ ਕਿਸੇ ਹੋਰ ਵਸਤੂ ਨਾਲ ਨਹੀਂ ਹੋ ਸਕਦੀ। ਭਾਵੇਂ ਕੋਈ ਮਨੁੱਖ ਵਿਧੀ ਪੂਰਬਕ ਲੱਖਾਂ ਅਸੁਮੇਧ ਜਗ ਕਰਦਾ ਫਿਰੇ, ਅਪਣੇ ਸਰੀਰ ਦੇ ਵਜਨ ਤੁਲ ਸੋਨਾ ਆਦਿ ਦਾਨ ਕਰ ਦੇਵੇ, ਪ੍ਰਾਗ ਆਦਿ ਤੀਰਥਾਂ ਤੇ ਇਸ਼ਨਾਨ ਕਰਕੇ ਪਵਿੱਤਰ ਬਣਿਆ ਫਿਰੇ, ਪਰ ਇਨ੍ਹਾਂ ਵਿਚੋਂ ਕੋਈ ਵੀ ਵਸਤੂ ਪ੍ਰਮੇਸ਼ਰ ਦੀ ਸਿਫਤ ਸਲਾਹ ਦੇ ਕੀਰਤਨ ਤੁੱਲ ਨਹੀਂ ਹੋ ਸਕਦੀ। ਭਗਤ ਨਾਮਦੇਵ ਜੀ ਦਾ ਪਵਿੱਤਰ ਬਚਨ ਹੈ-

*ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ॥*
*ਪ੍ਰਾਗ ਇਸਨਾਨੇ॥ ਤਉ ਨ ਪੁਜਹਿ ਹਰਿ ਕੀਰਤਿ ਨਾਮਾ॥*

*ਪੰਨਾ - 873*

ਸਿੱਖ ਧਰਮ ਵਿਚ ਕੀਰਤਨ ਦੀ ਮਰਿਆਦਾ ਨੂੰ ਧੰਨ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਨੇ ਨਿਯਮਿਤ ਰੂਪ ਵਿਚ ਪਰਪੱਕ ਕੀਤਾ। ਆਪ ਨੇ ਜਦੋਂ ਧਿਆਨ ਧਰ ਕੇ ਦੇਖਿਆ ਕਿ ਸਾਰਾ ਸੰਸਾਰ ਹਉਮੈ ਦੇ ਭਰਮ-ਭੁਲਾਵੇ ਅਤੇ ਮਾਇਆ ਦੀ ਅੱਗ ਵਿਚ ਸੜ ਰਿਹਾ ਹੈ, ਕਰਮ ਧਰਮ ਸਭ ਪਾਖੰਡ ਬਣ ਗਏ ਹਨ ਤਾਂ ਕੁਰਲਾ ਰਹੀ ਮਨੁੱਖਤਾ ਤੇ ਤਰਸ ਖਾ ਕੇ ਜਦੋਂ ਆਪ ਨੇ ਸੁਲਤਾਨਪੁਰ ਤੋਂ ਲੁਕਾਈ ਨੂੰ ਸੋਧਣ ਦਾ ਬੀੜਾ ਚੁਕਿਆ ਤਾਂ ਸਭ ਤੋਂ ਪਹਿਲਾਂ ਆਪ ਜੀ ਨੇ ਇਕ ਚੰਗੇ ਰਬਾਬੀ, ਭਾਈ ਮਰਦਾਨੇ ਨੂੰ ਆਪਣਾ ਸਾਥੀ ਚੁਣਿਆ, ਕਿਉਂਕਿ ਕੀਰਤਨ ਦੀ ਅਮੋਲਕ ਦਾਤ ਦੁਆਰਾ ਹੀ ਬਾਬੇ ਨੇ ਸੱਤ ਦੇ ਇਲਾਹੀ ਉਪਦੇਸ਼ ਨੂੰ ਘਰ-ਘਰ ਪਹੁੰਚਾ ਕੇ, ਸਮੁੱਚੀ ਮਨੁੱਖਤਾ ਦਾ ਭਲਾ ਕਰਨਾ ਸੀ। ਗੁਰੂ ਸਾਹਿਬ ਦੇ ਪਵਿੱਤਰ ਮੁਖਾਰਬਿੰਦ ਤੋਂ ਉਚਾਰਿਆ ਹਰੀ ਦਾ ਕੀਰਤਨ ਇਕ ਵੱਡੀ ਕਰਾਮਾਤ ਹੋ ਨਿਬੜਿਆ। ਇਲਾਹੀ ਕੀਰਤਨ ਦੀ ਰਹਿਮਤ ਸਦਕਾ ਕੌਡੇ ਵਰਗੇ ਰਾਖਸ਼, ਆਦਮਖੋਰੀ ਤਿਆਗ ਗਏ; ਸੱਜਣ ਜਿਹੇ ਠੱਗ ਅਸਲ ਵਿਚ ਸੱਜਣ ਬਣ ਗਏ; ਭੂਮੀਏ ਜਿਹੇ ਚੋਰ, ਸਾਧ ਬਣ ਗਏ; ਬਾਬਰ ਵਰਗੇ ਅਤਿਆਚਾਰੀ, ਜ਼ੁਲਮ ਛੱਡ ਚਰਨੀਂ ਢਹਿ ਪਏ ਅਤੇ ਮਲਿਕ ਭਾਗੋ ਵਰਗਿਆਂ, ਹੰਕਾਰ ਅਤੇ ਬੇਈਮਾਨੀ ਤੋਂ ਤੋਬਾ ਕਰ, ਸੇਵਕ ਅਤੇ ਸੱਚੇ ਕਿਰਤੀ ਬਣ ਜਾਣ ਵਿਚ ਭਲਾ ਸਮਝਿਆ। ਗੱਲ ਕੀ, ਕੀਰਤਨ ਦੇ ਤੀਖਣ ਪ੍ਰਭਾਵ ਤੋਂ ਕੋਈ ਵੀ ਪ੍ਰਾਣੀ ਅਭਿੱਜ ਨਾ ਰਿਹਾ। ਇਸ ਵਿਚੋਂ ਨਿਕਲੀਆਂ ਅਦਿੱਖ-ਸੂਖਸ਼ਮ ਲਹਿਰਾਂ, ਮਨੁੱਖੀ ਹਿਰਦਿਆਂ ਨੂੰ ਤਾਂ ਕੀ, ਪਸ਼ੂ-ਪੰਛੀਆਂ ਦੇ ਹਿਰਦਿਆਂ ਨੂੰ ਵੀ ਜਾ ਟੁੰਬਦੀਆਂ। ਜਦੋਂ ਬਾਬਾ ਇਹ ਕਹਿ ਕੇ ਧੁਰ ਕੀ ਬਾਣੀ ਨੂੰ ਅਲਾਪਦਾ ਕਿ ਛੇੜ ਮਰਦਾਨਿਆ ਰਬਾਬ, ਬਾਣੀ ਆਈ ਹੈ ਤਾਂ ਮਾਨੋ ਸਮੁੱਚਾ ਬ੍ਰਹਿਮੰਡ, ਬੈਕੁੰਠ ਬਣ ਜਾਂਦਾ ਅਤੇ ਇਸ ਬੈਕੁੰਠ ਦਾ ਅਨੰਦ ਲੈਣ ਵਾਲੇ ਕਿਸੇ ਵਿਸਮਾਦੀ-ਅਨੰਦ ਵਿਚ ਤ੍ਰਿਪਤ ਹੋ, ਪ੍ਰਭੂ-ਪ੍ਰੇਮ ਵਿਚ ਡੁੱਬ ਜਾਂਦੇ।

ਪੰਚਮ ਪਾਤਸ਼ਾਹ ਜੀ ਦਾ ਪਵਿੱਤਰ ਉਪਦੇਸ਼ ਹੈ ਕਿ ਹੇ ਪ੍ਰਾਣੀ! ਅੰਤ ਸਮੇਂ ਜਿਸ ਰਸਤੇ ਨੂੰ ਤੂੰ ਪਾਰ ਕਰਕੇ ਜਾਣਾ ਹੈ, ਉਹ ਬੜਾ ਬਿਖਮ ਹੈ, ਭਿਆਨਕ ਹੈ ਅਤੇ ਮੌਤ ਹਮੇਸ਼ਾ ਤੇਰੇ ਸਿਰ ਤੇ ਖੜ੍ਹੀ ਸਮੇਂ ਦਾ ਇੰਤਜ਼ਾਰ ਕਰ ਰਹੀ ਹੈ। ਇਸ ਲਈ ਤੂੰ ਗੁਰੂ ਦੇ ਚਰਨੀਂ ਲੱਗ ਕੇ ਉਸ ਪ੍ਰਮੇਸ਼ਰ ਦੀ ਸਿਫਤ ਸਲਾਹ ਦਾ ਕੀਰਤਨ ਕਰਿਆ ਕਰ। ਜਿੰਨ੍ਹਾਂ ਪ੍ਰਮੇਸ਼ਰ ਦੀ ਸਿਫਤ ਸਲਾਹ ਦਾ ਕੀਰਤਨ ਛੱਡ ਕੇ ਵੱਡੇ-ਵੱਡੇ ਜੱਗ ਕੀਤੇ, ਹਵਨ ਕੀਤੇ, ਤੀਰਥਾਂ ਤੇ ਜਾ ਜਾ ਇਸਨਾਨ ਕੀਤੇ, ਉਹ ਤਾਂ ਹਉਮੈ ਵਿਚ ਹੀ ਫਸ ਕੇ ਰਹਿ ਗਏ ਅਤੇ ਉਨ੍ਹਾਂ ਨੂੰ ਨਰਕ ਅਤੇ ਸਵਰਗ ਦੋਨੋਂ ਹੀ ਭੋਗਣੇ ਪਏ ਪਰ ਮੁਕਤੀ ਨਾ ਮਿਲੀ ਕਿਉਂਕਿ ਹਵਨ, ਯੱਗ ਆਦਿ ਕਰਕੇ ਉਨ੍ਹਾਂ ਦੇ ਮਨ ਵਿਚ ਸ਼ਿਵ ਪੁਰੀ, ਇੰਦ੍ਰਪੁਰੀ, ਬ੍ਰਹਮਪੁਰੀ ਆਦਿ ਨੂੰ ਭੋਗਣ ਦੀ ਭਾਵਨਾ ਬਣ ਗਈ ਪਰ ਇਨ੍ਹਾਂ ਵਿਚੋਂ ਤਾਂ ਕੋਈ ਵੀ ਸਥਿਰ ਨਹੀਂ। ਕੇਵਲ ਪ੍ਰਭੂ ਦਾ ਸਿਮਰਨ ਹੀ ਮੁਕਤੀ ਦਾ ਦਾਤਾ ਹੈ। ਬਿਨਾਂ ਸਿਮਰਨ ਤੋਂ ਜਨਮ ਮਰਨ ਦੇ ਗੇੜ ਵਿਚ ਪਏ ਰਹੀਦਾ ਹੈ। ਸੋ ਅਖੀਰ ਵਿਚ ਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ ਹੇ ਭਾਈ, ਜੋ ਉਪਦੇਸ਼ ਮੈਨੂੰ ਵਾਹਿਗੁਰੂ ਜੀ ਦੇ ਦੂਰ ਬਖਸ਼ਿਸ਼ ਹੋਇਆ ਹੈ, ਉਹ ਮੈਂ ਤੁਹਾਨੂੰ ਦੱਸ ਰਿਹਾ ਹਾਂ ਕਿ ਪ੍ਰਭੂ ਦੇ ਗੁਣ ਗਾਉਣ ਨਾਲ ਹੀ ਜੀਵ ਦਾ ਉਧਾਰ ਹੋਏਗਾ -

*ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥*
*ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ॥*
*ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥*
*ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ॥*

*ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥*
*ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥*

*ਪੰਨਾ - 214*

ਗੁਰੂ ਅਮਰਦਾਸ ਜੀ ਮਹਾਰਾਜ ਪ੍ਰਭੂ ਮਿਲਾਪ ਦੀ ਘਟਨਾ ਨੂੰ ਇਉਂ ਦੱਸਦੇ ਹਨ ਕਿ ਪ੍ਰਮੇਸ਼ਰ ਦੇ ਦਰ ਦਾ ਢਾਡੀ ਹੋਣ ਕਰਕੇ ਜਦੋਂ ਮੇਰੀ ਫਰਿਆਦ ਅਕਾਲ ਪੁਰਖ ਦੇ ਦਰ ਪ੍ਰਵਾਨ ਹੋਈ ਤੇ ਮੈਨੂੰ ਪ੍ਰਭੂ ਜੀ ਦੇ ਦਰਸ਼ਨ ਪ੍ਰਾਪਤ ਹੋਏ ਤਾਂ ਪ੍ਰਭੂ ਨੇ ਪੁਛਿਆ ਕਿ ਹੇ ਢਾਡੀ! ਤੂੰ ਕਿਸ ਕੰਮ ਆਇਆ ਹੈਂ? ਤਾਂ ਮੈਂ ਬੇਨਤੀ ਕੀਤੀ ਕਿ ਹੇ ਪ੍ਰਭੂੰ, ਕ੍ਰਿਪਾ ਕਰੋ, ਮੈਨੂੰ ਤੇਰਾ ਸਿਮਰਨ ਹਮੇਸ਼ਾ ਪ੍ਰਾਪਤ ਹੁੰਦਾ ਰਹੇ -

*ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥*
*ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥*
*ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ॥*
*ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ॥*
*ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ॥*

*ਪੰਨਾ - 91*

ਠੀਕ ਇਸੇ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਮੈਂ ਤਾਂ ਬੇਕਾਰ ਸਾਂ, ਪ੍ਰਭੂ ਨੇ ਮੈਨੂੰ ਆਪਣੇ ਦਰ ਦਾ ਢਾਡੀ ਬਣਾ ਕੇ ਅਸਲੀ ਕੰਮ ਤੇ ਲਾ ਦਿਤਾ ਅਤੇ ਦਰਗਾਹੋਂ ਹੁਕਮ ਕੀਤਾ ਕਿ ਭਾਵੇਂ ਦਿਨ ਹੋਏ ਜਾਂ ਰਾਤ, ਇਹ ਪ੍ਰਭੂ ਸਿਫਤ ਸਲਾਹ ਦਾ ਕੀਰਤਨ ਕਰਦੇ ਰਹੋ।

ਇਹ ਸੰਸਾਰ ਇਕ ਭਿਆਨਕ ਸਮੁੰਦਰ ਦੀ ਨਿਆਈਂ ਹੈ। ਇਸ ਸਮੁੰਦਰ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਾ-ਚੁਗਲੀ, ਈਰਖਾ ਬਖੀਲੀ ਆਦਿ ਦੀਆਂ ਛੱਲਾਂ ਬੜੀਆਂ ਪ੍ਰਬਲ ਹਨ। ਵਿਚਾਰੇ ਜੀਵ ਦੀ ਕੀ ਮਜਾਲ ਕਿ ਇਸਨੂੰ ਪਾਰ ਕਰ ਜਾਏ। ਪਰ ਸਾਧ ਸੰਗਤ ਵਿਚ ਬੈਠ ਕੇ, ਪ੍ਰਭੂ ਜੀ ਦੇ ਸੋਹਣੇ ਚਰਨਾਂ ਦਾ ਆਸਰਾ ਲਿਆਂ, ਉਸਦੀ ਸਿਫਤ ਸਲਾਹ ਦਾ ਕੀਰਤਨ ਕਰਕੇ ਇਸ ਖੌਫਨਾਕ ਸਾਗਰ ਵਿਚੋਂ ਸਹਿਜੇ ਹੀ ਤਰ ਜਾਈਦਾ ਹੈ -

*ਚਰਣ ਕਮਲ ਸਰਣੰ ਰਮਣੰ ਗੋਪਾਲ ਕੀਰਤਨਹ।*
*ਸਾਧ ਸੰਗੇਣ ਤਰਣੰ ਨਾਨਕ ਮਹਾ ਸਾਗਰ ਭੈ ਦੁਤਰਹ॥*

*ਪੰਨਾ - 1378*

ਜਿਸ ਅਸਥਾਨ ਤੇ ਪ੍ਰਮੇਸ਼ਰ ਦਾ ਕੀਰਤਨ ਹੁੰਦਾ ਹੋਵੇ, ਉਸ ਅਸਥਾਨ ਤੇ ਦੇਵ ਲੋਕ ਦੇ ਦੇਵਤੇ ਅਤੇ ਸਵੈ-ਪ੍ਰਮੇਸ਼ਰ ਜੀ ਆਪ ਨਿਵਾਸ ਰੱਖਦੇ ਹਨ। ਨਾਰਦ ਹੱਥ ਵਿਚ ਵੀਣਾ ਲੈ ਕੇ ਪ੍ਰਭੂ ਦਾ ਕੀਰਤਨ ਕਰਿਆ ਕਰਦਾ ਸੀ ਕਿ ਇਕ ਦਿਨ ਪ੍ਰਮੇਸ਼ਰ ਜੀ ਨੇ ਜਦੋਂ ਨਾਰਦ ਨੂੰ ਦਰਸ਼ਨ ਦਿਤੇ ਤਾਂ ਨਾਰਦ ਨੇ ਪੁੱਛਿਆ, 'ਹੇ ਪਿਆਰੇ ਪ੍ਰਭੂ ਜੀ, ਮੈਂ ਤੁਹਾਨੂੰ ਮਿਲਣ ਲਈ ਬੜੇ ਸਮੇਂ ਤੋਂ ਭਟਕ ਰਿਹਾ ਸਾਂ। ਕ੍ਰਿਪਾ ਕਰਕੇ ਤੁਸੀਂ ਇਹ ਤਾਂ ਦੱਸੋ ਕਿ ਤੁਸੀਂ ਰਹਿੰਦੇ ਕਿੱਥੇ ਹੋ?' ਤਾਂ ਪ੍ਰਭੂ ਨੇ ਪ੍ਰਸੰਨ ਹੋ ਕੇ ਆਖਿਆ, 'ਹੇ ਨਾਰਦ! ਨਾ ਮੈਂ ਅਕਾਸ਼ ਵਿਚ, ਨਾ ਪਤਾਲ ਵਿਚ ਹਾਂ, ਨਾ ਮੈਂ ਸਵਰਗਾਂ ਵਿਚ ਹਾਂ, ਨਾ ਮੈਂ ਯੋਗੀਆਂ ਦੀਆਂ ਸੁੰਨ ਸਮਾਧੀਆਂ ਵਿਚ ਹਾਂ; ਮੈਂ ਤਾਂ ਉਥੇ ਨਿਵਾਸ ਰੱਖਦਾ ਹਾਂ ਜਿੱਥੇ ਮੇਰੇ ਪਿਆਰੇ, ਮੈਨੂੰ ਪ੍ਰੇਮ-ਭਾਉ ਨਾਲ ਗਾਉਂਦੇ ਹੋਣ।' ਇਕ ਵਾਰੀ ਗੁਰੂ ਰਾਮਦਾਸ ਜੀ ਮਹਾਰਾਜ ਕੋਲ ਪ੍ਰੇਮੀ ਸਿੱਖ ਆ ਕੇ ਪੁੱਛਣ ਲੱਗੇ, 'ਮਹਾਰਾਜ, ਸਾਡਾ ਉਧਾਰ ਕਿਵੇਂ ਹੋਵੇ?' ਤਾਂ ਸਤਿਗੁਰੂ ਜੀ ਫੁਰਮਾਇਆ ਕਿ ਕਲਜੁਗ ਅੰਦਰ ਕੀਰਤਨ ਸਮਾਨ ਕੋਈ ਤਪ ਨਹੀਂ। ਤੁਸੀਂ ਪ੍ਰਮੇਸ਼ਰ ਦਾ ਕੀਰਤਨ ਕੀਤਾ ਕਰੋ। ਫਿਰ ਸਿੱਖਾਂ ਬੇਨਤੀ ਕੀਤੀ ਕਿ ਮਹਾਰਾਜ ਕਥਾ ਕੀਰਤਨ ਤੇ ਪਾਠ ਦਾ ਫਲ ਭਿੰਨ-ਭਿੰਨ ਪ੍ਰਕਾਰ ਕਹੀਐ।

ਫਿਰ ਸਤਿਗੁਰ ਜੀ ਨੇ ਫੁਰਮਾਨ ਕੀਤਾ ਕਿ ਗੁਰਬਾਣੀ ਦਾ ਪਾਠ, ਪੈਲ਼ੀ ਨੂੰ ਖੂਹ ਦੁਆਰਾ ਸੇਂਜੀ ਦੇ ਨਿਆਈ ਹੈ। ਜਿੱਥੇ-ਜਿੱਥੇ ਪਾਣੀ ਜਾਂਦਾ ਹੈ, ਫਸਲ ਹਰੀ ਭਰੀ ਹੋ ਜਾਂਦੀ ਹੈ। ਪਰ ਹਰੀ ਦਾ ਕੀਰਤਨ, ਮੇਘ ਦੇ ਸਮਾਨ ਹੈ। ਮੇਘ ਵਰਸਦਾ ਹੈ, ਦੂਰ-ਦੂਰ ਤੱਕ ਫਸਲਾਂ ਹਰੀਆਂ ਹੋ ਜਾਂਦੀਆਂ ਹਨ, ਖੁਸ਼ਹਾਲੀ ਆ ਜਾਂਦੀ ਹੈ।

ਹਰੀ ਦਾ ਕੀਰਤਨ ਸ੍ਰਵਣ ਕਰਨ ਨਾਲ ਮਨ ਐਸਾ ਦ੍ਰਵ ਜਾਂਦਾ ਹੈ ਕਿ ਅੰਦਰ ਛਿਪੇ ਪਾਪ, ਅਗਿਆਨਤਾ, ਭਰਮ, ਰਾਗ, ਦ੍ਵੈਸ਼, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਖੋਟੇ ਪਦਾਰਥ ਫੁੱਟ-ਫੁੱਟ ਕੇ ਬਾਹਰ ਆਉਣੇ ਸ਼ੁਰੂ ਹੋ ਜਾਂਦੇ ਹਨ। ਮਾਨੋ, ਮਨ ਦਾ ਇਸ਼ਨਾਨ ਹੋ ਰਿਹਾ ਹੈ। ਵੱਡੇ ਵੱਡੇ ਜੋਗੀਸ਼ਰ ਹਠ, ਤਪ ਆਦਿ ਕਰਕੇ ਜੋ ਇਕਾਗਰਤਾ ਹਾਸਲ ਕਰਦੇ ਵੀ ਹੋਣਗੇ ਪਰ ਗੁਰਮੁਖ ਤਾਂ ਕੀਰਤਨ ਭਗਤੀ ਦੁਆਰਾ ਇਸ ਇਕਾਗਰਤਾ ਦਾ ਅਨੰਦ ਸਹਿਜੇ ਹੀ ਮਾਣਦੇ ਹਨ। ਵੱਡੇ-ਵੱਡੇ ਯੋਗੀਆਂ ਦਾ ਮਨ ਤਾਂ ਹਠ, ਤਪ ਕਰਕੇ ਕ੍ਰੋਧਿਤ ਹੋ ਜਾਂਦਾ ਹੈ ਪਰ ਗੁਰਮੁਖਾਂ ਦਾ ਹਿਰਦਾ ਅਤਿ ਸ਼ੀਤਲਤਾ ਧਾਰਨ ਕਰਕੇ ਪ੍ਰੇਮ-ਅਨੰਦ ਵਿਚ ਲੀਨ ਰਹਿੰਦਾ ਹੈ। ਪ੍ਰਭੂ-ਪ੍ਰੇਮ ਵਿਚ ਰੰਗੇ ਮਨਾਂ ਦਾ ਅਕਸਰ ਪ੍ਰਮੇਸ਼ਰ ਨਾਲ ਲੇਵਾ-ਦੇਵੀ ਦਾ ਵਣਜ ਕਦੋਂ ਹੋ ਜਾਂਦਾ ਹੈ, ਇਹ ਪਤਾ ਵੀ ਨਹੀਂ ਲੱਗਦਾ। ਜਦੋਂ ਸੰਗਤ ਵਿਚ ਬੈਠ, ਸਾਰੇ ਬਿਨਾਂ ਕਿਸੇ ਊਚ-ਨੀਚ, ਭਿੰਨ-ਭੇਦ ਤੋਂ ਪ੍ਰਭੂ ਕੀਰਤੀ ਵਿਚ ਜੁੜਦੇ ਹਨ ਤਾਂ ਕੀਰਤਨ ਕਰਨ ਅਤੇ ਸੁਣਨ ਵਾਲਿਆਂ ਤੇ ਰੱਬੀ ਰਹਿਮਤ ਦੀ ਐਸੀ ਵਰਖਾ ਹੁੰਦੀ ਹੈ ਕਿ ਜੀਵ ਆਤਮਾ ਅਤੇ ਪ੍ਰਮਾਤਮਾ ਵਿਚਕਾਰ 'ਕੂੜ ਦੀ ਕੰਧ' ਮਿਟਣ ਲੱਗਦੀ ਹੈ ਅਤੇ ਕੀਰਤਨ ਦਾ ਅਨੰਦ ਲੈਣ ਵਾਲੇ ਮਾਨਸਿਕ ਤੌਰ ਤੇ ਐਸੇ ਤ੍ਰਿਪਤ ਹੋ ਜਾਂਦੇ ਹਨ ਕਿ ਕਈ ਵਾਰੀ ਤਾਂ ਦੁਨੀਆਂ ਲਈ ਮਿਸਾਲ ਹੀ ਬਣ ਜਾਂਦੀ ਹੈ।


ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਰਾਗੀ ਭਾਈ ਮਨਸਾ ਸਿੰਘ ਬੜੇ ਸਬਰ ਸੰਤੋਖ ਵਾਲੇ ਗੁਰਮੁਖ ਸਨ ਜੋ ਕਿ ਬਹੁਤ ਹੀ ਸਾਦਾ ਜੀਵਨ ਬਤੀਤ ਕਰਦੇ ਸਨ। ਇਕ ਵਾਰੀ ਮਹਾਰਾਜਾ, ਉਨ੍ਹਾਂ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਦੀ ਆਰਥਕ ਦਸ਼ਾ ਕਮਜ਼ੋਰ ਜਾਣ ਕੇ, ਮੋਹਰਾਂ ਦਾ ਥਾਲ ਭਰ ਕੇ ਉਨ੍ਹਾਂ ਨੂੰ ਜਦੋਂ ਭੇਟ ਕਰਨ ਗਿਆ ਤਾਂ ਭਾਈ ਸਾਹਿਬ ਨੇ ਘਰ ਦੇ ਦਰਵਾਜ਼ੇ ਬੰਦ ਕਰ ਲਏ ਅਤੇ ਭੇਟਾ ਲੈਣ ਤੋਂ ਇਹ ਆਖ ਕੇ ਇਨਕਾਰ ਕਰ ਦਿਤਾ ਕਿ ਜੇ ਉਨ੍ਹਾਂ ਨੂੰ ਮਾਇਆ ਦੀ ਜ਼ਰੂਰਤ ਹੋਵੇਗੀ ਤਾਂ ਉਹ ਖੁਦ ਹੀ ਧੰਨ ਗੁਰੂ ਰਾਮਦਾਸ ਜੀ ਪਾਸੋਂ ਮੰਗ ਲੈਣਗੇ।

ਪ੍ਰਮੇਸ਼ਰ ਖੁਦ ਆਪਣੀ ਸਿਫਤ-ਸਲਾਹ ਦਾ ਭੁੱਖਾ ਨਹੀਂ ਪਰ ਅਸੀਂ ਆਪਣੀ ਆਤਮਿਕ ਭੁੱਖ ਨੂੰ ਮਿਟਾਉਣ, ਮੁੜ ਆਪਣੇ ਮੁਖ ਸੋਮੇ ਨਾਲ ਜੁੜਨ, ਤ੍ਰਿਪਤ ਅਤੇ ਸੁਖੀ ਹੋਣ ਲਈ ਉਸ ਪ੍ਰਮੇਸ਼ਰ ਨਾਲ ਜੁੜਦੇ ਹਾਂ -

*ਤੁਮ ਪੂਰਨ ਪੂਰਿ ਰਹੇ ਸੰਪੂਰਨ*
*ਹਮ ਭੀ ਸੰਗਿ ਅਘਾਏ॥* *ਪੰਨਾ - 884*

# ਦੂਸਰੇ ਰਤਨ
# ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ

ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 16)



ਅਸੀਂ ਉਪਰ ਦੱਸ ਚੁਕੇ ਹਾਂ ਕਿ ਸਤਿਗੁਰੂ ਜੀ ਜਗਤ ਦੇ ਸਰੂਪ ਤੇ ਆਤਮ ਗਿਆਨ ਨੂੰ ਪ੍ਰਤੱਖ ਤਕ ਕੇ ਉਸ ਅੰਦਰ ਲਿਵਲੀਨ ਹੋ ਕੇ ਹਰ ਰਸ ਤੇ ਰੂਪ ਵਿਚ ਵਸ ਰਹੇ ਨਿਜ ਆਤਮਾ ਨੂੰ ਹੀ ਪ੍ਰਤੱਖ ਤੱਕ ਕੇ ਇਸ ਤਪਦੇ ਸੰਸਾਰ ਨੂੰ ਠਾਰਨਾ ਤੇ ਉਸ ਲਈ ਸੁਖੀ ਕਰਨ ਦੇ ਸਾਧਨ ਜੋੜਨ ਤੇ ਸਤ ਮਾਰਗ ਦਾ ਸੰਸਾਰ ਨੂੰ ਪਥ ਪ੍ਰਦਰਸ਼ਨ ਕਰਨਾ, ਇਹ ਪਾਵਨ ਸਿੱਖ ਮਤਿ ਦਾ ਮਹਾਨ ਤੇ ਮੁੱਢਲਾ ਅੰਗ੍ਰੀਵ ਤੱਤ ਹੈ। ਸੰਸਾਰ ਦੇ ਕਰਮ ਕਰਦਿਆਂ ਨਿਹਕਰਮ ਤੇ ਮਾਇਆ ਅੰਦਰ ਉਦਾਸੀ, ਗੁਰਮੁਖਾਂ ਦਾ ਧਰਮ ਹੈ। ਉਸਦਾ ਧਾਰਨੀਕ ਹੋ ਕੇ ਸੰਸਾਰ ਦੇ ਭਲੇ ਹਿਤ ਹਰ ਕਦਮ ਚੁਕਣਾ ਤੇ ਕਦੇ ਪੈਰ ਪਿਛਾਂਹ ਨ ਹਟਾਣਾ, ਇਹ ਸਿਖੀ ਦਾ ਮੁੱਢਲਾ ਕਰਮ ਹੈ। ਇਹ ਅਕਹਿ ਸ਼ਕਤੀ ਤੇ ਪਰਮ ਤੱਤ ਨੂੰ ਹਰ ਸਮੇਂ ਕਿਸੇ ਮਹਾਨ ਵਿਅਕਤੀ ਰਾਹੀਂ ਉਤਸ਼ਾਹਨ ਮਿਲਦੀ ਹੈ।

ਐਸੇ ਹੀ ਯੁਗ ਪੁਰਸ਼ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਚੇਤ ਸੁਦੀ ਪੰਚਮੀ, ਦਿਨ ਐਤਵਾਰ, ਸੰਮਤ ੧੮੧੨ ਨੂੰ ਬੇਦੀ ਅਜੀਤ ਸਿੰਘ ਜੀ ਊਨਾ ਦੇ ਗ੍ਰਿਹਿ ਵਿਖੇ ਮਾਤਾ ਸਰੂਪ ਦੇਈ ਦੀ ਕੁੱਖ ਵਿਚੋਂ ਅੰਮ੍ਰਿਤ ਵੇਲੇ ਦੇ ਮਹਾਨ ਪਵਿੱਤਰ ਤੇ ਦੇਵ ਸਮੇਂ ਹੋਇਆ। ਬਾਬਾ ਅਜੀਤ ਸਿੰਘ ਜੀ ਉਸ ਸਮੇਂ ਪੂਰਬ ਵਲ ਗਏ ਹੋਏ ਸਨ। ਸ੍ਰੀ ਪਟਨੇ ਸਾਹਿਬ ਉਨ੍ਹਾਂ ਨੂੰ ਬੱਚੇ ਦੇ ਜਨਮ ਦੀ ਖਬਰ ਭੇਜੀ ਗਈ। ਇਹ ਸੁਣ ਕੇ ਉਨ੍ਹਾਂ ਸ੍ਰੀ ਤਖਤ, ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿਖੇ ਕੜਾਹ ਪ੍ਰਸ਼ਾਦਿ ਕਰਵਾ ਕੇ ਅਰਦਾਸ ਕਰਵਾਈ, "ਸਚੇ ਪਾਤਸ਼ਾਹ! ਆਉਣ ਵਾਲਾ ਸਪੁਤਰ ਕੁਲ ਦਾ ਰੌਸ਼ਨ-ਮੁਨਾਰਾ ਤੇ ਕੌਮ ਦਾ ਸਾਥੀ ਤੇ ਤੇਰੇ ਨਾਮ ਨੂੰ ਚੌਤਰਫੇ ਫੈਲਾਣ ਵਾਲਾ ਹੋਵੇ।" ਇਹ ਅਰਦਾਸ ਐਸੇ ਰੰਗ ਵਿਚ ਹੋਈ ਕਿ ਸਾਰੀ ਹਾਜ਼ਰ ਸੰਗਤ ਨੇ ਮਨੋਂ ਅਰਦਾਸ ਕੀਤੀ ਤੇ ਸਾਹਿਬਜ਼ਾਦੇ ਬਾਰੇ ਮੰਗਲ ਮਈ ਕਾਮਨਾਵਾਂ ਕੀਤੀਆਂ। ਸਾਰੀ ਸੰਗਤ ਤੇ ਹੋਰ ਸਨੇਹੀਆਂ ਤੇ ਮਿਤਰਾਂ, ਫਿਰ ਉਨ੍ਹਾਂ ਦੇ ਸਤਸੰਗੀਆਂ ਵਲੋਂ ਹਜ਼ਾਰਾਂ ਰੁਪਿਆਂ ਦੇ ਉਪਹਾਰ ਛੋਟੇ ਸਾਹਿਬਜ਼ਾਦੇ ਹਿਤ ਮਿਲ ਗਏ ਜੋ ਕਿ ਬੇਦੀ ਸਾਹਿਬ ਨੇ ਊਨੇ ਸਾਹਿਬ ਭੇਜ ਦਿਤੇ।

ਕਹਿੰਦੇ ਨੇ, ਹੋਣਹਾਰ ਦਰਖਤ ਦੇ ਪੱਤੇ ਚਿਕਨੇ ਹੁੰਦੇ ਹਨ; ਪਿਛੋਂ ਜਾ ਕੇ ਵੱਡਾ ਹੋਣ ਵਾਲਾ ਮਨੁੱਖ ਬਚਪਨ ਅੰਦਰ ਹੀ ਕਰਮ ਕਰਤੱਵਯ ਤੇ ਵਿਚਾਰ ਦੀ ਉਚਤਾ ਕਰਕੇ ਪੂਜਣ ਯੋਗ ਹੋ ਜਾਂਦਾ ਹੈ। ਬਾਬਾ ਸਾਹਿਬ ਸਿੰਘ ਜੀ ਛੋਤੀ ਹੀ ਪਾਂਧੇ ਪਾਸ ਪੜ੍ਹਨ ਬੈਠੇ ਤਾਂ ਗੁਰਬਾਣੀ ਤਾਂ ਘਰ ਪੜ੍ਹਨੀ ਪਰ ਗਣਿਤ ਸ਼ਾਸ਼ਤਰ ਆਦਿਕ ਬਾਹਰ ਪੰਡਤ ਤੋਂ ਪੜ੍ਹ ਲੈਣ। ਲੋਕ, ਆਪ ਜੀ ਦੀ ਤੀਖਣ ਬੁੱਧੀ ਵਿਚਾਰਾਂ ਦੀ ਵਿਸ਼ਾਲਤਾ ਅਤੇ ਗਹਿਰਾਈਆਂ ਤਕ ਕੇ ਕੁਝ ਪਾਂਧੇ ਨੂੰ ਗਿਲੇ ਗੁਜਾਰੀਆਂ ਕੀਤੀਆਂ ਕਿ ਤੁਸੀਂ ਛੋਟੇ ਤੇ ਵੱਡੇ ਲੋਕਾਂ ਦੇ ਬੱਚਿਆਂ ਵਿਚ ਵਿਤਕਰੇ ਕਰਦੇ ਹੋ ਪਰ ਪਾਂਧਾ ਵਿਚਾਰਾ ਆਪ ਹੈਰਾਨ ਸੀ ਕਿ ਉਹ ਕੀ ਕਰੇ? ਉਹ ਸਾਫ ਆਖਦਾ ਸੀ ਕਿ ਸਾਹਿਬਜ਼ਾਦੇ ਦੀ ਬੁੱਧੀ ਨੂੰ ਆਮ ਬੱਚਿਆਂ ਦੀ ਬੁੱਧੀ ਨਾਲ ਮੇਲ ਨਹੀਂ ਜੁੜਦਾ। ਉਹ ਇਕ ਅਸਧਾਰਨ ਬਲ-ਬੁੱਧੀ ਤੇ ਵਿਚਾਰਧਾਰਾ ਦੇ ਮਨੁੱਖ ਹਨ। ਇਸੇ ਹੀ ਕਰਕੇ ਇਸ ਆਦਮੀ ਨੇ ਆਤਮ ਸ਼ਕਤੀ ਪ੍ਰਦਾਨ ਕਰਨ ਹਿਤ ਬਾਬਾ ਜੀ ਪਾਸ ਬੇਨਤੀ ਕੀਤੀ, ਉਹ ਉਨ੍ਹਾਂ ਦਾ ਵਿਦਿਆ ਗੁਰੂ ਪੰਡਤ ਹੀ ਸੀ। ਆਪ ਨੇ ਪੰਡਤ ਨੂੰ ਗੁਰੂ ਗੁਰੂ ਦੱਸ ਕੇ ਭਵਸਾਗਰ ਨੂੰ ਸਹਿਜੇ ਹੀ ਤਰ ਜਾਣ ਦਾ ਸਾਧਨ ਦੱਸਿਆ। ਉਹ ਬੜੀਆਂ ਛੋਟੀਆਂ ਪਰ ਭਾਵ ਪੂਰਤ ਤੇ ਗੰਭੀਰ ਗੱਲਾਂ ਕਰਦੇ ਸਨ। ਪੰਡਤ ਇਤਨਾ ਪ੍ਰਭਾਵਿਤ ਹੋਇਆ ਕਿ ਉਹ ਆਪਨੂੰ ਮੁਕਤ ਜੁਗਤ ਦਾ ਦਾਤਾ ਹੀ ਕਹਿਣ ਲਗ ਪਿਆ। ਭਾਵੇਂ ਇਸ ਸਮੇਂ ਉਨ੍ਹਾਂ ਦੀ ਆਯੂ ਅਜੇ ਮਸਾਂ ਪੰਜਾਂ ਹੀ ਸਾਲਾਂ ਦੀ ਸੀ ਪਰ ਮਹਾਨ ਮਨੁੱਖ ਦੇ ਮਹਾਨ ਹੀ ਕਰਤੱਵਯ ਇਨ੍ਹਾਂ ਹੀ ਗੱਲਾਂ ਤੋਂ ਸਾਬਤ ਹੁੰਦੇ ਹਨ ਕਿ ਉਹ ਇਤਨੀ ਛੋਟੀ ਆਯੂ ਅੰਦਰ ਹੀ ਇਕ ਮਹਾਨ ਪ੍ਰਬਲ ਤੇ ਉਚੀ ਵਿਚਾਰ ਦੇ ਮਾਲਕ ਸਨ। ਹਰ ਕੋਈ, ਜੋ ਪਾਸ ਆ ਕੇ ਇਹ ਅਸਰ ਕਬੂਲਦਾ ਸੀ ਕਿ ਬਾਬਾ ਅਜੀਤ ਸਿੰਘ ਜੀ ਦਾ ਪੁੱਤਰ ਇਕ ਮਹਾਨ ਹਸਤੀ ਹੈ।

ਸ੍ਰੀ ਕਲਗੀਧਰ ਮਹਾਰਾਜ ਤੋਂ ਪਿਛੋਂ ਸਿੱਖ ਸੰਗਤਾਂ ਅੰਦਰ ਕਈ ਤਰ੍ਹਾਂ ਦੀ ਵੱਖਰੀ-ਵੱਖਰੀ ਪੂਜਾ ਦਾ ਰੁਝਾਨ ਪੈਦਾ ਹੋ ਗਿਆ ਸੀ। ਸੋਢੀ ਤੇ ਬੇਦੀ ਸਾਹਿਬਜ਼ਾਦੇ ਆਮ ਤੌਰ ਤੇ ਗੁਰੂਆਂ ਵਾਂਗ ਹੀ ਪੂਜੇ ਤੇ ਸਤਿਕਾਰੇ ਜਾਂਦੇ ਸਨ। ਕਈ ਵਾਰ ਉਹ ਗੱਦੀਆਂ ਲਗਾ ਕੇ ਤੇ ਪੂਰੇ ਗੁਰੂ ਰੂਪ ਬਣ ਕੇ ਮੰਤਰ ਵੀ ਦੇਂਦੇ ਸਨ। ਪ੍ਰ ਮਰਯਾਦਾ ਪ੍ਰਸ਼ੋਤਮ ਸਾਹਿਬਜ਼ਾਦੇ ਆਮ ਤੌਰ ਪਰ ਪੰਜ ਪਿਆਰਿਆਂ ਰਾਹੀਂ ਹੀ ਅੰਮ੍ਰਿਤ ਪਾਨ ਕਰਦੇ ਤੇ ਹੋਰਨਾਂ ਨੂੰ ਵੀ ਸਿੱਖ ਬਣਨ ਹਿਤ ਗੁਰਮੰਤ੍ਰ ਪੰਜ ਪਿਆਰਿਆਂ ਰਾਹੀਂ ਹੀ ਦਿਲਵਾਂਦੇ ਸਨ। ਇਹ ਗੱਲ ਹਰ ਇਕ ਜਗ੍ਹਾ ਤੇ ਹਰ ਸਾਹਿਬਜ਼ਾਦੇ ਨਾਲ ਨਹੀਂ ਜੋੜੀ ਜਾ ਸਕਦੀ ਸੀ। ਕਸ਼ਮੀਰ

ਦੇ ਸਿੱਖ ਸੇਵਕ ਬਾਬਾ ਸਾਹਿਬ ਸਿੰਘ ਜੀ ਨੂੰ ਕਸ਼ਮੀਰ ਨਾਲ ਲੈ ਗਏ। ਆਪ ਜੀ ਨਾਲ ਕੀਰਤਨ ਕਰਨ ਹਿਤ ਰਬਾਬੀ ਸਨ। ਕਾਰ ਭੇਟ ਲੋਕਾਂ ਵਲੋਂ ਦਰਬਾਰ ਲਗਾ ਕੇ ਮਿਲਦੀ ਸੀ। ਇਕੋ ਸਮੇਂ ਉਨ੍ਹਾਂ ਦੇ ਪਿਤਾ ਪੂਰਬ ਦੇਸ਼ ਵਲ ਤੇ ਆਪ ਕਸ਼ਮੀਰ ਵਲ ਨੂੰ ਗਏ ਸਨ। ਲੋਕਾਂ ਅੰਦਰ ਨਾਮ ਬਾਣੀ ਦੇ ਪ੍ਰਵਾਹ ਦੇ ਨਾਲ ਹੀ ਬਾਬਾ ਸਾਹਿਬ ਸਿੰਘ ਜੀ ਨੇ ਨਿਰਭੈ ਤੇ ਨਿਰਵੈਰ ਹੋਣ ਦਾ ਉਪਦੇਸ਼ ਸ਼ੁਰੂ ਤੋਂ ਹੀ ਦੇਣਾ ਅਰੰਭਿਆ ਸੀ। ਲੋਕ ਬਾਲਕ ਮਹਾਨ ਆਤਮਾ ਤੋਂ ਬਹੁਤ ਅਸਰ ਕਬੂਲਦੇ ਸਨ। ਇਸੇ ਸਮੇਂ ਆਪ ਨੂੰ ਊਨੇ ਸਾਹਿਬ ਤੋਂ ਸੰਦੇਸ਼ ਪੁਜਾ ਕਿ ਉਨ੍ਹਾਂ ਦੇ ਪਿਤਾ ਬਾਬਾ ਅਜੀਤ ਸਿੰਘ ਜੀ ਪਟਣੇ ਸਾਹਿਬ ਹੀ ਸਮਾਅ ਗਏ ਹਨ। ਸੋ ਆਪ ਜੀ ਨੇ ਪਿਤਾ ਦਾ ਭੋਗ ਪਾਇਆ ਤੇ ਮਹਾਨ ਯੱਗ ਕੀਤਾ। ਭਾਵੇਂ ਅਜੇ ਛੋਟੀ ਆਯੂ ਦੇ ਹੀ ਸਨ, ਪਰ ਉਨ੍ਹਾਂ ਦੇ ਮੋਢਿਆਂ ਪਰ ਸਿੱਖੀ ਸੇਵਕੀ ਤੇ ਘਰ ਗ੍ਰਹਿਸਤ ਦਾ ਬੋਝ ਆ ਪਿਆ। ਤਦ ਉਨ੍ਹਾਂ ਇਹ ਸਾਬਤ ਕਰ ਦਿਤਾ ਕਿ ਇਥੇ ਤਿਆਗ, ਗ੍ਰਹਿਸਤ ਦੋਵੇਂ ਹੀ ਪ੍ਰਵਾਨ ਹਨ। ਉਨ੍ਹਾਂ ਦਾ ਪ੍ਰਵਾਰ ਹੋਰ ਗ੍ਰਹਿਸਤੀਆਂ ਵਰਗਾ ਆਮ ਪ੍ਰਵਾਰ ਨਹੀਂ ਸੀ ਸਗੋਂ ਉਸ ਪ੍ਰਵਾਰ ਦਾ ਕੌਮ ਪਰ ਭਾਈਚਾਰਕ, ਸਦਾਚਾਰਕ ਤੇ ਸਿਆਸੀ ਤੌਰ ਪਰ ਮਹਾਨ ਅਸਰ ਪੈਂਦਾ ਸੀ। ਸੋ ਜਵਾਨ ਹੋਣ ਸਮੇਂ ਬਾਬਾ ਸਾਹਿਬ ਸਿੰਘ ਜੀ ਦੇ ਵਿਚਾਰ ਇਹ ਪ੍ਰਪੱਕ ਹੋ ਗਏ ਕਿ ਪੰਜਾਬ ਦੀ ਏਕਤਾ ਤੇ ਉਚਤਾ ਮਹਾਨਤਾ ਕਾਇਮ ਕਰ, ਉਸਨੂੰ ਬਹਾਲ ਰੱਖਣ ਦਾ ਇਕੋ ਇਕ ਸਾਧਨ ਇਹੀ ਹੋ ਸਕਦਾ ਹੈ ਕਿ ਇਥੇ ਇਕ ਮਹਾਨ ਰਾਸ਼ਟਰ ਦੀ ਨੀਂਹ ਰੱਖੀ ਜਾਵੇ। ਉਸ ਰਾਸ਼ਟਰ ਦੀ ਸਥਿਰਤਾ ਹਿਤ ਉਸਨੂੰ ਤੇ ਉਸਦੇ ਸਰਪ੍ਰਸਤਾਂ ਨੂੰ ਹਰ ਪਾਸੇ ਤੋਂ ਮਜ਼ਬੂਤ ਤੇ ਪਕੇ ਕੀਤਾ ਜਾਵੇ। ਬਾਬਾ ਜੀ ਸਾਹਵੇਂ ਭਾਵੇਂ ਇਹ ਮਹਾਨ ਵਿਚਾਰ ਸੀ ਕਿ ਸਿੱਖ ਤੇ ਖਾਸ ਕਰ ਪੰਜਾਬ ਦਾ ਇਕ ਮਹਾਨ ਰਾਸ਼ਟਰ ਕਾਇਮ ਕਰ ਦਿਤਾ ਜਾਵੇ ਜੋ ਬਾਹਰਲੇ ਲੁਟੇਰਿਆਂ ਤੋਂ ਦੇਸ਼ ਨੂੰ ਪਰੇਰੇ ਹੀ ਰੱਖ ਸਕੇ। ਆਪ ਨੂੰ ਇਹ ਵੀ ਦਿਸਦਾ ਸੀ ਕਿ ਜੇ ਕਰ ਕੋਈ ਪਕਾ ਬਾਨ੍ਹਣੂੰ ਨ ਬੰਨ੍ਹਿਆਂ ਗਿਆ ਤਦ ਕਲਕਤੇ ਤੇ ਬੰਗਾਲ ਤੋਂ ਛੁਟ ਹੋਰ ਹਿੰਦ ਅੰਦਰ ਵਸ ਰਹੀ ਯੂਰਪੀਨ ਸ਼ਕਤੀ ਕਿਸੇ ਸਮੇਂ ਪੰਜਾਬ ਵਲ ਵੀ ਪੈਰ ਵਧਾ ਸਕਦੀ ਹੈ। ਉਸਦਾ ਮੁਕਾਬਲਾ ਦੁਰਾਨੀਆਂ, ਅਬਦਾਲੀਆਂ, ਮੁਗਲਾਂ ਤੇ ਪਠਾਨਾਂ ਤੋਂ ਕਿਧਰੇ ਅਧਿਕ ਕਠਿਨ ਹੈ। ਉਹ ਦੇਸ਼ ਨੂੰ ਲੁਟਦੇ, ਫਿਰ ਦੇਸ਼ ਦਾ ਸਰਮਾਇਆ ਇਸੇ ਹੀ ਏਸ਼ੀਆ ਦੀ ਧਰਤੀ ਪਰ ਹੀ ਖ਼ਰਚ ਕਰ ਦੇਂਦੇ ਸਨ। ਪਰ ਇਹ ਪੱਛਮੀ ਲੁਟੇਰੇ ਤਾਂ ਵੱਖਰੀ ਹੀ ਖ਼ਸਲਤ ਲੈ ਕੇ ਇਸ ਪਾਵਨ ਧਰਤੀ ਨੂੰ ਪਲੀਤ ਕਰਨ ਆਏ ਹਨ, ਇਥੋਂ ਜਿਥੇ ਸੋਨੇ ਦੀ ਚਿੜੀ ਨੂੰ ਕਾਠ ਦਾ ਉਲੂ ਬਣਾ ਦਿਤਾ ਜਾਵੇਗਾ, ਉਥੇ ਨਾਲ ਹੀ ਕੌਮ ਵਿਚੋਂ ਮਨੁੱਖੀ ਦਰਦ ਪੀੜਾ, ਸਮਾਜਕ ਏਕਤਾ ਤੇ ਭਾਈਚਾਰਕ ਸਾਂਝ ਦਾ ਖਾਤਮਾ ਕਰਕੇ ਨਵੀਆਂ ਤ੍ਰੇੜਾਂ ਤੇ ਨਵੀਆਂ ਸਮਾਜਕ ਵਿਚਾਰਾਂ ਖੜ੍ਹੀਆਂ ਕਰਨਗੇ, ਦੇਸ਼ ਦੀ ਭਾਖਿਆ ਪਛੜ ਜਾਇਗੀ ਤੇ ਮਲੇਸ਼ ਭਾਖਿਆ ਦੀ ਪ੍ਰਧਾਨਤਾ ਛਾ ਜਾਏਗੀ। ਇਸ ਤਰ੍ਹਾਂ ਸਿੱਖ ਹੀ ਨਹੀਂ, ਸਮੁੱਚੇ ਦੇਸ਼ ਦਾ ਧਾਰਮਕ ਤੇ ਸਦਾਚਾਰਕ ਢਾਂਚਾ ਹੀ ਖਸਤਾ ਹੋ ਕੇ ਰਹਿ ਜਾਏਗਾ। ਮੁਗਲ ਰਾਜ ਆਖਰੀ ਸਵਾਸ ਲੈ ਰਿਹਾ ਸੀ। ਉਧਰ ਅੰਗਰੇਜ਼ ਪੱਛਮੀ ਹਿੰਦ ਦੀ ਵਧ ਰਹੀ ਨਵੀਂ ਸ਼ਕਤੀ ਨੂੰ ਕਿਸੇ ਤਰ੍ਹਾਂ ਖਤਮ ਕਰਨਾ ਚਾਹੁੰਦੇ ਸਨ, ਬਾਹਰੋਂ ਆਏ ਅਬਦਾਲੀ ਤੇ ਹੋਰ ਲੁਟੇਰੇ ਵੀ ਕਿਸੇ ਨ ਕਿਸੇ ਸਿੱਖ ਸਰਦਾਰ ਨੂੰ ਨਾਲ ਮਿਲਾਂਦੇ ਸਨ। ਇਹੀ ਕਾਰਨ ਸੀ ਕਿ ਇਥੇ ਸਿੱਖ ਮਹਾਨ ਰਾਸ਼ਟਰ ਕਾਇਮ ਨਹੀਂ ਹੋ ਰਿਹਾ ਸੀ।

ਸੋ ਸਾਹਿਬ ਬਾਬਾ ਸਾਹਿਬ ਸਿੰਘ ਜੀ ਇਹ ਨਿਸਚੇ ਤੌਰ ਪਰ ਜਾਣਦੇ ਸਨ ਕਿ ਮੇਰੀ ਕੌਮ ਦੇ ਘਰੇਲੂ ਝਗੜੇ ਚਾਹੇ ਉਹ ਕਿਤਨੇ ਵਧੇ ਹੋਏ ਕਿਉਂ ਨ ਹੋਣ, ਉਹ ਕਿਸੇ ਤਰ੍ਹਾਂ ਆਪਣੀ ਗਰਜ਼ ਤੇ ਲਾਲਚ ਹਿਤ ਕਦੇ ਵੀ ਸਮੂਹੇ ਪੰਥਕ ਲਾਭ ਨੂੰ ਨੁਕਸਾਨ ਨਹੀਂ ਪੁਚਾ ਸਕਦੇ। ਇਹ ਤਾਂ ਸਿੱਖ ਦਾ ਇਕ ਚਲਨ ਹੀ ਸੀ ਜੋ ਆਮ ਇਹ ਮਸ਼ਹੂਰ ਸੀ, "ਗੋਤ ਕੀ ਹੈ ਚੱਠੇ, ਖਾਣ ਪੀਣ ਨੂੰ ਅਡੋ-ਅਡੀ ਲੜਨ-ਭਿੜਨ ਨੂੰ ਕੱਠੇ" ਇਹ ਗੱਲ ਕਿਸੇ ਵੀ ਵੱਡੇ ਸਿੱਖ ਸਰਦਾਰ ਬਾਰੇ ਨਹੀਂ ਕਹੀ ਜਾ ਸਕਦੀ ਕਿ ਉਸਨੇ ਕੋਈ ਸੰਧੀ ਜਾਂ ਕੰਮ ਸਿੱਖ ਪੰਥ ਦੇ ਮੁਫ਼ਾਦ ਵਿਰੁਧ ਕਦੇ ਵੀ ਕੀਤਾ ਹੋਵੇ। ਇਸ ਗਲ ਦਾ ਸੇਹਰਾ ਅਸਲ ਉਸ ਸਮੇਂ ਬਹੁਤ ਕਰਕੇ ਬਾਬਾ ਸਾਹਿਬ ਸਿੰਘ ਜੀ ਦੇ ਸਿਰ ਹੈ। ਉਨ੍ਹਾਂ ਸਿੱਖ ਕੌਮ ਨੂੰ ਬਲਵਾਨ, ਇਕ ਮੁੱਠ ਤੇ ਇਕ ਰਾਸ਼ਟਰ ਬਣਾਉਣ ਅੰਦਰ ਕੋਈ ਕਸਰ ਨਹੀਂ ਰੱਖੀ ਸੀ। ਬਾਬਾ ਜੀ ਦੀ ਸਿੱਖੀ ਸੇਵਕੀ ਸਾਰੇ ਹੀ ਭਾਰਤ ਅੰਦਰ ਸੀ। ਉਹ ਦਿੱਲੀ ਤੋਂ ਪਰ੍ਹੇ ਧਾ ਕੇ ਵੱਧ ਰਹੀ ਯੂਰਪੀਨ ਸ਼ਕਤੀ ਤੋਂ ਘਬਰਾਂਦੇ ਸਨ। ਕਲਕੱਤੇ ਦਾ ਪੱਕਾ ਤੇ ਮਜ਼ਬੂਤ ਕਿਲ੍ਹਾ ਵਿਲੀਅਮ ਫ਼ੋਰਟ ਬਣ ਚੁਕਾ ਸੀ, ਗੋਰਿਆਂ ਦੀਆਂ ਸਨਧ-ਬਧ ਫੌਜਾਂ ਬਾਹਰ ਪ੍ਰੇਡ ਕਰਦੀਆਂ ਸਨ। ਇਨ੍ਹਾਂ ਨੂੰ ਤਕ ਕੇ ਬਾਬਾ ਜੀ ਦਾ ਗੁਰ ਭਗਤੀ, ਪੰਥ ਦਰਦੀ ਤੇ ਦੇਸ਼ ਪਿਆਰ ਨਾਲ ਭਰਿਆ ਹੋਇਆ ਮਨ ਇਹ ਸਦਾ ਸੋਚਦਾ ਰਹਿੰਦਾ ਸੀ "ਕਾਸ਼! ਕਦੇ ਮੇਰੇ ਦੇਸ ਪਾਸ ਇਤਨੇ ਸਾਧਨ ਤੇ ਸ਼ਕਤੀ ਹੋ ਜਾਵੇ। ਅਸੀਂ ਇਨ੍ਹਾਂ ਜਥੇਬੰਦੀ ਤੇ ਨੀਤਕ ਖੇਤਰ ਦੇ ਮਾਹਰ ਕੂਟਨੀਤਕ ਲੋਕਾਂ ਨੂੰ ਖਦੇੜ ਕੇ ਇਸ ਪਵਿੱਤਰ ਭੂਮੀ ਤੋਂ ਬਾਹਰ ਕੱਢ ਕੇ ਆਤਮਕ ਤੇ ਸਰੀਰਕ ਤੌਰ ਪਰ ਸੁਤੰਤਰ ਹੋ ਸਕੀਏ।" ਇਸੇ ਹੀ ਚਾਉ ਕਰਕੇ ਉਨ੍ਹਾਂ ਨੇ ਊਨੇ ਸਾਹਿਬ ਹਰ ਤਰ੍ਹਾਂ ਦੇ ਹਥਿਆਰ ਤੇ ਖ਼ੂਬਸੂਰਤ ਘੋੜੇ ਰਖਣੇ ਅਰੰਭੇ ਸਨ।

## ਅੰਮ੍ਰਿਤ ਦੀ ਦਾਤ

ਬਾਬਾ ਸਾਹਿਬ ਸਿੰਘ ਉਨ੍ਹਾਂ ਕਰਮ ਦੇ ਧਨੀ ਲੋਕਾਂ ਵਿਚੋਂ ਸਨ ਜੋ ਲੋਕਾਂ ਵਲੋਂ ਸਤਿਕਾਰ, ਮਾਨ ਤੇ ਮਹਾਨਤਾ ਆਪਣੇ ਜਨਮ ਤੋਂ ਹੀ ਨਾਲ ਲੈ ਕੇ ਜੰਮਦੇ ਸਨ, "ਲੋਕਾਂ ਵਲੋਂ ਪੂਜੇ ਸਤਿਕਾਰੇ ਜਾਣਾ ਉਨ੍ਹਾਂ ਦਾ ਜਨਮ ਸਿਧ ਅਧਿਕਾਰ ਹੁੰਦਾ ਹੈ।" ਬਾਬਾ ਅਜੀਤ ਸਿੰਘ ਜੀ ਅਤੇ ਪ੍ਰਵਾਰ ਸੰਗਤਾਂ ਆਦਿ ਵਲੋਂ ਗੁਰੂਆਂ ਵਾਂਗ ਸਤਿਕਾਰੇ ਤੇ ਪੂਜੇ ਜਾਂਦੇ ਸਨ। ਉਸੇ ਵਿਰਸੇ ਅੰਦਰ ਦਾਤ ਬਾਬਾ ਸਾਹਿਬ ਸਿੰਘ ਨੂੰ ਮਿਲੀ ਸੀ। ਫਿਰ ਉਨ੍ਹਾਂ ਦਾ ਪੰਡਿਤ ਨੂੰ ਉਪਦੇਸ਼, ਸੰਸਾਰੀ ਜੀਵਾਂ ਦੀ ਭਲਾਈ, ਸਤਵਾਦੀ ਤੇ ਸਕਰਮੀ ਹੋਣ ਨਾਲ ਬਹਾਦਰ ਦਲੇਰ ਤੇ ਪੰਥ ਦੇਸ਼ ਦੇ ਦਰਦੀ ਜਜ਼ਬੇ ਕਰਕੇ ਉਹ ਪੰਥ ਅੰਦਰ ਮਹਾਨਤਾ ਦੀਆਂ ਸਿਖਰਾਂ ਨੂੰ ਛੋਹ ਰਹੇ ਸਨ, ਪਰ ਫਿਰ ਵੀ ਉਨ੍ਹਾਂ ਦਾ ਮਨ ਇਸ ਸਮੇਂ ਸੋਚਾਂ ਅੰਦਰ ਡੁੱਬ ਜਾਂਦਾ ਸੀ। ਇਕ ਦਿਨ ਆਪ ਨੇ ਇਕ ਨਿਕਟਵਰਤੀ ਸਿੱਖ ਜੋ ਅੰਮ੍ਰਿਤਪਾਨ ਕਰਕੇ ਰਹਿਤ ਮਰਯਾਦਾ ਦਾ ਧਾਰਨੀ ਸੀ, ਨਾਲ ਹੀ ਮਨ ਦੀ ਅਵਸਥਾ ਦਾ ਜ਼ਿਕਰ ਕੀਤਾ। ਉਸਨੇ ਬਗੈਰ ਕਿਸੇ ਵਿੰਗ ਟੇਢ ਪਾਣ ਦੇ ਕਿਹਾ, "ਬਾਬਾ ਜੀ, ਨਿਗੁਰੇ ਦਾ ਹੈ ਨਾਉਂ ਬੁਰਾ" ਜੇਕਰ ਪੂਰਨ ਸ਼ਾਂਤੀ, ਸੁੱਖ ਤੇ ਅਨੰਦ ਮਈ ਸਦਾ ਇਕ ਰਸ ਜੀਵਨ ਦਾ ਅਨੰਦ ਮਾਨਣਾ ਹੈ ਤਦ ਤੁਸੀਂ ਅਨੰਦਪੁਰ ਸਾਹਿਬ ਚਲ ਕੇ ਤੱਤਵੇਤਾ ਬ੍ਰਹਮਗਿਆਨੀ ਪੂਰਨ ਗੁਰਸਿੱਖ ਬਾਬਾ ਸੋਭਾ ਸਿੰਘ ਹੱਥੋਂ ਅੰਮ੍ਰਿਤ ਪਾਨ ਕਰਕੇ ਫਿਰ ਉਨ੍ਹਾਂ ਰਾਹੀਂ ਸਿੱਖੀ ਮਾਰਗ ਗ੍ਰਹਿਣ ਕਰਕੇ ਨਾਮ ਸਿਮਰਣ ਤੇ ਸ਼ਬਦ ਸੁਰਤ ਦਾ ਅਨੰਦ ਮਾਣੋ। ਫਿਰ ਆਪ ਨਿਸੰਗ ਹੋ ਕੇ ਸੰਸਾਰ ਅੰਦਰ ਵਿਚਰੋ; ਮਨ ਦੀ ਡੋਰ, ਫਿਰ ਉਸ ਸਮੇਂ ਤੁਹਾਡੇ ਨਹੀਂ, ਸਤਿਗੁਰਾਂ ਦੇ ਹਥ ਹੋਵੇਗੀ। ਆਪਣਾ ਆਪ ਸਤਿਗੁਰਾਂ ਦੇ ਹਵਾਲੇ ਕਰਕੇ ਫਿਰ ਆਪਣਾ ਜੀਵਨ ਛੱਡ ਕੇ ਗੁਰੂ ਦੀ ਗੋਦ ਅੰਦਰ ਸਮਾ ਕੇ ਤਾਂ ਕੋਈ ਭਰਮ, ਕੋਈ

ਭੁਲੇਖਾ, ਕੋਈ ਦ੍ਵੈਤ ਤੇ ਡਰ ਉਸਨੂੰ ਸਤਿ ਮਾਰਗ ਤੇ ਚਲਣ ਤੇ ਸਤਿ ਦੀ ਗਲ ਕਹਿਣੋਂ ਤੇ ਸਤਿ ਰਾਹੀਂ ਲੋਕ ਸੁਧਾਰ ਕਰਨੋਂ ਨਹੀਂ ਰੋਕ ਸਕਦਾ।"

ਅੰਮ੍ਰਿਤ ਪਾਨ ਕਰਨ ਦਾ ਇਕ ਹੋਰ ਮਹਾਨ ਗੁਣ ਇਹ ਹੈ ਕਿ ਇਸ ਨਾਲ ਮਨੁੱਖ ਇਕੱਲਾ ਨਹੀਂ ਰਹਿ ਜਾਂਦਾ। ਉਸਦਾ ਸਹਾਈ ਅਕਾਲ ਵੀ ਹਰ ਸਮੇਂ ਉਸਦੀ ਅਵਾਜ਼, ਸ਼ਕਤੀ ਤੇ ਧਿਰ ਬਣ ਜਾਂਦਾ ਹੈ। ਅੰਮ੍ਰਿਤ ਹੀ ਇਕ ਐਸੀ ਸ਼ਕਤੀ ਹੈ ਜੋ ਸਿਰ ਅੰਦਰ ਪੰਜ ਚੂਲੀਆਂ ਪੈ ਕੇ ਵਿਚਾਰ, ਨੇਤਰਾਂ ਅੰਦਰ ਪੈ ਕੇ ਨੇਤਰ ਪਵਿੱਤਰ ਤੇ ਹਿਰਦੇ ਅੰਦਰ ਪਹਿਲਾਂ ਜਾ ਕੇ ਵਿਚਾਰਧਾਰਾ ਨੂੰ ਇਕੋ ਅਕਾਲ ਨਾਲ ਜੋੜ ਦੇਣ ਦਾ ਕਾਰਨ ਹੁੰਦਾ ਹੈ। ਹਿਰਦਾ ਇਕ ਐਸਾ ਅਸਥਾਨ ਹੈ ਜਿਥੋਂ ਵਾਸ਼ਨਾਵਾਂ ਤੇ ਉਪਦਰ ਕਮਜ਼ੋਰੀ ਜਨਮ ਲੈਂਦੀ ਹੈ। ਅੰਮ੍ਰਿਤ ਦੀਆਂ ਚੂਲੀਆਂ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।' ਇਸ ਭਾਵਨਾ ਸਹਿਤ ਨਵੇਂ ਸੱਚ ਧਾਰਨ ਕਰਦੀ ਹੈ ਕਿ ਜਦੋਂ ਮੈਂ ਅਕਾਲ ਦਾ ਬੇਟਾ ਹਾਂ, ਫਿਰ ਦੁਨਿਆਵੀ ਲਾਲਚ ਕਰਨ ਤੋਂ ਬਿਨਾਂ ਵੀ ਉਦਮ ਕਰਨ ਨਾਲ ਸੰਸਾਰ ਦੇ ਪਦਾਰਥ ਪੈਰ ਚੁੰਮਣਗੇ। ਫਿਰ ਜਦੋਂ ਸ੍ਰੀ ਕਲਗੀਧਰ ਦੇ ਸਪੁਤਰ ਬਣ ਕੇ ਜੀਵਨ ਬਸਰ ਕਰਨਾ ਹੈ, ਤਦ ਕੋਈ ਕਮਜ਼ੋਰੀ ਕਿਸੇ ਸਮੇਂ ਮੇਰਾ ਰਾਹ ਰੋਕ ਸਕੇ, ਇਹ ਚਿੰਤਾ ਹੀ ਨਹੀਂ ਰਹਿ ਸਕਦੀ। ਇਸ ਤਰ੍ਹਾਂ ਨਾਲ ਨੇਤਰਾਂ ਅੰਦਰ ਪਈਆਂ ਚੂਲੀਆਂ ਸੰਸਾਰ ਅੰਦਰ ਵਸ ਰਹੇ ਵਾਹਿਗੁਰੂ ਦੇ ਜੀਵਾਂ ਨੂੰ, ਜੋ ਇਕੋ ਹੀ ਅਕਾਲ ਦੀ ਰਚਨਾ ਹੈ, ਉਸਦਾ ਬਗੀਚਾ ਜਾਣ ਕੇ ਉਸ ਹਰ ਫੁਲ ਤੇ ਹਰ ਕਲੀ ਨੂੰ ਪਰਫੁਲਤ ਤਕ ਕੇ, ਉਸਦੇ ਰਸ ਅੰਦਰੋਂ ਉਸ ਮਾਲਕ ਦਾ ਰੂਪ ਤਕ ਕੇ ਵਿਗਾਸ ਅੰਦਰ ਚਲੇ ਜਾਣਾ - ਇਹੀ ਮਨੁੱਖੀ ਧਰਮ ਹੈ। ਸਿਰ ਬਾਰੇ ਇਹ ਧਾਰਮਿਕ ਪ੍ਰੰਪਰਾ ਤੋਂ ਚਲਿਆ ਆ ਰਿਹਾ ਨਿਸਚਾ ਤੇ ਅਮਲ ਹੈ ਕਿ ਤ੍ਰਿਕੁਟੀ ਦੇ ਮੁਕਾਮ ਤੋਂ ਉਪਰ ਕੁੰਡਲਨੀ ਨਾੜੀ ਦੇ ਕੁਝ ਝਰਨਿਉਂ ਪਰੇ ਸਹਿਜ ਦਲ ਕੰਵਲ ਹੈ। ਇਸ ਤੋਂ ਅਗੇ ਮਹਾਨ ਸੁੰਨ ਤੇ ਅਨੰਦਮਈ ਅਕਾਲ ਪੁਰਖ ਦੀ ਆਪਣੀ ਰਿਹਾਇਸ਼-ਗਾਹ ਹੈ, ਜਿਥੇ ਨ ਕੋਈ ਸ਼ੋਕ ਹੈ, ਨ ਗਮ, ਨ ਕੋਈ ਸੋਚ ਹੈ, ਨ ਸੰਸਾਰ ਦੇ ਬਣਨ ਮਿਟਣ ਦੀ ਚਿੰਤਾ; ਇਸੇ ਹੀ ਅਸਥਾਨ ਦੀ ਪ੍ਰਾਪਤੀ ਲਈ ਮਹਾਂਪੁਰਖ ਕਰਮ ਕਰਦੇ ਹੋਏ ਨਿਹਕਰਮ ਹੋ ਜਾਂਦੇ ਹਨ। ਸੰਸਾਰ ਦਾ ਕੋਈ ਲੇਸ ਉਨ੍ਹਾਂ ਨੂੰ ਨਹੀਂ ਰਹਿੰਦਾ। ਇਹ ਵੀ ਠੀਕ ਹੈ ਕਿ ਉਸਨੂੰ ਆਪ ਕੋਈ ਸੰਸਾ ਭਰਮ ਨਹੀਂ ਰਹਿੰਦਾ, ਪਰ ਇਹ ਵੀ ਸੱਚ ਹੈ ਕਿ ਜਦੋਂ ਉਹ ਆਪਣੇ ਨਿਜ ਰੂਪ ਤੋਂ ਬਾਹਰ ਆਉਂਦਾ ਹੈ, ਤਦ ਉਸਨੂੰ ਉਸਦਾ ਆਪਣਾ ਹੀ ਰੂਪ ਦੁਖੀ, ਕਲਪਦਾ ਤੇ ਸੜਦਾ ਹੋਇਆ ਦਿਸਦਾ ਹੈ। ਫਿਰ ਉਸਦਾ ਆਪਣਾ ਰੂਪ ਹੋਣ ਕਾਰਨ ਸੰਸਾਰ ਦਾ ਦੁਖ ਵੀ ਉਸਦਾ ਆਪਣਾ ਹੋ ਜਾਂਦਾ ਹੈ। ਇਸੇ ਹੀ ਕਰਕੇ ਅਕਾਲ ਦਾ ਸ਼ਾਹਜ਼ਾਦਾ ਬਣ ਕੇ ਉਹ ਸੰਸਾਰ ਦੇ ਕਲੇਸ਼ ਹਰਨ ਦੇ ਸਾਰੇ ਉਪਰਾਲੇ ਤੇ ਯਤਨ ਕਰਦਾ ਹੈ, ਸੋ ਮਨ ਦੇ ਜਿੱਤਣ ਨਾਲ ਜਿਸ ਤਰ੍ਹਾਂ ਇਸ ਮਨ ਅੰਦਰੋਂ ਹੀ ਵਿਰੋਧ ਦੂਰ ਕਰੇ, ਸੱਤਿ ਸਰੂਪ ਨੂੰ ਤਕ ਕੇ ਸੰਸਾਰ ਵਿਚ ਵਿਚਰਨ ਦੀ ਸ਼ਕਤੀ ਵੀ ਅੰਮ੍ਰਿਤ ਰਾਹੀਂ ਮਿਲਦੀ ਹੈ।"

ਬਾਬਾ ਸਾਹਿਬ ਸਿੰਘ ਜੀ ਨੇ ਇਹ ਸਾਰੀ ਵਿਚਾਰ ਭਾਈ ਨੱਥਾ ਸਿੰਘ ਜੀ ਨਾਲ ਕਰਕੇ ਸਰਬ ਹਿੰਦ ਤੀਰਥ ਯਾਤਰਾ ਕਰਕੇ ਇਹ ਅੱਖੀਂ, ਤੇ ਸਾਫ ਤਕ ਲਿਆ ਕਿ ਉਹ ਕੇਵਲ ਮਾਤਰ ਇਕ ਪਾਵਨ ਹਸਤੀ ਤੇ ਪੰਥਕ ਤੌਰ ਪਰ ਆਤਮ ਗਿਆਨ ਦੀ ਮਹਾਨ ਪ੍ਰਾਪਤੀ ਵਾਲੇ ਮੰਨੇ ਜਾ ਰਹੇ ਬਾਬਾ ਸੋਭਾ ਸਿੰਘ ਜੀ ਪਾਸੋਂ ਹੀ ਸਿੱਖੀ ਅੰਦਰ ਦਾਖਲ ਹੋਣ ਦਾ ਮਾਣ ਪ੍ਰਾਪਤ ਕੀਤਾ ਜਾਵੇ, ਕਿਉਂਕਿ ਬਾਬਾ ਸੋਭਾ ਸਿੰਘ ਜੀ ਦਾ ਨਾਮ ਹੀ ਸੋਭਾ ਸਿੰਘ ਨਹੀਂ ਸੀ ਸਗੋਂ ਆਪ ਉਤਮ ਗੁਣ, ਗੁਰੂ ਪਾਤਸ਼ਾਹ ਦੇ ਦਰਸ਼ਨ ਪਰਸ ਕੇ ਪਾਵਨ ਹੋਏ ਤੇ ਭਾਈ ਦਿਆ ਸਿੰਘ ਜੀ ਰਾਹੀਂ ਆਤਮ ਬ੍ਰਹਮ ਦੇ ਰੂਪ ਅੰਦਰ ਅਭੇਦਤਾ ਦੇ ਪਦ ਨੂੰ ਪ੍ਰਾਪਤ ਹੋ ਚੁਕੇ ਸਨ। ਬਾਬਾ ਸਾਹਿਬ ਸਿੰਘ ਜੀ ਨੇ ਆਪ ਅਨੰਦਪੁਰ ਬਾਬਾ ਸੋਭਾ ਸਿੰਘ ਜੀ ਦੀ ਸੇਵਾ 'ਚ ਹਾਜ਼ਰ ਹੋ ਕੇ ਫਿਰ ਸਿੱਖੀ ਦੀ ਬਖਸ਼ਿਸ਼ ਕਰਨ ਹਿਤ ਪ੍ਰਾਰਥਨਾ ਕੀਤੀ। ਅੰਮ੍ਰਿਤਪਾਨ ਕਰਨ ਪਿਛੋਂ ਬਾਬਾ ਸਾਹਿਬ ਸਿੰਘ ਜੀ ਨੇ ਉਸੇ ਤਰ੍ਹਾਂ ਖੁਸ਼ੀ ਮਨਾਈ, ਲੰਗਰ ਕਰਾਏ, ਗੁਰੂ ਦੱਛਣਾ ਦਿਤੀ ਤੇ ਪੂਜਾ ਕੀਤੀ ਜਿਵੇਂ ਹੋਰ ਵੱਡੇ ਜੀਵਨ ਦੇ ਮਹਾਨ ਕਾਰਜਾਂ ਸਮੇਂ ਕਰੀਦੀ ਹੈ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿਛੋਂ ਬਾਬਾ ਜੀ, ਬਾਬਾ ਸੋਭਾ ਸਿੰਘ ਜੀ ਪਾਸ ਆਤਮ ਸਰੂਪ ਦੀ ਲੱਖਤਾ ਹਿੱਤ ਸ਼ਬਦ ਸੁਰਤ ਦਾ ਜਾਪ ਜਾਨਣ ਲਈ ਹਾਜ਼ਰ ਹੋਏ। ਇਹ ਮਸ਼ਹੂਰ ਗੱਲ ਹੈ ਕਿ ਜਦੋਂ ਬਾਬਾ ਜੀ ਨੇ ਸਿਰ ਝੁਕਾਇਆ ਤੇ ਬਜ਼ੁਰਗ ਬਾਬਾ ਸੋਭਾ ਸਿੰਘ ਜੀ ਨੇ ਉਠ ਕੇ ਆਪ ਨੂੰ ਜੱਫੀ ਅੰਦਰ ਲਿਆ, ਤਦ ਉਨ੍ਹਾਂ ਦੇ ਸਰੀਰ ਵਿਚੋਂ ਝਰਨਾਹਟ ਨਿਕਲ ਗਈ। ਸਰੀਰ ਹੌਲਾ ਹੌਲਾ ਹੋ ਗਿਆ ਤੇ ਫਿਰ ਉਹ ਸਰੀਰ ਇਕ ਤਰ੍ਹਾਂ ਨਾਲ ਸੋਭਾ ਸਿੰਘ ਜੀ ਦੇ ਸਰੀਰ ਅੰਦਰ ਹੀ ਅਲੋਪ ਹੋ ਗਿਆ ਤੇ ਫਿਰ ਇਹ ਦੋਵੇਂ ਵੀ ਨਾ ਰਹੇ, ਤੇ ਸਾਰੇ ਇਕ ਨੂਰ ਹੀ ਬਾਕੀ ਰਹਿ ਗਿਆ। ਕੋਈ ਵੀ ਹੋਰ ਰੂਪ, ਕਿਰਿਆ, ਚੀਜ਼ ਬਾਕੀ ਨਹੀਂ ਸੀ। ਚੌਹੀਂ ਪਾਸੀਂ ਆਪਣਾ ਹੀ ਰੂਪ ਤੇ ਏਸ ਦੀ ਫੁਹਾਰ ਫੈਲੀ ਹੋਈ ਸੀ। ਇਸ ਰੰਗ ਰਤੇ ਬਹੁਤ ਦੇਰ ਉਨ੍ਹਾਂ ਨੂੰ ਬਾਬਾ ਸੋਭਾ ਸਿੰਘ ਜੀ ਦਾ ਸਪਰਸ਼ ਹਾਸਲ ਰਿਹਾ। ਇਹ ਪਰਮ ਅਨੰਦ ਤੇ ਜਾਤੀ ਦਾ ਭੰਡਾਰ ਇਕ ਅਤੋਲ ਅਮੋਲ ਖਜ਼ਾਨਾ ਆਪਨੂੰ ਪ੍ਰਾਪਤ ਰਿਹਾ। ਫਿਰ ਜਦੋਂ ਹਾਜ਼ਰ ਹੋਏ, ਤਦ ਬਾਬਾ ਸਾਹਿਬ ਸਿੰਘ, ਜੋ ਕਾਦਰ ਵਲੋਂ ਹੀ ਜਨਮ ਤੋਂ ਹੀ ਬਹੁਤ ਸ਼ਕਤੀਆਂ ਤੇ ਬਰਕਤਾਂ ਲੈ ਕੇ ਆਏ ਸਨ, ਉਹ ਅੰਦਰੋਂ ਬਾਹਰੋਂ ਇਤਨੇ ਖਿਆਲਾਂ ਕਰਕੇ, ਗਹਿਰ ਗੰਭੀਰ ਹੋ ਗਏ ਕਿ ਹੁਣ ਬਹੁਤ ਕਰਕੇ ਲੋਕਾਂ ਨੂੰ ਉਪਦੇਸ਼ ਪਹਿਲਾਂ ਵਾਂਗ ਖੁਲ੍ਹ ਕੇ ਨਹੀਂ ਕਰਦੇ ਸਨ। ਹਰ ਪ੍ਰਾਣੀ ਨੂੰ ਗੁਰੂ ਗੁਰੂ ਜਪਣ ਦੀ ਪ੍ਰੇਰਨਾ, ਇਹ ਉਨ੍ਹਾਂ ਦੇ ਜੀਵਨ ਦਾ ਇਕ ਅੰਗ ਸੀ। ਬਾਬਾ ਸੋਭਾ ਸਿੰਘ ਜੀ ਨੇ ਫੁਰਮਾਇਆ, "ਅੰਮ੍ਰਿਤ ਦੀ ਦਾਤ ਤਾਂ ਸ੍ਰੀ ਕਲਗੀਧਰ ਪਿਤਾ ਦੀ ਹੈ। ਪਰ ਸਾਨੂੰ ਨਾਮ ਅਭਿਆਸ ਤੇ ਸਤਿ ਸਰੂਪ ਦੀ ਮਹਾਨ ਪ੍ਰਾਪਤੀ ਦੇ ਜੋ ਸਾਧਨ ਸਾਹਿਬ ਭਾਈ ਦਿਆ ਸਿੰਘ ਜੀ ਨੇ ਸੌਂਪੇ ਸਨ, ਉਹ ਅਸੀਂ ਤੁਹਾਡੇ ਸਪੁਰਦ ਕਰਦੇ ਹਾਂ।" ਇਹ ਪਾਵਨ ਪਵਿੱਤਰ ਤੇ ਉਤਮ ਸੰਦੇਸ਼ ਕੌਮ ਲਈ ਹੈ ਕਿ ਅਸਲ ਵਿਚ ਗਿਆਨੀ ਹੀ ਕੌਮ ਦਾ ਸੱਚਾ ਸੇਵਕ ਹੋ ਸਕਦਾ ਹੈ। ਉਹ ਮਹਾਨ ਤੋਂ ਮਹਾਨ ਤਾਕਤ ਨਾਲ ਟਕਰਾਅ ਜਾਣ ਦੀ ਸਤਾ ਰਖਦਾ ਹੈ। ਸਤਿ ਚਿੱਤ ਅਨੰਦ ਸਰੂਪ ਦਾ ਪੁਜਾਰੀ ਇਕ ਐਸੇ ਰਾਜ ਤੇ ਰਾਸ਼ਟਰ ਦੇ ਸੁਪਨੇ ਲੈਂਦਾ ਹੈ ਜਿਸ ਅੰਦਰ ਕੋਈ ਦੁਖੀ, ਮੁਥਾਜ, ਕੋਹਜਾ, ਹੀਣਾ ਤੇ ਪਰਅਧੀਨ ਗੁਲਾਮ ਨ ਹੋਵੇ। ਇਹ ਗੱਲ ਉਹ ਕੇਵਲ ਜ਼ਬਾਨੀ ਹੀ ਗਿਆਨ ਰਾਹੀਂ ਨਹੀਂ ਕਹਿੰਦਾ, ਸਗੋਂ ਉਹਦੀ ਦ੍ਰਿਸ਼ਟੀ ਹੀ ਅੰਮ੍ਰਿਤ ਵਰਸਦੀ ਤੇ ਉਹ ਇਕ ਬਰਾਬਰ ਦੇ ਮਨੁੱਖ ਨੂੰ ਤਕ ਕੇ ਹੀ ਪਰ ਅਨੰਦ ਮਾਣ ਸਕਦਾ ਹੈ। ਪਰ ਜੇ ਉਹ ਦੁਖੀ, ਕਲਪਣਾ ਮਾਰੇ ਤੇ ਵਿਰੋਧ ਦਵੈਤ ਅੰਦਰ ਫਸੇ ਹੋਏ ਜਗਤ ਨੂੰ ਤੱਕੇ, ਤਦ ਇਕ ਤਰ੍ਹਾਂ ਵਿਆਕੁਲ ਹੋ ਕੇ ਫਿਰ ਅਰਦਾਸ ਕਰਦਾ ਹੈ, "ਹੇ ਪ੍ਰਭੂ, ਆਪਣੇ ਇਸ ਪਰਵਾਰ ਤੇ ਸੁੰਦਰ ਬਗੀਚੇ ਦੀ ਪ੍ਰਵਰਿਸ਼ ਤੇ ਪ੍ਰਤਿਪਾਲਣਾ ਕਰੋ, ਇਹ ਤੁਹਾਡਾ ਬਿਰਦ ਹੈ। ਕਾਣੀ ਵੰਡ, ਧੱਕੇ ਤੇ ਜ਼ੁਲਮ ਅਨਿਆਏ ਦੀਆਂ ਕਾਰਵਾਈਆਂ ਵੀ ਉਹ ਬਰਦਾਸ਼ਤ ਨਹੀਂ ਕਰਦਾ, ਇਹ ਉਸਨੂੰ ਜਗਤ ਤੋਂ ਵਧ ਆਪਣੀਆਂ ਪੀੜਾਂ ਤੇ ਚੀਸਾਂ ਪ੍ਰਤੀਤ ਦੇਂਦੀਆਂ ਹਨ।

-- ਚਲਦਾ --

# ਸੰਤ ਬਚਨ



*ਸੰਤ ਵਰਿਆਮ ਸਿੰਘ ਜੀ*
*ਵਿ. ਗੁ. ਰੂ.ਮਿਸ਼ਨ।*

**ਉਤਰ ਸੰਤ ਮਹਾਰਾਜ ਸ੍ਰੀ 108 ਈਸ਼ਰ ਸਿੰਘ ਜੀ ਰਾੜੇ ਵਾਲਿਆਂ ਵਲੋਂ**

**ਪ੍ਰਸ਼ਨ - ਆਸਾ ਜੀ ਦੀ ਵਾਰ ਦੇ ਦੂਜੇ ਸਲੋਕ ਵਿਚ ਜਦੋਂ ਅਸੀਂ ਪੜ੍ਹਦੇ ਹਾਂ 'ਸਚੇ ਤੇਰੇ ਖੰਡ ਸਚੇ ਬ੍ਰਹਮੰਡ।। ਸਚੇ ਤੇਰੇ ਲੋਅ ਸਚੇ ਆਕਾਰ।।' ਤਾਂ ਐਉਂ ਪ੍ਰਤੀਤ ਦਿੰਦਾ ਹੈ ਜਿਵੇਂ ਇਹ ਸੰਸਾਰ ਸੱਚਾ ਹੀ ਹੈ, ਪਰ ਗੁਰਬਾਣੀ ਵਿਚ ਸੰਸਾਰ ਨੂੰ ਧੂਏਂ ਦਾ ਪਹਾੜ ਅਤੇ ਇਕ ਸੁਪਨਾ ਹੀ ਦੱਸਿਆ ਗਿਆ ਹੈ ਅਤੇ ਸੰਸਾਰ ਦੀ ਕੋਈ ਹਸਤੀ ਨਹੀਂ ਮੰਨੀ ਗਈ। ਯਥਾਰਥ ਬਾਤ ਕੀ ਹੋਈ?**

ਉਤਰ - ਅਵਸਥਾ ਭੇਦ ਨਾਲ ਦੱਸੇ ਸਿਧਾਂਤ ਹੀ ਆਪਣੀ-ਆਪਣੀ ਥਾਂ ਤੇ ਸਤਿ ਹਨ, ਜਿਵੇਂ ਕਿ ਸੁਪਨੇ ਦੇ ਵਿਚ ਸੁਪਨੇ ਦੇ ਸਾਰੇ ਪਦਾਰਥ ਸਤਿ ਹੀ ਪ੍ਰਤੀਤ ਦਿਆ ਕਰਦੇ ਹਨ। ਉਨ੍ਹਾਂ ਵਿਚ ਆਦਮੀ ਦੁਖ-ਸੁਖ ਮਹਿਸੂਸ ਕਰਦਾ ਹੈ, ਆਪਣਾ-ਬੇਗਾਨਾ ਨਜ਼ਰ ਆਉਂਦਾ ਹੈ, ਹਾਨ ਤੇ ਲਾਭ ਮਨ ਨੂੰ ਖੁਸ਼ੀ ਗਮੀ ਦੇਂਦੇ ਹਨ। ਇਸਤ੍ਰੀ, ਬੱਚੇ ਪਿਆਰੇ ਲੱਗਦੇ; ਹਨ ਉਨ੍ਹਾਂ ਦਾ ਜੇ ਵਿਛੋੜਾ ਹੋ ਜਾਏ ਤਾਂ ਸੁਪਨੇ ਵਿਚ ਹੀ ਰੋਂਦਾ ਹੈ। ਸੁਪਨੇ ਵਿਚ ਜੇ ਇਸਦੇ ਮਗਰ ਡਾਕੂ ਪੈ ਜਾਣ ਤਾਂ ਇਹ ਆਪਣੀ ਜਾਨ ਬਚਾਉਂਦਾ ਥਾਂ-ਥਾਂ ਲੁਕਦਾ ਫਿਰਦਾ ਹੈ ਤੇ ਉਨ੍ਹਾਂ ਦਾ ਡਰ ਪ੍ਰਤੱਖ ਰੂਪ ਵਿਚ ਸਰੀਰ ਵਿਚ ਪ੍ਰਤੀਤ ਦਿੰਦਾ ਹੈ। ਉਹ ਰੋਂਦਾ ਹੈ, ਮਦਦ ਲਈ ਹਾਕਾਂ ਮਾਰਦਾ ਹੈ, ਦਿਲ ਧਕ-ਧਕ ਕਰਨ ਲਗ ਜਾਂਦਾ ਹੈ। ਜਦੋਂ ਜਾਗ ਖੁਲ੍ਹ ਜਾਂਦੀ ਹੈ ਤਾਂ ਸੁਪਨੇ ਦੇ ਵਾਤਾਵਰਨ ਨੂੰ ਸੋਚ ਕੇ ਹੈਰਾਨ ਹੁੰਦਾ ਹੈ ਕਿ ਮੈਂ ਐਵੇਂ ਹੀ ਡਰਦਾ ਰਿਹਾ, ਰੋਂਦਾ ਰਿਹਾ। ਇਹ ਤਾਂ ਕੇਵਲ ਇਕ ਸੁਪਨੇ ਦੀ ਗੱਲ ਸੀ ਅਤੇ ਆਪਣੇ ਮਨ ਨੂੰ ਕੋਸਦਾ ਹੈ ਕਿ ਮੈਂ ਐਵੇਂ ਡਰਦਾ, ਚੀਕਾਂ ਮਾਰਦਾ ਰਿਹਾ, ਇਹ ਤਾਂ ਇਕ ਸੁਪਨਾ ਹੀ ਸੀ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ।।*
*ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ।।*
*ਪੰਨਾ - 808*


ਅੱਗੇ ਹੋਰ ਫੁਰਮਾਨ ਕਰਦੇ ਹਨ -

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ।।*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ।।*
*ਆਰਜਾ ਗਈ ਵਿਹਾਇ ਧੰਧੈ ਧਾਇਆ।।*
*ਪੂਰਨ ਭਏ ਨ ਕਾਮ ਮੋਹਿਆ ਮਾਇਆ।।*
*ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ।। ਪੰਨਾ - 707*

ਇਸੇ ਤਰ੍ਹਾਂ ਦੇ ਨਾਲ ਜਿਸਨੂੰ ਅਸੀਂ ਜਾਗਰਤ ਅਵਸਥਾ ਕਹਿੰਦੇ ਹਾਂ,, ਇਹ ਵੀ ਇਕ ਸੁਪਨਾ ਹੀ ਹੈ; ਰੈਣ ਦਾ ਸੁਪਨਾ ਥੋੜ੍ਹੇ ਸਮੇਂ ਦਾ ਹੋਇਆ ਕਰਦਾ ਹੈ, ਇਹ ਸੁਪਨਾ ਲੰਮੇ ਸਮੇਂ ਦਾ ਹੁੰਦਾ ਹੈ। ਜਦੋਂ ਜੀਵਨ ਛੱਡ ਜਾਂਦਾ ਹੈ ਤਾਂ ਇਹ ਲੰਮਾ ਜੀਵਨ ਭੀ ਸੁਪਨਾ ਹੀ ਬਣ ਜਾਇਆ ਕਰਦਾ ਹੈ। ਰੈਣ ਦੇ ਸੁਪਨੇ ਵਿਚ, ਉਹ ਸੁਪਨਾ ਸਤਿ ਪ੍ਰਤੀਤ ਦੇ ਰਿਹਾ ਸੀ। ਉਮਰ ਦੇ ਸੁਪਨੇ ਵਿਚ ਸਾਰੀ ਆਯੂ ਦਾ ਜੀਵਨ ਸਤਿ ਪ੍ਰਤੀਤ ਦੇ ਰਿਹਾ ਸੀ ਪਰ ਜਦੋਂ ਸਰੀਰ ਛੱਡ ਕੇ ਪ੍ਰਲੋਕ ਜਾਂਦੇ ਹਾਂ, ਉਸ ਵੇਲੇ ਸੰਸਾਰਕ ਜੀਵਨ, ਸੁਪਨਾ ਪ੍ਰਤੀਤ ਦਿੰਦਾ ਹੈ। ਇਸ ਤਰ੍ਹਾਂ ਦੇ ਨਾਲ ਇਕ ਸੇਰ ਆਟਾ ਵੀ ਖਾਇਆ ਹੀ ਜਾਣਾ ਹੈ, ਦੋ ਹਜ਼ਾਰ ਕਿਲੋ ਆਟਾ ਵੀ ਖਾਇਆ ਹੀ ਜਾਣਾ ਹੈ। ਸੋ ਰਾਤ ਦਾ ਸੁਪਨਾ ਛੋਟਾ ਹੁੰਦਾ ਹੈ ਅਤੇ ਉਮਰ ਦਾ ਸੁਪਨਾ ਲੰਮਾ ਹੁੰਦਾ ਹੈ; ਪਰ ਹੈ ਦੋਵੇਂ ਸੁਪਨੇ ਹੀ। ਜਿਵੇਂ ਸੁਪਨ ਔਰ ਮਨੋਰਾਜ ਦੇ ਪਦਾਰਥ ਸੰਕਲਪ ਮਾਤਰ ਹੀ ਹੁੰਦੇ ਹਨ। ਇਸੇ ਤਰ੍ਹਾਂ ਜਾਗਰਤ ਦੇ ਪਦਾਰਥ ਵੀ ਸਿਰਫ ਕਲਪਨਾ ਮਾਤਰ ਹੀ ਹਨ, ਹੋਰ ਕੁਛ ਨਹੀਂ ਹੈ। ਜਿਵੇਂ ਸੁਪਨੇ ਦਾ ਸ਼ੇਰ, ਸੁਪਨੇ ਦਾ ਦੇਵਤਾ, ਸੁਪਨੇ ਦਾ ਸੱਪ ਕੇਵਲ ਫੁਰਨੇ ਮਾਤਰ ਤੋਂ ਜ਼ਿਆਦਾ ਕੁਛ ਵੀ ਨਹੀਂ, ਇਸੇ ਤਰ੍ਹਾਂ ਜਾਗਰਤ ਅਵਸਥਾ ਦਾ ਸ਼ੇਰ ਫੁਰਨੇ ਮਾਤਰ ਤੋਂ ਜ਼ਿਆਦਾ ਕੁਛ ਵੀ ਅਹਮੀਅਤ ਨਹੀਂ ਰੱਖਦਾ, ਇਸ ਵਾਸਤੇ ਹੈ ਹੀ ਨਹੀਂ। ਜੇਕਰ ਕੋਈ ਸਤਿ ਵਸਤੂ ਹੈ ਤਾਂ ਉਹ ਕੇਵਲ ਆਤਮ ਵਸਤੂ ਹੀ ਹੈ, ਹੋਰ ਕੋਈ ਵਸਤੂ ਸਤਿ ਨਹੀਂ ਹੈ। ਆਤਮਾ ਨਿਰਾਕਾਰ, ਨਿਰਵਿਕਲਪ ਅਤੇ ਪੂਰਨ ਅਨੰਦ, ਚਿਦਾ ਅਕਾਸ਼ ਆਪਣੇ ਆਪ ਵਿਚ ਹਮੇਸ਼ਾ ਹੀ ਇਸ ਤਰ੍ਹਾਂ ਅਸਥਿਤ ਹੈ, ਜਿਸ ਤਰ੍ਹਾਂ ਪੱਥਰ ਆਪਣੀ ਕਠੋਰਤਾ ਵਿਚ ਅਸਥਿਤ ਹੈ, ਪਾਣੀ ਆਪਣੀ ਦਰੱਵਤਾ ਵਿਚ ਅਸਥਿਤ ਅਤੇ ਅਕਾਸ਼ ਆਪਣੀ ਸੁੰਨਤਾ ਵਿਚ ਅਸਥਿਤ ਹੋਵੇ। ਇਸੇ ਤਰ੍ਹਾਂ ਆਤਮਾ ਵੀ ਆਪਣੀ ਆਤਮਿਕਤਾ ਵਿਚ ਹਮੇਸ਼ਾ ਹੀ ਅਸਥਿਤ ਹੈ, ਜਿਸ ਤੋਂ ਬਿਨਾਂ, ਇਸ ਸੰਸਾਰ ਦੇ ਅੰਦਰ ਹੋਰ ਕੁਛ ਹੈ ਹੀ ਨਹੀਂ। ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ।।*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ।।*
*ਪੰਨਾ - 846*

ਨਾਮ ਰੂਪ ਦੀ ਤਾਂ ਸਿਰਫ ਕਲਪਨਾ ਹੀ ਹੁੰਦੀ ਹੈ, ਦਿਖਾਈ ਤਾਂ ਹਰ ਚੀਜ਼ ਅਧਿਸ਼ਠਾਨ ਹੀ ਦਿਆ ਕਰਦੀ ਹੈ। ਜਿਵੇਂ ਸਮੁੰਦਰ ਦਾ ਪਾਣੀ ਬਹੁਤ ਉਚੀਆਂ-ਉਚੀਆਂ ਲਹਿਰਾਂ ਦੇ ਵਿਚ ਦਿਖਾਈ ਦਿੰਦਾ ਹੈ, ਅਸਲ ਵਿਚ ਉਹ ਪਾਣੀ ਹੀ ਹੈ। ਇਵੇਂ ਹੀ ਕਪੜਾ ਦਿਖਾਈ ਦਿੰਦਾ ਹੈ ਪਰ ਅਸਲ ਵਿਚ ਉਹ ਸੂਤਰ ਹੀ ਹੈ। ਜਿਵੇਂ ਕਲਪਨਾ ਤਾਂ ਬਰਤਨ ਦੀ ਹੁੰਦੀ ਹੈ ਪਰ ਦਿਖਾਈ ਮਿੱਟੀ ਹੀ ਦਿੰਦੀ ਹੈ। ਹਜ਼ਾਰਾਂ ਜੇਵਰ ਦਿਖਾਈ ਤਾਂ ਦੇਂਦੇ ਹਨ ਪਰ ਅਸਲ ਵਿਚ ਉਹ ਸੋਨਾ ਹੀ ਹੈ। ਜਿਵੇਂ ਸੈਂਕੜੇ ਘੜੇ ਪਏ ਹੋਣ ਪਰ ਦਿਖਾਈ ਤਾਂ ਮਿੱਟੀ ਹੀ ਦਿੰਦੀ ਹੈ। ਇਸੇ ਤਰ੍ਹਾਂ ਕਲਪਨਾ ਤਾਂ ਨਾਮ ਰੂਪ ਪਰਪੰਚ ਅਤੇ ਸਰੀਰ ਦੀ ਹੁੰਦੀ ਹੈ, ਅਸਲ ਵਿਚ



ਦਿਖਾਈ ਤਾਂ ਅਧਿਸ਼ਠਾਨ ਬ੍ਰਹਮ ਹੀ ਦਿੰਦਾ ਹੈ। ਜਿਵੇਂ ਮਿੱਟੀ ਤੋਂ ਅਨੇਕ ਘੜੇ ਬਣੇ ਹਨ, ਪਾਣੀ ਤੋਂ ਅਨੇਕ ਲਹਿਰਾਂ ਉਠਦੀਆਂ ਹਨ, ਸੋਨੇ ਤੋਂ ਅਨੇਕ ਕਿਸਮ ਦੇ ਗਹਿਣੇ ਬਣੇ ਹੋਏ ਹਨ, ਇਸੇ ਤਰ੍ਹਾਂ ਬ੍ਰਹਮ ਤੋਂ ਸਾਰਾ ਦ੍ਰਿਸ਼ਟਮਾਨ ਸੰਸਾਰ ਬਣਿਆ ਹੋਇਆ ਹੈ। ਬ੍ਰਹਮ ਨੂੰ ਜਗਤ ਕਹਿਣਾ ਮਨ ਦੀ ਕਲਪਨਾ ਮਾਤਰ ਹੀ ਹੈ, ਆਤਮਾ ਨਿਤ ਮੁਕਤ ਹੈ। ਜਦੋਂ ਅਜਿਹਾ ਨਿਸਚਾ ਹਰ ਵਕਤ ਬੁੱਧੀ ਵਿਚ ਦ੍ਰਿੜ ਹੋ ਕੇ ਵਸਦਾ ਹੈ ਤਾਂ ਪੂਰਨ ਗਿਆਨ ਹੋ ਕੇ ਸੰਸਾਰ ਦੀ ਅਸਲੀਅਤ ਦਾ ਗਿਆਨ ਹੋ ਜਾਂਦਾ ਹੈ। ਜਗਤ ਕੇਵਲ ਭਰਮ ਮਾਤਰ ਕਰਕੇ ਪ੍ਰਤੀਤ ਦੇਂਦਾ ਹੈ, ਜਿਸ ਦੀ ਸਤੱਤਾ ਤਿੰਨ ਕਾਲ ਹੀ ਝੂਠੀ ਹੈ। ਅਸਲ ਵਿਚ ਸਭ ਪਾਸੇ ਇਕ ਆਤਮਾ ਹੀ ਆਤਮਾ ਹੈ ਜੋ ਕਿ ਨਿਰਾਕਾਰ, ਅਚੱਲ ਅਤੇ ਕੂਟਅਸਥ ਹੈ।

ਮਨ ਫੁਰਨੇ ਨੂੰ ਕਹਿੰਦੇ ਹਨ ਅਤੇ ਫੁਰਨਾ ਅਕਾਸ਼ ਰੂਪ ਹੈ, ਅਰ ਅਕਾਸ਼ ਸੁੰਨ ਰੂਪ ਹੈ। ਸੁੰਨ ਖਾਲੀ ਨੂੰ ਕਹਿੰਦੇ ਹਨ, ਯਾਨਿ ਕੁਛ ਵੀ ਨਾ ਹੋਵੇ, ਉਸਨੂੰ ਸੁੰਨ ਆਖਦੇ ਹਨ। ਇਸ ਵਾਸਤੇ ਜਗਤ ਜਿਸਨੂੰ ਕਹਿੰਦੇ ਹਨ, ਅਜਿਹੀ ਵਿਚਾਰ, ਵਿਚਾਰਨ ਤੋਂ ਆਤਮਾ ਵਿਚ ਹੀ ਲੈਅ ਹੋ ਜਾਂਦੀ ਹੈ ਅਤੇ ਬਾਕੀ ਆਤਮਾ ਹੀ ਬਚਦੀ ਹੈ। ਕੇਵਲ ਭਰਮ ਹੋਣ ਕਰਕੇ ਜਗਤ ਆਤਮਾ ਤੋਂ ਅੱਡਰਾ ਭਾਸਣ ਲੱਗ ਗਿਆ ਅਤੇ ਲੰਮਾ ਅਧਿਆਸ ਹੋਣ ਕਰਕੇ ਇਹ ਸੱਚਾ ਪ੍ਰਤੀਤ ਹੋਣ ਲਗ ਗਿਆ, ਇਹ ਆਤਮਾ ਤੋਂ ਅਲਹਿਦਾ ਨਹੀਂ ਹੈ। ਜਿਵੇਂ ਮਟਕ ਚਾਨਣੇ ਵਿਚ ਕੋਈ ਰੱਸੀ ਪਈ ਹੋਵੇ, ਉਸ ਵਿਚ ਅਗਿਆਨ-ਵਸ ਸੱਪ ਦਾ ਭਰਮ ਹੋ ਜਾਵੇ ਤਾਂ ਅਸੀਂ ਸੱਚਮੁਚ ਡਰਦੇ ਭੀ ਹਾਂ, ਦੂਜਿਆਂ ਨੂੰ ਮਦਦ ਵਾਸਤੇ ਬੁਲਾਉਂਦੇ ਭੀ ਹਾਂ; ਜਦ ਤਕ ਹਨ੍ਹੇਰਾ ਹੈ, ਅਸੀਂ ਡਰਦੇ ਅਤੇ ਕੰਬਦੇ ਹੀ ਰਹਾਂਗੇ ਅਤੇ ਇਸ ਭਰਮ ਦੇ ਵਸ ਪਏ ਅਨੇਕ ਤਰ੍ਹਾਂ ਦੀਆਂ ਕਲਪਨਾਵਾਂ ਮਨ ਵਿਚ ਚਿਤਵਾਂਗੇ। ਪਰ ਜਦੋਂ ਦਿਨ ਚੜ੍ਹ ਜਾਂਦਾ ਹੈ, ਰੱਸੀ ਪ੍ਰਤੱਖ ਦਿਸਣ ਲਗ ਗਈ ਤਾਂ ਅਸੀਂ ਆਪਣੇ ਅਗਿਆਨ ਉਪਰ ਆਪ ਹੀ ਹੱਸਾਂਗੇ। ਇਸ ਨਾਲ ਭਰਮ ਪੈਣ ਕਰਕੇ ਸਾਨੂੰ ਅਣਹੋਏ ਜਗਤ ਦਾ ਲੰਮਾ ਅਧਿਆਸ ਹੋ ਗਿਆ। ਇਸ ਅਧਿਆਸ ਦੇ ਕਾਰਨ ਸਾਨੂੰ ਇਹ ਜਗਤ ਹਰੀ ਦਾ ਰੂਪ ਦਿਸਣ ਦੀ ਥਾਂ ਦੁਖ-ਸੁਖ, ਹਾਵੇ-ਹਉਕਿਆਂ, ਖੁਸ਼ੀਆਂ-ਗਮੀਆਂ ਆਦਿ ਦੁਵੰਦ ਵਿਚ ਦੁਖਾਂ ਦਾ ਘਰ ਪ੍ਰਤੀਤ ਦਿੰਦਾ ਹੈ ਅਤੇ ਸਤਿ ਪ੍ਰਤੀਤ ਦਿੰਦਾ ਹੈ।

ਸੋ ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਜਿਵੇਂ ਧੂਏਂ ਦਾ ਪਹਾੜ ਸਤਿ ਨਹੀਂ ਹੋਇਆ ਕਰਦਾ, ਇਵੇਂ ਇਹ ਸੰਸਾਰ ਭੀ ਸਤਿ ਨਹੀਂ ਹੁੰਦਾ। ਸਤਿ ਕੀ ਹੈ? ਇਕੋ ਪ੍ਰਭੂ ਅਨੇਕ ਰੂਪਾਂ ਰੰਗਾਂ ਵਿਚ ਦਿਖਾਈ ਦੇ ਰਿਹਾ ਹੈ। ਜੋ ਕੁਛ ਵੀ ਨਜ਼ਰ ਆ ਰਿਹਾ ਹੈ, ਉਹ ਆਪੇ ਆਪ ਹੀ ਹੈ।

ਜੋ ਚੀਜ਼ ਆਪਣੇ ਆਪੇ ਤੋਂ ਪਸਰੀ ਹੋਵੇ, ਉਹ ਆਪਣਾ ਹੀ ਰੂਪ ਹੋਇਆ ਕਰਦੀ ਹੈ ਜਿਵੇਂ ਕਿ ਇਹ ਬੰਦਾ ਇਕ ਛੋਟੇ ਜਿਹੇ ਬੀਜ ਤੋਂ ਕਿੰਨਾ ਸੁੰਦਰ ਤੇ ਕਿੰਨੇ ਵਿਸਥਾਰ ਵਾਲਾ ਹੁੰਦਾ ਹੋਇਆ ਵੀ ਉਸ ਬੀਜ ਦਾ ਹੀ ਪਸਾਰਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ -

*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥*
*ਫਲ ਪਾਕੇ ਤੇ ਏਕੰਕਾਰਾ॥ ਪੰਨਾ - 736*

ਇਸੇ ਤਰ੍ਹਾਂ ਨਾਲ ਇਸਨੂੰ ਹੋਰ ਸਪਸ਼ਟ ਕਰਨ ਲਈ 'ਸੁਖਮਨੀ ਸਾਹਿਬ' ਅੰਦਰ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥*
*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥*
*ਜੈਸੀ ਮਤਿ ਦੇਇ ਤੈਸਾ ਪਰਗਾਸ॥*
*ਪਾਰਬ੍ਰਹਮੁ ਕਰਤਾ ਅਬਿਨਾਸ॥*
*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ - 275*

ਸੰਸਾਰ ਦੇ ਅੰਦਰ ਪੰਜ ਚੀਜ਼ਾਂ ਹਨ - ਇਕ ਨਾਮ, ਦੂਸਰਾ ਰੂਪ, ਤੀਸਰਾ ਸਤਿ, ਚੌਥਾ ਚਿੱਤ, ਪੰਜਵਾਂ ਅਨੰਦ। ਇਨ੍ਹਾਂ ਵਿਚ 'ਸਤਿ ਚਿੱਤ ਅਨੰਦ' ਸਭ ਦਾ ਆਪਣਾ ਆਪ ਹੀ ਹੈ ਜਾਂ ਐਂ ਕਹੋ ਕਿ ਆਪਣਾ ਰੂਪ ਹੀ ਹੈ। ਇਸ ਵਿਚ ਨਾਮ ਤੇ ਰੂਪ ਦੋਵੇਂ ਚੀਜ਼ਾਂ ਮਿਥਿਆ ਹਨ ਅਤੇ ਥੋੜ੍ਹੀ ਦੇਰ ਵਾਸਤੇ ਪ੍ਰਤੀਤ ਦਿੰਦੀਆਂ ਹਨ। ਨਾਮ ਰੂਪ (ਜਿਸਮ ਤੇ ਜਗਤ) ਆਤਮਾ (ਸਤਿ ਚਿੱਤ ਅਨੰਦ) ਦੇ ਆਸਰੇ ਪ੍ਰਤੀਤ ਦਿੰਦਾ ਹੈ। ਇਸਦੇ ਅੰਦਰ ਬਾਹਰ ਕੇਵਲ 'ਸਤਿ ਚਿੱਤ ਅਨੰਦ' ਰਸ ਪਰੀਪੂਰਨ ਹੈ। ਨਾਮ ਤੇ ਰੂਪ 'ਸਤਿ ਚਿੱਤ ਅਨੰਦ' ਦੇ ਆਸਰੇ ਹੈ। ਨਾਮ ਤੇ ਰੂਪ ਮਿਥਿਆ ਹੈ - ਕਦੇ ਹੁੰਦੇ ਹਨ, ਕਦੇ ਨਹੀਂ ਹੁੰਦੇ। ਨਾਮ ਤੇ ਰੂਪ ਨੂੰ ਮਾਇਆ ਭੀ ਆਖਿਆ ਜਾਂਦਾ ਹੈ। ਸਤਿ ਚਿੱਤ ਅਨੰਦ (ਪ੍ਰਮਾਤਮਾ) ਸਦਾ ਹੀ ਰਹਿੰਦਾ ਹੈ। ਜਿਵੇਂ ਸਮੁੰਦਰ ਵਿਚ ਪਾਣੀ ਸਦਾ ਹੀ ਹੁੰਦਾ ਹੈ, ਲਹਿਰ, ਬੁਲਬੁਲੇ ਤੇ ਝੱਗ ਕਦੇ ਹੁੰਦੇ ਹਨ, ਕਦੇ ਨਹੀਂ ਹੁੰਦੇ। ਅਸੀਂ ਆਪਣੀ ਬਿਰਤੀ ਨਾਮ, ਰੂਪ ਨੂੰ ਛੱਡ ਕੇ ਸਤਿ ਚਿੱਤ ਅਨੰਦ ਦੇ ਨਾਲ ਜੋੜਨੀ ਹੈ। ਜਦੋਂ ਇਹ ਬਿਰਤੀ ਇਕ ਚਿਤ ਹੋ ਕੇ ਆਪਣੇ ਆਪੇ ਦੇ ਨਾਲ ਜੁੜ ਜਾਵੇਗੀ ਤਾਂ ਸਾਰੇ ਦੁਖਾਂ ਦਾ ਖਾਤਮਾ ਹੋ ਜਾਵੇਗਾ। ਜਿੰਨੀ-ਜਿੰਨੀ ਕਿਸੇ ਦੀ ਬਿਰਤੀ ਨਾਮ ਤੇ ਰੂਪ ਤੋਂ ਦੂਰ ਹੁੰਦੀ ਜਾਵੇਗੀ, ਉਤਨੀ-ਉਤਨੀ ਹੀ ਆਤਮ ਸਰੂਪ ਵਿਚ ਡੁੱਬਦੀ ਜਾਵੇਗੀ ਅਤੇ ਉਤਨਾ ਹੀ ਸੁੱਖ ਤੇ ਸ਼ਾਂਤੀ ਵਧਦਾ ਜਾਵੇਗਾ।

ਅਖੀਰ ਵਿਚ ਜਦੋਂ ਕਰੜੇ ਅਭਿਆਸ ਦੇ ਕਾਰਨ ਭਰਮ ਦਾ ਨਾਸ਼ ਹੋ ਗਿਆ ਅਤੇ ਗੁਰੂਆਂ, ਮਹਾਂਪੁਰਸ਼ਾਂ ਦੀ ਕ੍ਰਿਪਾ ਦੇ ਸਦਕੇ ਅੰਦਰਲੇ ਨੇਤ੍ਰ ਖੁਲ੍ਹ ਗਏ ਅਤੇ ਦਿੱਬ ਦ੍ਰਿਸ਼ਟ ਪ੍ਰਾਪਤ ਹੋ ਗਈ ਤਾਂ ਨਾਮ ਤੇ ਰੂਪ ਭੀ ਵਾਹਿਗੁਰੂ ਦਾ ਰੂਪ ਹੀ ਬਣ ਜਾਣਗੇ। ਇਹ ਵਿਸ਼ਵ, ਵਾਹਿਗੁਰੂ ਦਾ ਰੂਪ ਪ੍ਰਤੱਖ ਰੂਪ ਵਿਚ ਨਜ਼ਰ ਆ ਕੇ ਆਪਣਾ ਆਪ ਵਾਹਿਗੁਰੂ ਵਿਚ ਲੀਨ ਹੋ ਜਾਵੇਗਾ। ਜਿਵੇਂ ਸਮੁੰਦਰ ਵਿਚ ਪਾਣੀ ਤੇ ਲਹਿਰਾਂ ਇਕ ਰੂਪ ਹੀ ਹਨ। ਸਮੁੰਦਰ ਨੇ ਲਹਿਰਾਂ ਕਦੇ ਵੀ ਨਹੀਂ ਦੇਖੀਆਂ ਕਿਉਂਕਿ ਉਹ ਸ਼ਾਂਤ ਰੂਪ ਅਤੇ ਲਹਿਰਾਂ ਦੇ ਰੂਪ ਵਿਚ ਸਮੁੰਦਰ ਆਪ ਹੀ ਹੈ। ਇਵੇਂ ਜਿਵੇਂ ਗਿਆਨਵਾਨਾਂ ਨੇ ਕਦੇ ਵੀ ਆਪਣੇ ਆਪ ਵਿਚ ਜਗਤ ਅਤੇ ਨਾਮ, ਰੂਪ ਦੀ ਉਪਾਧੀ ਦ੍ਰਿਸ਼ਟੀਗੋਚਰੇ ਨਹੀਂ ਕੀਤੀ। ਕਿਉਂਕਿ ਇਹ ਸਰਬੰਸ ਪ੍ਰਮੇਸ਼ਰ ਰੂਪ ਹੀ ਹੈ ਜਾਂ ਐਂ ਕਹੋ ਕਿ ਆਪਣਾ ਆਪ ਹੀ ਹੈ। ਗਿਆਨ ਦੀ ਅਵਸਥਾ ਦੇ ਵਿਚ ਜੋ ਕੁਛ ਦੇਖਦਾ ਹੈ, ਜੋ ਕੁਛ ਸੁਣਦਾ ਹੈ, ਜੋ ਕੁਛ ਸਿਮਰਨ ਹੁੰਦਾ ਹੈ, ਸਭ ਆਪਣਾ ਆਪ ਹੀ ਪ੍ਰਤੀਤ ਦਿੰਦਾ ਹੈ; ਆਪਣੇ ਆਪ ਤੋਂ ਵੱਖਰੀ ਕੋਈ ਭੀ ਚੀਜ਼ ਨਹੀਂ। ਇਸ ਵਾਸਤੇ ਗੁਰੂ ਮਹਾਰਾਜ ਜੀ ਇਸਨੂੰ ਜਗਤ ਨਹੀਂ ਕਹਿੰਦੇ, ਇਸ ਸਮੁੱਚਤਾ ਨੂੰ ਪ੍ਰਮੇਸ਼ਰ ਹੀ ਕਹਿੰਦੇ ਹਨ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*

*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥* *ਪੰਨਾ - 922*

ਆਤਮ ਵਿਸ਼ੈਣੀ ਬੁੱਧਿ ਪ੍ਰਾਪਤ ਹੋਣ ਨਾਲ ਜਦੋਂ ਆਪਾ ਚੀਨਿਆ ਜਾਂਦਾ ਹੈ ਤਾਂ ਪ੍ਰਮੇਸ਼ਰ ਤੋਂ ਬਗੈਰ ਕੋਈ ਵੀ ਚੀਜ਼ ਦਿਖਾਈ ਨਹੀਂ ਦਿੰਦੀ।

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥*
*ਗੋਬਿੰਦ ਬਿਨੁ ਨਹੀ ਕੋਈ॥* *ਪੰਨਾ - 485*

**ਪ੍ਰਸ਼ਨ -ਗਿਆਨ ਦੀ ਪ੍ਰਾਪਤੀ ਵਿਚ ਸਭ ਤੋਂ ਵੱਡੀ ਰੁਕਾਵਟ ਕਿਸ ਚੀਜ਼ ਦੀ ਹੈ?**

ਉਤਰ - ਗਿਆਨ ਦੇ ਮਾਰਗ ਵਿਚ ਸਭ ਤੋਂ ਵਿਘਨਕਾਰੀ ਰੁਕਾਵਟ (hurdle) ਦੇਹ ਅਧਿਆਸ ਦੀ ਹੈ। ਯਾਨਿ ਆਪਣੇ ਆਪ ਨੂੰ ਇਹ ਮਹਾਂ ਦੁਖਾਂ ਭਰੀ, ਮਲਮੂਤਰ ਦੀ ਪ੍ਰਤੀਕ ਦੇਹ ਮੰਨਣਾ ਅਤੇ ਆਪਣੇ ਆਪ ਨੂੰ ਨਿਸ਼ਚੇਪੂਰਵਕ ਦੇਹ ਮੰਨਣਾ ਸਭ ਤੋਂ ਵੱਡੀ ਰੁਕਾਵਟ ਹੈ।

ਚਾਰ ਵਾਕ ਨਾਸਤਕ ਕਹਿੰਦੇ ਹਨ ਕਿ ਸਥੂਲ ਸਰੀਰ ਹੀ ਆਤਮਾ ਹੈ, ਇਹ ਸਭਨਾਂ ਨੂੰ ਦਿਸਦਾ ਹੈ। ਜੋ ਵਸਤੂ ਦਿਸਦੀ ਹੀ ਨਹੀਂ, ਜਿਸਦਾ ਕੋਈ ਰੂਪ ਹੀ ਨਹੀਂ, ਜਿਸਦਾ ਕੋਈ ਚੱਕ੍ਰ ਚਿਹਨ ਹੀ ਨਹੀਂ, ਜਿਸ ਦੀ ਕੋਈ ਰੇਖਾ ਹੀ ਨਹੀਂ, ਉਹ ਚੀਜ਼ ਤਾਂ ਹੋਇਆ ਹੀ ਨਹੀਂ ਕਰਦੀ। ਇਹ ਸਰੀਰ ਸਭ ਦੇ ਦੇਖਣ ਵਿਚ ਆਉਂਦਾ ਹੈ ਅਤੇ ਇਸਨੂੰ ਅਸੀਂ ਆਪਣਾ ਆਪਾ ਕਹਿੰਦੇ ਹਾਂ। ਸਭ ਲੋਕ ਕਹਿੰਦੇ ਹਨ - ਮੈਂ ਬਾਲਕ ਹਾਂ, ਮੈਂ ਜਵਾਨ ਹਾਂ, ਮੈਂ ਬਿਰਧ ਹਾਂ, ਮੈਂ ਬ੍ਰਾਹਮਣ ਹਾਂ, ਮੈਂ ਖੱਤ੍ਰੀ ਹਾਂ, ਮੈਂ ਕਾਲਾ ਹਾਂ, ਮੈਂ ਗੋਰਾ ਹਾਂ, ਮੈਂ ਸਿਆਮ ਹਾਂ, ਮੈਂ ਵੈਸ਼ ਹਾਂ, ਮੈਂ ਸੂਦਰ ਹਾਂ, ਮੈਂ ਮਰਦ ਹਾਂ, ਮੈਂ ਇਸਤਰੀ ਹਾਂ, ਮੈਂ ਮੋਟਾ ਹਾਂ, ਮੈਂ ਪਤਲਾ ਹਾਂ, ਮੈਂ ਲੰਬਾ ਹਾਂ, ਮੈਂ ਛੋਟਾ ਹਾਂ ਇਤਿਆਦਿ। ਜਿੰਨੀਆਂ ਵਿਚ 'ਮੈਂ-ਮੈਂ' ਯਾਨਿ 'ਅਹੰ-ਅਹੰ' ਬੁੱਧੀਆਂ ਹੋ ਰਹੀਆਂ ਹਨ, ਇਹ ਸਾਰੀਆਂ ਸਥੂਲ ਦੇ ਵਿਚ ਹੀ ਹੋ ਰਹੀਆਂ ਹਨ ਤਾਂ ਤੇ ਸਥੂਲ ਸਰੀਰ ਹੀ ਆਤਮਾ ਹੈ। ਸੰਸਾਰ ਦੇ ਅੰਦਰ ਕੀ ਅਨਪੜ੍ਹ, ਕੀ ਪੜ੍ਹਿਆ-ਲਿਖਿਆ, ਸਭ ਹੀ ਦੇਹ ਦੇ ਵਿਚ ਅਹੰ ਬੁੱਧੀ ਧਾਰ ਕੇ ਆਪਣਾ ਨਾਮ, ਪਤਾ ਦੱਸਦੇ ਹਨ ਅਤੇ ਇਸ ਸਰੀਰ ਨੂੰ ਸ਼ਿੰਗਾਰਦੇ ਹਨ, ਇਸ ਵਿਚ ਖੁਸ਼ੀ ਮਹਿਸੂਸ ਕਰਦੇ ਹਨ, ਕਿਉਂਕਿ ਇਹ ਸਭ ਆਪਣੇ ਨੂੰ, ਆਪਣੀ ਦੇਹ ਨੂੰ ਹੀ ਆਤਮਾ ਸਮਝਦੇ ਹਨ। ਇਹਦੇ ਵਿਚ ਹੀ ਮਮਤਾ ਧਾਰਨ ਕਰਕੇ ਕਹਿੰਦੇ ਹਨ - ਮੇਰਾ ਸਰੀਰ, ਮੈਂ ਜਵਾਨ, ਮੈਂ ਬਿਰਧ, ਮੈਂ ਬਾਲਕ, ਮੈਂ ਖਤ੍ਰੀ, ਮੈਂ ਕਾਲਾ, ਮੈਂ ਗੋਰਾ, ਮੈਂ ਸਿਆਮ, ਮੈਂ ਵੈਸ਼, ਮੈਂ ਸੂਦਰ, ਮੈਂ ਮਰਦ, ਮੈਂ ਇਸਤ੍ਰੀ, ਮੈਂ ਮੋਟਾ, ਮੈਂ ਪਤਲਾ, ਮੈਂ ਲੰਬਾ, ਮੈਂ ਛੋਟਾ ਹਾਂ। ਮਮਤਾ ਹਮੇਸ਼ਾ ਅਨਾਤਮ ਚੀਜ਼ਾਂ ਨਾਲ ਸਬੰਧ ਰੱਖਿਆ ਕਰਦੀ ਹੈ। ਜਿਥੇ ਮਮਤਾ ਹੁੰਦੀ ਹੈ, ਉਹ ਆਤਮਾ ਨਹੀਂ ਹੁੰਦੀ; ਆਤਮਾ ਉਸਤੋਂ ਨਿਆਰੀ ਹੁੰਦੀ ਹੈ। ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਇਹ ਮੇਰਾ ਸਰੀਰ ਹੈ ਤਾਂ ਅਸੀਂ ਆਪਣੇ ਆਪ ਨੂੰ ਸਰੀਰ ਤੋਂ ਨਿਆਰਾ ਜਾਣ ਕੇ ਕਹਿੰਦੇ ਹਾਂ। ਜਦੋਂ ਅਸੀਂ ਕਹਿੰਦੇ ਹਾਂ, ਇਹ ਮੇਰਾ ਸਰੀਰ ਹੈ ਜੇ ਅਸੀਂ ਸਰੀਰ ਹੋਈਏ ਤਾਂ ਮੈਂ ਸਰੀਰ ਕਿਹਾ ਜਾਂਦਾ ਹੈ। ਸੋ ਇਸ ਕਰਕੇ ਸਰੀਰ ਤੋਂ ਅਸੀਂ ਨਿਆਰੇ ਹਾਂ। ਜਿਵੇਂ ਕਿ ਅਸੀਂ ਕਹੀਏ ਕਿ ਇਹ ਮੇਰਾ ਘਰ ਹੈ। ਇਸ ਦੇ ਕਹਿਣ ਤੋਂ ਭਾਵ ਹੈ ਕਿ ਮੈਂ ਘਰ ਨਹੀਂ, ਮੈਂ ਘਰ ਤੋਂ ਨਿਆਰਾ ਹਾਂ ਤੇ ਘਰ ਮੇਰਾ ਹੈ। ਇਸ ਕਰਕੇ ਇਹ ਸਥੂਲ ਸਰੀਰ ਆਤਮਾ ਨਹੀਂ ਹੈ। ਜਦੋਂ ਆਦਮੀ ਮਰ ਜਾਂਦਾ ਹੈ ਤਾਂ ਸਰੀਰ ਸਾੜ ਦਿਤਾ ਜਾਂਦਾ ਹੈ। ਆਤਮਾ ਅ-ਜਰ ਹੈ, ਅਮਰ ਹੈ, ਐਸਾ ਧਰਮ ਗ੍ਰੰਥਾਂ ਵਿਚ ਸੁਣਿਆ ਜਾਂਦਾ ਹੈ। ਤਾਂ ਤੇ ਇਸ ਨੌ ਦਰਵਾਜ਼ਿਆਂ ਵਾਲੇ ਸਥੂਲ ਸਰੀਰ ਵਿਚ ਇਹ ਬੁੱਧੀ ਧਾਰਨੀ ਮਹਾਂ ਮੂਰਖਤਾ ਹੈ।

ਇਹ ਸਰੀਰ ਆਤਮਾ ਦਾ ਢੱਕਣਾ (ਪੜਦਾ) ਹੈ ਅਤੇ ਇਸ ਪੜਦੇ ਦਾ ਨਾਮ ਅੰਨਮਈ ਕੋਸ਼ ਸਿਆਣੇ ਕਹਿੰਦੇ ਹਨ। ਇਸ ਤੋਂ ਅੱਗੇ ਸੂਖਸ਼ਮ ਸਰੀਰ ਅਤੇ ਕਾਰਨ ਸਰੀਰ ਹਨ। ਸੂਖਸ਼ਮ ਸਰੀਰ ਵਿਚ ਤਿੰਨ ਕੋਸ਼ ਹੁੰਦੇ ਹਨ - ਪ੍ਰਾਨਮਈ ਕੋਸ਼, ਮਨੋਮਈ ਕੋਸ਼, ਵਿਗਿਆਨਮਈ ਕੋਸ਼। ਇਨ੍ਹਾਂ ਤਿੰਨਾਂ ਸਰੀਰਾਂ ਵਿਚ ਜੋ ਪ੍ਰਾਨਮਈ ਕੋਸ਼ ਹੈ, ਕਈ ਉਸਨੂੰ ਹੀ ਆਤਮਾ ਮੰਨਦੇ ਹਨ। ਉਨ੍ਹਾਂ ਵਿਚ ਵੀ ਦੋ ਮਤ ਹਨ। ਇਕ ਤਾਂ ਇੰਦ੍ਰੀਆਂ ਨੂੰ ਹੀ ਆਤਮਾ ਮੰਨਦੇ ਹਨ। ਮੈਂ ਦੇਖਦਾ ਹਾਂ, ਮੈਂ ਸੁਣਦਾ ਹਾਂ, ਮੈਂ ਲੈਂਦਾ ਹਾਂ, ਮੈਂ ਚਲਦਾ ਹਾਂ। ਇਸ ਪ੍ਰਕਾਰ 'ਮੈਂ' ਹੰਗਤਾ ਯਾਨਿ ਆਤਮਾ ਇੰਦ੍ਰੀਆਂ ਵਿਚ ਮਾਲੂਮ ਹੋ ਰਹੀ ਹੈ। ਕਿਉਂਕਿ ਦੇਖਣ ਵਾਲਾ, ਸੁਣਨ ਵਾਲਾ, ਚਲਣ ਵਾਲਾ; ਇੰਦ੍ਰੀਆਂ ਹੀ ਹਨ ਅਤੇ ਇਨ੍ਹਾਂ ਵਿਚ ਹੀ 'ਮੈਂ' ਹੰਗਤਾ ਕਰਦਾ ਹਾਂ ਪਰ ਇਹ ਉਸਦਾ ਭਰਮ ਹੈ ਕਿਉਂਕਿ ਅਸਥੂਲ ਸਰੀਰ ਵਾਂਗੂੰ ਇਨ੍ਹਾਂ ਇੰਦ੍ਰੀਆਂ ਵਿਚ ਮਮਤਾ (ਅਨਾਤਮਾ) ਭੀ ਹੁੰਦੀ ਹੈ ਯਾਨਿ ਕਿ ਮੇਰਾ-ਪਨ ਹੁੰਦਾ ਹੈ। ਜਿਸਦੇ ਵਿਚ ਮੇਰਾ-ਪਨ ਹੋਵੇ, ਉਹ ਚੀਜ਼ ਆਤਮਾ ਨਹੀਂ ਹੁੰਦੀ ਕਿਉਂਕਿ ਆਤਮਾ 'ਮੈਂ' ਹੀ ਹਾਂ। ਇਨ੍ਹਾਂ ਇੰਦ੍ਰੀਆਂ ਵਿਚ ਮੇਰਾ-ਪਨ ਹੁੰਦਾ ਹੈ ਜਿਵੇਂ ਲੋਕ ਕਹਿੰਦੇ ਹਨ - ਮੇਰੇ ਨੇਤ੍ਰ ਕਮਜ਼ੋਰ ਹਨ, ਕੰਨ ਬੋਲੇ ਹਨ, ਹੱਥ ਕੰਬਦੇ ਹਨ, ਮੇਰਾ ਪੈਰ ਦੁਖਦਾ ਹੈ; ਇਸ ਤਰ੍ਹਾਂ ਇੰਦ੍ਰੀਆਂ ਨੂੰ ਅਸੀਂ 'ਮੇਰਾ' ਕਹਿੰਦੇ ਹਾਂ। ਇਹ ਕਹਿ ਕੇ ਅਸੀਂ ਆਪਣੇ ਆਪ ਨੂੰ ਇਨ੍ਹਾਂ ਤੋਂ ਵੱਖਰਾ ਸਮਝਦੇ ਹਾਂ ਜਿਵੇਂ ਕਿ ਕੋਈ ਕਹੇ ਕਿ ਇਹ ਮੇਰਾ ਘਰ ਹੈ। ਘਰ ਕਹਿਣ ਵਾਲਾ, ਆਪਣੇ ਆਪ ਨੂੰ ਘਰ ਤੋਂ ਨਿਆਰਾ ਹੋ ਕੇ ਕਹਿ ਰਿਹਾ ਹੈ। ਇਸ ਕਰਕੇ ਜਿਸ ਚੀਜ਼ ਵਿਚ ਮੇਰ ਹੋਵੇ, ਉਹ ਆਤਮਾ ਨਹੀਂ ਹੈ। ਅਸੀਂ ਇੰਦ੍ਰੀਆਂ ਨੂੰ ਮੇਰੀ ਜੀਭ, ਮੇਰੇ ਪੈਰ ਕਹਿੰਦੇ ਹਾਂ, ਇਸ ਵਾਸਤੇ ਅਸੀਂ ਇਨ੍ਹਾਂ ਤੋਂ ਨਿਆਰੇ ਹਾਂ ਤਾਂ ਫੇਰ ਪ੍ਰਾਨਧਾਰੀ ਕਹਿੰਦਾ ਹੈ ਕਿ ਪ੍ਰਾਨ ਹੀ ਆਤਮਾ ਹੈ। ਪ੍ਰਾਨਾਂ ਕਰਕੇ ਹੀ ਸਾਰੇ ਸਰੀਰ ਦਾ ਵਿਹਾਰ ਹੁੰਦਾ ਹੈ, ਪ੍ਰਾਨਾਂ ਕਰਕੇ ਹੀ ਸਾਰੀਆਂ ਇੰਦ੍ਰੀਆਂ ਆਪਣਾ-ਆਪਣਾ ਕੰਮ ਕਰ ਰਹੀਆਂ ਹਨ। ਜੇ ਸਰੀਰ ਵਿਚੋਂ ਪ੍ਰਾਣ ਨਿਕਲ ਜਾਣ ਤਾਂ ਸਰੀਰ ਇਕ ਦਮ ਮੁਰਦਾ ਹੋ ਜਾਂਦਾ ਹੈ। ਮੁਰਦਾ ਹੋਏ ਸਰੀਰ ਨੂੰ ਕੋਈ ਜਲਾ ਦੇਂਦਾ ਹੈ, ਕੋਈ ਪਾਣੀ ਵਿਚ ਡੋਬ ਦਿੰਦਾ ਹੈ। ਪ੍ਰਾਨਾਂ ਤੋਂ ਬਿਨਾਂ, ਇਸ ਸਰੀਰ ਦੀ ਦੁਰਦਸ਼ਾ ਹੁੰਦੀ ਹੈ ਜੇ ਪ੍ਰਾਣ ਸਰੀਰ ਵਿਚ ਹੋਣ ਤਾਂ ਸਰੀਰ ਦੀ ਕਦਰ ਹੁੰਦੀ ਹੈ, ਸਰੀਰ ਸ਼ਿੰਗਾਰਿਆ ਜਾਂਦਾ ਹੈ, ਖਲਾ-ਪਿਲਾ ਕੇ ਤਕੜਾ ਕੀਤਾ ਜਾਂਦਾ ਹੈ। ਇਸ ਕਰਕੇ ਇਹ ਸਮਝਦੇ ਹਨ ਕਿ ਪ੍ਰਾਣ ਹੀ ਅਸਲ ਵਸਤੂ ਹੈ। ਤਾਂ ਤੇ ਪ੍ਰਾਣ ਹੀ ਆਤਮਾ ਹੈ।

ਲੋਕ ਇਹ ਕਹਿੰਦੇ ਹਨ ਕਿ ਮੈਂ ਭੁਖਾਂ ਹਾਂ, ਮੈਂ ਪਿਆਸਾ ਹਾਂ।

ਭੁੱਖ ਪਿਆਸ ਹਮੇਸ਼ਾ ਪ੍ਰਾਣਾਂ ਨੂੰ ਹੀ ਲਗਦੀ ਹੈ - ਨਾ ਅੱਖਾਂ ਨੂੰ, ਨਾ ਨੱਕ ਨੂੰ, ਨਾ ਕੰਨਾਂ ਨੂੰ ਭੁੱਖ ਲਗਦੀ ਹੈ, ਭੁੱਖ ਹਮੇਸ਼ਾ ਪ੍ਰਾਣਾਂ ਨੂੰ ਲਗਦੀ ਹੈ। 'ਮੈਂ ਭੁੱਖਾ' ਕਹਿਣ ਤੋਂ ਪ੍ਰਾਣ ਹੀ ਆਤਮਾ ਸਿਧ ਹੁੰਦੇ ਹਨ ਤਾਂ ਤੇ ਪ੍ਰਾਣ ਹੀ ਆਤਮਾ ਹੋਏ! ਪਰ ਦੇਖਿਆ ਇਹ ਗਿਆ ਹੈ ਮਨੁੱਖ, ਪ੍ਰਾਣਾਂ ਵਿਚ ਮਮਤਾ ਧਾਰਨ ਕਰਦਾ ਹੈ ਅਤੇ ਕਹਿੰਦਾ ਹੈ ਕਿ ਮੇਰੇ ਪ੍ਰਾਣ ਕਿਤੇ ਸਰੀਰ ਨਾ ਛੱਡ ਜਾਣ। ਇਥੇ ਮੇਰੇ ਪ੍ਰਾਣ ਕਹਿਣ ਤੋਂ ਇਹ ਸਿੱਧ ਹੁੰਦਾ ਹੈ ਕਿ ਮੈਂ ਪ੍ਰਾਣਾਂ ਤੋਂ ਵੱਖਰਾ ਹਾਂ। ਇਸ ਕਰਕੇ ਪ੍ਰਾਣ, ਆਤਮਾ ਨਹੀਂ। ਤਾਂ ਦੂਸਰਾ ਕਹਿੰਦਾ ਹੈ ਕਿ ਜੇ ਤੁਸੀਂ ਪ੍ਰਾਣਾਂ ਨੂੰ ਆਤਮਾ ਨਹੀਂ ਮੰਨਦੇ, ਤਾਂ ਮਨ ਤਾਂ ਆਤਮਾ ਹੈ ਹੀ। ਮਨ ਨੂੰ ਹੀ ਆਤਮਾ ਕਹਿਣਾ ਚਾਹੀਦਾ ਹੈ ਕਿਉਂਕਿ ਮਨ ਬਿਨਾਂ, ਇੰਦ੍ਰੀਆਂ ਨੂੰ ਕੋਈ ਗਿਆਨ ਨਹੀਂ ਹੁੰਦਾ। ਜਦੋਂ ਅਸੀਂ ਪ੍ਰਸ਼ਾਦਾ ਛਕਦੇ ਹਾਂ ਤਾਂ ਘਰ ਵਾਲੀ ਨੇ ਪੁਛਿਆ ਕਿ ਦਾਲ ਵਿਚ ਨਮਕ, ਮਿਰਚ ਕਿਸ ਤਰ੍ਹਾਂ ਹੈ ਤਾਂ ਕਈ ਵਾਰੀ ਅਸੀਂ ਕਹਿੰਦੇ ਹਾਂ ਕਿ ਮੇਰਾ ਮਨ ਗੈਰਹਾਜ਼ਰ ਸੀ, ਹੁਣ ਬੁਰਕੀ ਪਾ ਕੇ ਮੈਂ ਭੋਜਨ ਦਾ ਸਵਾਦ ਦਸਾਂਗਾ। ਦੁੱਖ-ਸੁੱਖ ਦਾ ਗਿਆਨ ਵੀ ਮਨ ਨੂੰ ਹੀ ਹੁੰਦਾ ਹੈ, ਅੱਖਾਂ, ਨੱਕ, ਕੰਨ, ਹੱਥਾਂ ਨੂੰ ਨਹੀਂ ਹੁੰਦਾ, ਪ੍ਰਾਣਾਂ ਨੂੰ ਵੀ ਗਿਆਨ ਨਹੀਂ। ਲੋਕ ਕਹਿੰਦੇ ਹਨ ਕਿ ਮੈਂ ਦੁਖੀ ਹਾਂ, ਸੁਖੀ ਹਾਂ, ਇਸ ਕਰਕੇ ਮਨ ਹੀ ਆਤਮਾ ਸਿਧ ਹੋਇਆ।

ਜੇ ਅਸੀਂ ਮਨ ਨੂੰ ਹੀ ਆਤਮਾ ਮੰਨ ਲਈਏ ਤਾਂ ਇਹ ਵੀ ਨਿਰਮੂਲ ਦਲੀਲ ਹੈ। ਕਈ ਵਾਰੀ ਅਸੀਂ ਕਹਿੰਦੇ ਹਾਂ ਕਿ ਮੇਰਾ ਮਨ ਨਹੀਂ ਟਿਕਦਾ, ਮੇਰਾ ਮਨ ਭਜਨ-ਪਾਠ ਵਿਚ ਨਹੀਂ ਲਗਦਾ। ਜਦੋਂ ਅਸੀਂ ਮਨ ਨੂੰ 'ਮੇਰਾ' ਕਹਿੰਦੇ ਹਾਂ ਤਾਂ ਸਾਡੀ ਮਮਤਾ ਮਨ ਵਿਚ ਹੋ ਜਾਂਦੀ ਹੈ। ਮੇਰਾ ਮਨ ਕਹਿਣ ਨਾਲ ਅਸੀਂ ਮਨ ਤੋਂ ਜੁਦਾ ਹੋਏ ਪ੍ਰਤੀਤ ਦਿੰਦੇ ਹਾਂ। ਇਸ ਕਰਕੇ ਮਨ ਭੀ ਆਤਮਾ ਨਹੀਂ ਕਿਉਂਕਿ ਆਤਮਾ 'ਮੈਂ' ਹੀ ਹੁੰਦੀ ਹੈ।

ਜੇਕਰ ਮਨ ਆਤਮਾ ਨਹੀਂ ਤਾਂ ਬੁੱਧੀ ਤਾਂ ਆਤਮਾ ਹੀ ਹੁੰਦੀ ਹੈ ਅਤੇ ਲੋਕ ਕਹਿੰਦੇ ਸੁਣੇ ਜਾਂਦੇ ਹਨ ਕਿ ਮੈਂ ਭੋਗਦਾ ਹਾਂ, ਮੈਂ ਕਰਦਾ ਹਾਂ, ਮੈਂ ਉਥੋਂ ਵਾਪਸ ਆ ਗਿਆ, ਮੈਂ ਪਰਲੋਕ ਨੂੰ ਜਾਂਦਾ ਹਾਂ ਇਹ ਸਭ ਕੰਮ; ਜੇ ਬੁੱਧੀ ਹੀ ਆਤਮਾ ਕਹੀ ਜਾਵੇ ਤਾਂ ਠੀਕ ਹੈ ਪਰ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਮੇਰੀ ਬੁੱਧੀ ਬੜੀ ਮੰਦੀ ਹੈ; ਦੂਸਰੇ ਨੂੰ ਕਹਿੰਦੇ ਹਾਂ ਕਿ ਇਸਦੀ ਬੁੱਧੀ ਬੜੀ ਤੇਜ਼ ਹੈ, ਮੇਰੀ-ਮੇਰੀ ਕਹਿਣ ਨਾਲ ਇਸ ਵਿਚ ਵੀ ਮਮਤਾ ਹੋਈ। ਇਸ ਕਰਕੇ ਬੁੱਧੀ ਵੀ ਆਤਮਾ ਨਹੀਂ ਹੈ।

ਇਸ ਤੋਂ ਅੱਗੇ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਬੁੱਧੀ ਦੇ ਅੰਦਰ ਅਨੰਦਮਈ ਆਤਮਾ ਹੈ, ਬੁੱਧੀ ਆਤਮਾ ਨਹੀਂ ਤੇ ਇਹ ਕਿਹਾ ਜਾਵੇ ਕਿ ਅਨੰਦਮਈ ਅਵਸਥਾ ਜੋ ਅਨੰਦ ਹੈ, ਇਹੀ ਆਤਮਾ ਹੈ। ਅਨੰਦਮਈ ਕੋਸ਼ ਨੂੰ 'ਕਾਰਨ ਸਰੀਰ' ਵੀ ਕਹਿੰਦੇ ਹਨ, ਅਗਿਆਨ ਵੀ ਕਹਿੰਦੇ ਹਨ ਤੇ ਅਵਿਦਿਆ ਵੀ ਕਹਿੰਦੇ ਹਨ ਅਤੇ ਅਜਿਹਾ ਕਿਹਾ ਜਾਂਦਾ ਹੈ ਕਿ ਅੱਜ ਮੈਂ ਰਾਤ ਨੂੰ ਬਹੁਤ ਅਨੰਦ ਨਾਲ ਸੋਇਆ ਅਤੇ ਮੈਨੂੰ ਕੁਛ ਵੀ ਪਤਾ ਨਹੀਂ ਲੱਗਿਆ। 'ਕੁਛ ਵੀ ਪਤਾ ਨਹੀਂ ਲੱਗਿਆ' ਇਕ ਅਵਸਥਾ ਹੈ ਜਿਸਨੂੰ ਅਗਿਆਨ ਕਹਿੰਦੇ ਹਨ, ਅਵਿਦਿਆ ਕਹਿੰਦੇ ਹਨ ਤੇ ਮਾਇਆ ਭੀ ਕਹਿੰਦੇ ਹਨ। ਜੇ ਕੋਈ ਇਹ ਕਹੇ ਕਿ ਇਹ ਮਾਇਆ ਰੂਪ ਅਨੰਦ ਹੀ ਆਤਮਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਆਤਮਾ ਗਿਆਨ ਸਰੂਪ, ਚੇਤਨ ਸਰੂਪ ਹੈ। ਮਾਇਆ ਨੂੰ ਮਹਾਂਪੁਰਸ਼ ਅਸੱਤਿ ਰੂਪ, ਜੜ੍ਹ ਰੂਪ, ਦੁਖ ਕਹਿੰਦੇ ਹਨ ਅਰ ਆਤਮਾ ਸਤਿ ਚਿੱਤ ਅਨੰਦ ਰੂਪ ਹੈ। ਇਸ ਕਰਕੇ ਮਾਇਆ ਰੂਪ ਅਨੰਦਮਈ ਕੋਸ਼ ਵੀ ਆਤਮਾ ਨਹੀਂ, ਪਰ ਜੇ ਇਹ ਕਹਿੰਦਾ ਹੈ ਕਿ ਇਸ ਅਗਿਆਨ ਰੂਪ ਅਨੰਦ ਨੂੰ ਵੇਖਣ ਵਾਲਾ ਵੀ ਕੋਈ ਹੈ, ਇਸ ਅਗਿਆਨ ਨੂੰ ਜਾਨਣ ਵਾਲਾ ਸਾਖੀ ਆਤਮਾ ਹੈ, ਉਹ ਅ-ਜਰ, ਅਮਰ, ਪਰੀਪੂਰਨ ਸਰੂਪ ਹੈ। ਤਾਂ ਤੇ ਉਸਨੂੰ ਹੀ ਆਪਣਾ ਸਰੂਪ ਨਿਸ਼ਚੇ ਕਰਾਂਗੇ। ਐਸਾ ਨਿਸ਼ਚਾ ਕਰਨ ਵਾਲੇ ਆਤਮਾ ਦੇ ਉਪਰ ਜੋ ਪੰਜ ਪੜਦੇ ਆਏ ਹਨ, ਉਨ੍ਹਾਂ ਤੋਂ ਨਿਆਰਾ ਆਪਣਾ ਆਪ ਆਤਮਾ ਹੈ।

ਇਹ ਸਾਰੀ ਵਿਚਾਰ ਦਾ ਸਿੱਟਾ ਇਹ ਹੋਇਆ ਕਿ ਮਲਮੂਤਰ ਵਾਲੀ ਦੇਹ ਦੇ ਵਿਚ ਜੇ ਅਸੀਂ ਮਮਤਾ ਕਰਕੇ ਉਸਨੂੰ ਆਪਣਾ ਆਪ ਮੰਨਦੇ ਹਾਂ, ਉਹ ਮਹਾਂ ਅਗਿਆਨ ਦਾ ਕਾਰਨ ਹੈ। ਗਿਆਨ ਪ੍ਰਾਪਤੀ ਵਿਚ ਸਭ ਤੋਂ ਵੱਡੀ ਵਿਘਨਕਾਰੀ ਸੋਚ ਆਪਣੇ ਆਪ ਨੂੰ ਮਲਮੂਤਰ ਦੀ ਪਵਿੱਤਰ ਦੇਹ ਮੰਨਣਾ, ਪ੍ਰਾਣ, ਇੰਦ੍ਰੀਆਂ ਮੰਨਣਾ, ਮਨ, ਬੁੱਧੀ ਮੰਨਣਾ - ਇਹ ਅਗਿਆਨ ਭਰੇ ਪੜਦੇ ਹਨ। ਆਤਮ ਗਿਆਨ ਵਾਸਤੇ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਅਤੇ ਗੁਰੂ ਗ੍ਰੰਥ ਸਾਹਿਬ ਜੀ ਉਪਰ ਪੂਰਨ ਨਿਸ਼ਚਾ, ਬਾਣੀ ਦਾ ਸੁਣਨਾ, ਮੰਨਣਾ, ਵਿਚਾਰਨਾ ਬਹੁਤ ਹੀ ਜ਼ਰੂਰੀ ਹੈ। ਇਹ ਜੀਵ ਮਾਇਆ ਦੇ ਅਸਰ ਵਿਚ ਸਦਾ ਹੀ ਆਪਣੇ ਆਪ ਨੂੰ ਭੁੱਲਿਆ ਰਹਿੰਦਾ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*

*ਪੰਨਾ - 441*

ਆਤਮਾ ਤੇ ਪਰਮਾਤਮਾ ਇਕ ਹਨ, ਤਾਂ ਤੇ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ, ਪ੍ਰਭ ਬਿਨਾ ਨਹੀ ਜਾਣੀਐ॥*

*ਪੰਨਾ - 846*

ਅਗਿਆਨਤਾ ਕਰਕੇ ਅਸਾਨੂੰ ਦੇਹ ਅਧਿਆਸ ਹੋਣ ਕਰਕੇ ਅਸੀਂ ਮਲਮੂਤਰ ਰੂਪੀ ਦੇਹ ਮੰਨ ਕੇ ਅਗਿਆਨ ਵਸ ਪਏ ਦੁਖੀ ਹੋ ਰਹੇ ਹਾਂ।

*ਮਾਧਵੇ ਕਿਆ ਕਹੀਐ ਭ੍ਰਮੁ ਐਸਾ॥*
*ਜੈਸਾ ਮਾਨੀਐ ਹੋਇ ਨ ਤੈਸਾ॥* *ਪੰਨਾ - 657*

---

## ਪਾਠਕਾਂ ਤੇ ਲਿਖਾਰੀਆਂ ਨੂੰ ਸਨਿਮਰ ਬੇਨਤੀ

— ਕਿਰਪਾ ਕਰਕੇ ਆਪਣੇ ਲੇਖ ਸੋਧ ਕੇ, ਪੇਪਰ ਦੇ ਇਕ ਪਾਸੇ ਟਾਈਪ ਕਰਕੇ, ਗੁਰਬਾਣੀ ਦੀਆਂ ਤੁਕਾਂ ਹਵਾਲੇ ਸਹਿਤ, ਘੱਟੋ-ਘੱਟ ਇਕ ਮਹੀਨਾ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।

— ਪਾਠਕ ਜਨ, ਇਸ ਮੈਗਜ਼ੀਨ ਨੂੰ ਆਪ ਪੜ੍ਹਨ, ਹੋਰਨਾਂ ਨੂੰ ਪੜ੍ਹਾਉਣ ਅਤੇ ਵੱਧ ਤੋਂ ਵੱਧ ਮੈਂਬਰ ਬਣਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

# ਮਹਾਂਪੁਰਸ਼ਾਂ ਦੇ ਅਨੁਭਵੀ ਬਚਨ

**(ਇਹ ਬਚਨ 121 ਸਾਲ ਪੁਰਾਣੀ ਹੱਥ ਲਿਖਤ ਪੋਥੀ ਵਿਚੋਂ ਸੂਝਵਾਨ ਪਾਠਕਾਂ ਦੀ ਵਿਚਾਰ ਹਿਤ ਲਿਖੇ ਗਏ ਹਨ, ਬੋਲੀ ਪੁਰਾਣੀ ਹੋਣ ਕਰਕੇ ਜ਼ਿਆਦਾ ਧਿਆਨ ਮੰਗਦੀ ਹੈ। ਇਹ ਹੱਥ ਲਿਖਤ ਪੋਥੀ ਇਕ ਰੱਦੀ ਦੇ ਢੇਰ ਵਿਚੋਂ ਪ੍ਰਾਪਤ ਹੋਈ ਸੀ।)**

*(ਲੜੀ ਜੋੜਨ ਲਈ ਦੇਖੋ ਜੂਨ ਅੰਕ, ਪੰਨਾ-34)*

**ਨੋਟ** - ਬਹੁਤੇ ਪਾਠਕਾਂ ਦੇ ਪਾਸ ਸਮਾਂ ਨਾ ਹੋਣ ਕਰਕੇ ਅਤੇ ਅਤਿ ਦੇ ਰੁਝੇਵਿਆਂ ਕਰਕੇ ਅੰਤਰਮੁਖ ਜਾ ਕੇ ਇਸ ਵਿਸ਼ੇ ਨੂੰ ਵਿਚਾਰ ਅਧੀਨ ਲਿਆਉਣਾ ਬਹੁਤ ਹੀ ਕਠਿਨ ਹੈ। ਇਸ ਵਿਚ ਜੋ ਖਿਆਲ ਹਨ, ਉਹ ਚਿਤ ਦੀ ਇਕਾਗਰਤਾ ਪੂਰੀ ਤਰ੍ਹਾਂ ਮੰਗਦੇ ਹਨ। ਫੁਰਨੇ ਰੁਕਣ ਤਾਂ ਇਹ ਗਹਿਣ ਵਿਸ਼ਾ ਹਿਰਦੇ ਪੱਟ ਤੇ ਮੂਰਤੀਮਾਨ ਹੋਵੇ ਅਤੇ ਆਪਣਾ ਅਸਲੀ ਭਾਵ ਅਨੁਭਵ ਮੰਡਲ ਦੇ ਪ੍ਰਕਾਸ਼ ਰਾਹੀਂ ਸਪਸ਼ਟ ਕਰੇ। ਸੋ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਇਹ ਅਤਿ ਗਹਿਣ ਵਿਸ਼ਾ ਭਜਨ ਬੰਦਗੀ ਕਰਨ ਵਾਲਿਆਂ ਵਾਸਤੇ ਅਤੇ ਜੀਵਨ ਦੀ ਨਈਆ ਕਿਨਾਰੇ ਲਾਉਣ ਵਾਸਤੇ ਬਹੁਤ ਹੀ ਪ੍ਰਸੰਸਨੀਅ ਹੈ। ਇਸਨੂੰ ਪੜ੍ਹਨ ਲਈ ਚਿਤ ਨੂੰ ਇਕਾਗਰ ਕਰੋ, ਮਨ ਫੁਰਨਿਆਂ ਤੋਂ ਰੋਕ ਕੇ ਸੁਰਤਿ ਨੂੰ ਇਕ ਧੇਅ ਉਪਰ ਕੇਂਦਰਿਤ ਕਰਕੇ, ਜਦੋਂ ਪੜ੍ਹੋਂਗੇ ਤਾਂ ਇਸ ਸੂਖਸ਼ਮ ਵਿਦਿਆ (ਪਰਾ ਵਿਦਿਆ) ਬਾਰੇ ਕੁਛ ਜਾਣ ਕੇ ਅਨੰਦਿਤ ਹੋ ਉਠੋਂਗੇ।

**ਅਥ ਆਠਵੇਂ ਸਰਗ ਵਿਖੇ ਮਾਨੁਖ ਕੇ ਬਲ ਕਾ ਬਰਨਨ ਹੋਵੈਗਾ।**

ਤਾਂ ਤੇ ਜਾਣਿ ਤੂ ਜੋ ਮਾਨੁਖ ਬਸੇਖਤਾ (ਵਿਸ਼ੇਸ਼ਤਾ) ਅਰੁ ਬਿਦਯਾ ਕੂੰ ਤੈ ਨੇ ਭਲੀ ਪ੍ਰਕਾਰ ਸਮਝਯਾ ਹੈ, ਤਬ ਚਾਹੀਏ ਜੋ ਬਲ ਕਰਕੈ ਜਿਸ ਪ੍ਰਕਾਰ ਮਾਨੁਖ ਕੀ ਬਸੇਖਤਾ ਹੈ ਸੋ ਤਿਸ ਕੂੰ ਭੀ ਪਛਾਣਿ। ਇਸ ਕਰਕੈ ਜੋ ਵਹੁ ਭੀ ਦੇਵ ਸਕਤ ਹੈ ਅਰੁ ਅਬਰ ਪਸੁਵਹੁ (ਪਸ਼ੂਆਂ) ਵਿਖੇ ਪਾਈ ਨਹੀ ਜਾਤੀ। ਸੋ ਇਸ ਕਾ ਅਰਥ ਯਹੁ ਹੈ ਜੋ ਜੈਸੇ ਇਹੁ ਸਭ ਹੀ ਸਰੀਰਧਾਰੀ ਜੀਵ ਦੇਵਤਿਹੁ ਕੇ ਅਧੀਨੁ ਹੈਂ, ਸੋ ਵਹੁ ਦੇਵਤੇ ਭਗਵੰਤ ਕੀ ਆਗਯਾ ਪਾਇ ਕਰਿ ਜੀਵਹੁ ਕੇ ਸੁਖ ਨਿਮਿਤ ਮੇਘ ਬਰਸਾਵਤੇ ਹੈਂ ਅਰੁ ਜਿਸ ਸਮੇਂ ਵਿਖੇ ਪਵਨੁ ਚਾਹੀਤਾ ਹੈ, ਤਬ ਪਵਨੁ ਕੂੰ ਚਲਾਵਤੇ ਹੈਂ; ਬਹੁੜਿ ਗਰਭ ਵਿਖੇ ਜੀਵਹੁ ਕੀ ਪ੍ਰਿਤਪਾਲ ਕਰਤੇ ਹੈਂ ਅਰੁ ਧਰਤੀ ਵਿਖੇ ਬਨਾਸਪਤੀ ਕੂੰ ਉਤਪਤਿ ਕਰਤੇ ਹੈਂ। ਇਸੀ ਪ੍ਰਕਾਰ ਸਭ ਹੀ ਦੇਵਤੇ ਭਗਵੰਤ ਨੇ ਅਪਣੇ ਅਪਣੇ ਕਾਰਜਹੁ ਵਿਖੇ ਦ੍ਰਿੜ ਕੀਏ ਹੈਂ। ਤੈਸੇ ਹੀ ਇਸ ਮਾਨੁਖ ਕਾ ਜੋ ਰਿਦਾ ਹੈ, ਸੋ ਯਹੁ ਭੀ ਦੇਵ ਰਤਨੁ ਹੈ ਅਰੁ ਇਸ ਵਿਖੇ ਭੀ ਦੇਵਤਿਅਹੁ ਕੀ ਨਿਆਈਂ ਬਲ ਦੀਆ ਹੈ। ਇਸੀ ਕਾਰਨ ਤੇ ਅਵਰ ਸਰੀਰਹੁ ਪਰਿ ਇਸ ਕੀ ਭੀ ਆਗਯਾ ਚਲਤੀ ਹੈ ਅਰੁ ਤਿਸ ਕਾ ਜੋ ਅਪਣਾ ਸਰੀਰ ਹੈ ਸੋ ਭੀ ਇਸ ਕੇ ਰਿਦੇ ਕੇ ਅਧੀਨੁ ਹੈ ਅਰੁ ਸਰਬ ਅੰਗਹੁ ਬਿਖੇ ਚਿਤ ਕਾ ਆਗਯਾਨ (ਆਗਿਆ) ਬਰਤਤੀ ਹੈ; ਜੈਸੇ ਇਹ ਬਾਰਤਾ ਪ੍ਰਸਿਧ ਹੈ ਜੋ ਹਾਥ ਕੀ ਅੰਗੁਰੀ ਵਿਖੇ ਚਿਤ ਕਾ ਅਸਥਾਨ ਨਹੀਂ ਕਹ ਸਕੀਤਾ ਪਰ ਚਿਤ ਕੇ ਫੁਰਨੇ ਕਰ ਪ੍ਰਤਖ ਅੰਗੁਰੀ ਹਲਤੀ ਹੈ॥ ਐਸੇ ਹੀ ਜਬ ਚਿਤ ਬਿਖੇ ਕ੍ਰੋਧ ਆਨ ਪ੍ਰਬਲ ਹੋਤਾ ਹੈ ਤਬ ਸਰੀਰ ਕੇ ਸਰਬ ਅੰਗਹੁ ਪਰ ਪੰਘਾਰ ਹੋਇ ਆਵਤਾ ਹੈ, ਸੋ ਯਹੁ ਬਰਖਾ ਕੀ ਨਯਾਈਂ ਹੈ ਤਬ ਇੰਦ੍ਰੀਯਾਂ ਕੂੰ ਚਪਲਤਾ ਆਨ ਹੋਤੀ ਹੈ। ਅਰੁ ਜਬ ਭੋਜਨ ਕਰਨੇ ਲਾਗਤਾ ਹੈ ਤਬ ਰਸਨਾ ਭੀ ਜਲ ਡਾਰਨੇ ਲਾਗਤੀ ਹੈ।

ਸੋ ਇਸ ਬਾਰਤਾ ਕੂੰ ਸਭ ਕੋਈ ਪਛਾਣਤਾ ਹੈ ਜੋ ਸਰੀਰ ਕੀ ਸਰਬ ਕ੍ਰਿਆ ਚਿਤ ਕੇ ਫੁਰਨੇ ਕਰ ਹੋਤੀ ਹੈ। ਬਹੁੜਿ ਯੌਂ ਭੀ ਹੈ ਜੋ ਕੇਤੇ ਪੁਰਖ ਬਸੇਖਤਾ ਅਰੁ ਪੁਰਖਾਰਥ ਸੰਜੁਗਤਿ ਐਸੇ ਦ੍ਰਿੜ ਹੋਤੇ ਹੈਂ ਜੋ ਉਨ ਕਾ ਸੁਭਾਵ ਦੇਵਤਿਹੁ ਕੀ ਨਯਾਈਂ ਦ੍ਰਿੜ ਹੋਤਾ ਹੈ। ਤਾਂ ਤੇ ਉਨ ਕੀ ਆਗਯਾ ਸਰੀਰਹੁ ਪਰ ਚਲਤੀ ਹੈ ਅਰੁ ਉਨ ਕੇ ਤੇਜ ਕਰ ਕੈ ਸਿੰਘ ਕਾਂਪਣੇ ਲਾਗਤਾ ਹੈ। ਅਰੁ ਜਬ ਇਹ ਚਾਹੈ ਤਬ ਰੋਗੀ ਪੁਰਖ ਕੂੰ ਅਰੋਗੀ ਕਰ ਲੇਵੈ। ਅਰੁ ਜਬ ਕ੍ਰੋਧ ਕਰਿ ਦੇਖਹਿ ਤਬ ਅਰੋਗ ਮਾਨੁਖ ਭੀ ਰੋਗੀ ਹੋ ਜਾਵੈ ਅਰੁ ਜੋ ਪੁਰਖ ਉਨ ਤੇ ਦੂਰਿ ਹੋਵੈ ਤਬ ਉਸ ਕੂੰ ਸੰਕਲਪ ਕੀ ਖੈਂਚ ਕਰਕੈ ਨਿਕਟ ਲੇ ਆਵਹਿ ਅਰੁ ਉਸ ਕੇ ਚਿਤ ਕੂੰ ਖੈਂਚਿ ਲੇਤੇ ਹੈਂ। ਬਹੁੜਿ ਜਬ ਇਸ ਪ੍ਰਕਾਰ ਚਾਹੈ ਜੋ ਮੇਘ ਬਰਸਹਿ ਤਬ ਬਰਖਾ ਹੋਵਣੇ ਲਾਗੇ। ਸੋਈ ਸਭ ਹੀ ਬਾਰਤਾ ਪਰਸਿਧ ਹੈ ਅਰੁ ਨਿਸਚੈ ਹੋਤੀਆਂ ਹੈਂ ਅਰੁ ਬੁਧ ਕੀ ਜੁਗਤ ਕਰਕੈ ਭੀ ਪਛਾਣਿਆ ਜਾਤਾ ਹੈ।

ਸੋ, ਸੰਤ ਜਨਹੁ ਕਾ ਬਲ ਇਸ ਤੇ ਭੀ ਅਧਕ ਹੈ। ਬਹੁੜਿ ਦ੍ਰਿਸਟ ਦੋਖ (ਨਜਰ) ਅਰੁ ਮੰਤ੍ਰ ਜੰਤ੍ਰ ਆਦਿਕ ਕਾ ਜੋ ਫੁਰਨਾ ਹੈ, ਸੋ ਇਹ ਭੀ ਮਾਨੁਖ ਕੇ ਰਿਦੇ ਕਾ ਬਲ ਹੈ। ਸੋ ਵਹੁ ਬਲ ਹੀ ਅਵਰ ਸਰੀਰਹੁ ਬਿਖੇ ਪ੍ਰਵੇਸ ਕਰਤਾ ਹੈ। ਪਰ ਜਿਸ ਕਾ ਰਿਦਾ ਮਲੀਨੁ ਹੋਤਾ ਹੈ ਸੋ ਤਿਸ ਕਾ, ਬਲ ਭੀ ਐਸਾ ਹੋਤਾ ਹੈ ਜੋ ਜਬ ਕਿਸੀ ਸੁੰਦਰ ਪਸੁ ਕੂੰ ਦੇਖਤਾ ਹੈ ਤਬ ਉਸ ਕੀ ਈਰਖਾ ਅਰੁ ਦ੍ਰਿਸਟ ਦੋਖ (ਨਜਰ) ਕਰਕੈ ਤਾਤਕਾਲ ਉਹੀ ਪਸੁ ਨਸਟ ਹੋ ਜਾਤਾ ਹੈ। ਸੋ ਇਹ ਭੀ ਮਾਨੁਖ ਕੇ ਰਿਦੇ ਕਾ ਬਲ ਹੈ। ਪਰ ਇਸ ਵਿਖੇ ਇਤਨਾ ਭੇਦ ਹੈ ਜੋ ਜਿਸ ਕੇ ਬਲ ਕਰਕੈ ਜੀਵਹੁ ਕਾ ਰਿਦਾ ਸੁਭ ਮਾਰਗ ਬਿਖੇ ਦ੍ਰਿੜ ਹੋਵੈ ਤਬ ਉਸ ਕੂੰ ਸੁਧ ਸਾਂਤਕੀ ਬਲ ਕਹੀਤਾ (ਕਹੀਦਾ) ਹੈ ਅਰੁ ਜਿਸ ਕਾ ਬਲ ਕਰਕੈ ਜੀਵਹੁ ਕੂੰ ਸਰੀਰ ਅਥਵਾ ਧਨ ਕਾ ਸੁਖ ਪ੍ਰਾਪਤ ਹੋਵੈ ਤਬ ਉਸ ਕੂੰ ਸਿਧਤਾ ਅਰੁ ਈਸੁਰਜ (ਐਸ੍ਵਰਜ) ਕਹਤੇ ਹੈਂ। ਅਰੁ ਜਿਸ ਕੇ ਬਲ ਕਰਕੈ ਉਪਾਧ ਅਰੁ ਖੇਦ ਉਤਪਤ ਹੋਵੈ, ਸੋ ਤਿਸ ਕੂੰ ਤਾਮਸੀ ਬਲ ਕਹੀਤਾ ਹੈ ਪਰੁ ਤੌ ਭੀ ਸੁਧ ਸਾਂਤਕੀ ਬਲ ਅਰੁ ਈਸੁਰਜ (ਐਸ੍ਵਰਜ) ਅਰੁ ਜੰਤ੍ਰ ਮੰਤ੍ਰ ਆਦਿਕ ਜੋ ਤਾਮਸੀ ਬਲ ਹੈ ਸੋ ਇਹ ਸਭ ਹੀ ਇਸ ਮਾਨੁਖ ਕੇ ਰਿਦੇ ਕਾ ਬਲੁ ਅਰੁ ਪੁਰਖਾਰਥ ਹੈ। ਪਰ ਜਬ ਅਸਥੂਲ ਦ੍ਰਿਸਟ ਕਰ ਦੇਖੀਏ, ਤਬ ਏਕ ਹੀ ਸਰੂਪ ਭਾਸਤੇ ਹੈਂ ਅਰੁ ਸੂਖਮ ਦ੍ਰਿਸਟ ਕਰ ਦੇਖੀਏ ਤਬ ਇਨਹੁ ਬਿਖੇ ਬਡਾ ਭੇਦ ਹੈ। ਸੋ ਇਸ ਕਾ ਬਖਯਾਣ ਭੀ ਸੰਪੂਰਨ ਇਸ ਗ੍ਰੰਥ ਵਿਖੇ ਕਹਯਾ ਨਹੀ ਜਾਤਾ। ਪਰ ਜੋ ਪੁਰਖ ਇਨ ਬਚਨ ਕੇ ਭੇਦ ਕੂੰ ਨਹੀ ਸਮਝਤਾ ਸੋ ਤਿਸ ਕੂੰ ਸੰਤ ਜਨਹੁ ਕੀ ਅਵਸਥਾ ਕੀ ਪਛਾਣਿ ਭੀ ਕਛੂ ਨਹੀ ਹੋਤੀ ਅਰੁ ਸਰਬਣ ਮਾਤ੍ਰ ਹੀ ਪੁਰਖ ਉਨ ਕੂੰ ਸੰਤ ਜਾਨਤਾ ਹੈ। ਪਰ

ਤਉ ਭੀ ਅਵਤਾਰਹੁ ਅਰੁ ਸੰਤ ਜਨਹੁ ਕੀ ਜੋ ਅਵਸਥਾ ਹੈ ਸੋ ਇਹ ਸਭ ਹੀ ਇਸ ਮਾਨੁਖ ਕਾ ਪੁਰਖਾਰਥ ਹੈ ਅਰ ਇਸ ਅਵਸਥਾ ਕੇ ਭੀ ਤੀਨ ਲਛਨ ਹੈਂ -

ਸੋ ਪ੍ਰਿਥਮੇ ਇਹੁ ਹੈ ਜੋ ਸੰਸਾਰੀ ਜੀਵ ਜਿਸ ਭੇਦ ਕੌ ਸੁਫਨੇ ਕਰਕੇ ਪਛਾਨਤੇ ਹੈਂ, ਸੋ ਸੰਤ ਜਨਹੁ ਕੌ ਜਾਗਤ੍ ਬਿਖੇ ਹੀ ਪ੍ਰਗਟ ਭਾਸਤਾ ਹੈ; ਦੂਸਰਾ ਇਹ ਹੈ ਜੋ ਇਤ੍ ਜੀਵਹੁ ਕਾ ਸੰਕਲਪ ਅਪਨੇ ਹੀ ਸਰੀਰ ਬਿਖੇ ਪ੍ਰਵੇਸ ਕਰਤਾ ਹੈ ਅਰੁ ਸੰਤ ਜਨਹੁ ਕਾ ਸੰਕਲਪ ਸਰਬ ਸਰੀਰਹੁ ਵਿਖੇ ਪ੍ਰਬੇਸ (ਪ੍ਰਵੇਸ਼) ਕਰ ਜਾਤਾ ਹੈ ਪਰ ਉਸ ਸੰਕਲਪ ਕੇ ਪ੍ਰਵੇਸ ਕਰਕੈ ਜੀਵਹੁ ਕਾ ਰਿਦਾ ਸੁਧ ਮਾਰਗ ਕੂੰ ਪਾਵਤਾ ਹੈ। ਬਹੁੜਿ ਤੀਸਰਾ ਇਹੁ ਹੈ ਜੋ ਅਵਰ ਜੀਵ ਜਿਸ ਬਿਦਯਾ ਕੂੰ ਪਢ ਕੈ ਪ੍ਰਾਪਤਿ ਹੋਤੇ ਹੈਂ ਸੋ ਬਿਦਯਾ ਸੰਤ ਜਨਹੁ ਕੂੰ ਪਢੇ ਬਿਨਾ ਹੀ ਅਪਨੇ ਅੰਤਹਕਰਨ ਬਿਖੇ ਫੁਰ ਆਵਤੀ ਹੈ। ਇਸ ਕੀ ਜੁਗਤ ਇਹੁ ਹੈ ਜੋ ਪੁਰਖ ਬੁਧਮਾਨ ਅਰੁ ਸੁਧਚਿਤ ਹੋਤਾ ਹੈ, ਸੋ ਤਿਸ ਕੂੰ ਕੇਤੀਆਂ ਬਿਦਯਾ ਅਪਨੇ ਰਿਦੇ ਮਹ ਭਾਸ ਆਵਤੀਆਂ ਹੈਂ ਅਰੁ ਅਨੁਭਵ ਭੀ ਇਸੀ ਕੂੰ ਕਹਤੇ ਹੈਂ। ਇਸੀ ਪਰ ਸਾਂਈ ਭੀ ਕਹਾ ਹੈ: ਜੋ "ਕੇਤੇ ਪੁਰਖਹੁ ਕੀ ਬਿਦਯਾ ਅਪਨੇ ਹੀ ਅਨਭਵ ਕਰਕੈ ਹੋਤੀ ਹੈ।"

ਤਾਂ ਤੇ ਜਿਸ ਪੁਰਖ ਵਿਖੇ ਇਹੁ ਤੀਨ ਲਛਨਿ ਸੰਪੂਰਣ ਹੈਂ ਤਬ ਉਸ ਕੀ ਅਵਸਥਾ ਸੰਤ ਜਨਹੁ ਅਰੁ ਅਵਤਾਰਹੁ ਕੀ ਹੋਤੀ ਹੈ। ਪਰੁ ਜਬ ਉਸ ਪੁਰਖ ਕੀ ਆਗਯਾ ਅਰੁ ਉਪਦੇਸ ਜਗਤ ਬਿਖੇ ਬਰਤਵਾਨ (ਵਰਤਮਾਨ) ਹੋਵੈ ਤਬ ਉਸ ਕੂੰ ਅਚਾਰਜ ਕਹੀਤਾ ਹੈ ਅਰੁ ਜਬ ਬੈਰਾਗ ਕਰਕੈ ਸੁਕਚਰ (ਸੰਕੋਚ) ਹੈ ਅਰੁਥ ਇਹੁ ਜੋ ਉਪਦੇਸ ਨ ਕਰੈ, ਤਬ ਉਸ ਕੀ ਸਨਕਾਦਿਕ ਅਵਸਥਾ ਕਹੀਤੀ ਹੈ। ਪਰ ਸੰਤ ਜਨਹੁ ਕੀ ਅਵਸਥਾ ਵਿਖੇ ਭੀ ਬਡਾ ਭੇਦ ਹੋਤਾ ਹੈ, ਜੋ ਕਿਸੀ ਕੀ ਅਵਸਥਾ ਉਤਮ ਹੋਤੀ ਹੈ ਅਰ ਕਿਸੀ ਕੀ ਕਨਿਸਟ ਹੋਤੀ ਹੈ ਅਰੁ ਕਿਸੀ ਪੁਰਖ ਕੀ ਮਧਮ ਅਵਸਥਾ ਹੋਤੀ ਹੈ। ਜੋ ਜਿਸ ਬਿਖੇ ਇਹੁ ਤੀਨੋ ਲਛਨ ਸੰਪੂਰਣ ਹੋਤੇ ਹੈਂ ਅਰੁ ਯਹੁ ਤੀਨ ਲਛਨਿ ਭੀ ਇਸ ਨਿਮਤਿ ਕਹੇ ਹੈ ਜੋ ਇਨ ਕੀ ਕਛੂਕ ਅੰਸ ਜੀਵਹੁ ਬਿਖੇ ਭੀ ਪਾਈ ਜਾਤੀ ਹੈ, ਜੈਸੇ ਸੁਪਨਾ ਅਰੁ ਸੰਕਲਪ ਕਾ ਸਤ ਹੋਣਾ ਅਰੁ ਅਨਭਵ ਜੋ ਆਗੇ ਕਹੀ ਹੈ। ਸੋ ਮਾਨੁਖ ਇਨ ਤੀਨਹੁ ਕਰਕੈ ਵਹੁ ਤੀਨ ਲਛਣ ਭੀ ਸਮਝਤਾ ਹੈ। ਕਾਹੇ ਤੇ ਜੋ ਇਸ ਮਾਨੁਖ ਕਾ ਇਹੀ ਸੁਭਾਵ ਹੈ। ਪਰ ਪੂਰਨ ਸੰਤ ਉਸ ਹੀ ਕੂੰ ਕਹੀਤਾ ਹੈ ਜੋ ਜਿਸ ਅਵਸਥਾ ਕਾ ਅੰਸ ਇਸ ਬਿਖੇ ਹੋਤਾ ਹੈ ਤਬ ਉਸ ਬਿਖੇ ਪ੍ਰਤੀਤ ਭੀ ਕਰਤਾ ਹੈ। ਇਸੀ ਕਾਰਨ ਕਰ ਕਹਾ ਹੈ ਜੋ ਭਗਵੰਤ ਕੀ ਪੂਰਨਤਾਈ ਕੂੰ ਭਗਵੰਤ ਹੀ ਪਛਾਨਤਾ ਹੈ, ਅਵਰ ਕੋਊ ਨਹੀ ਪਛਾਨ ਸਕਤਾ। ਇਸ ਕਾ ਤਾਤਪ੍ਰਜ ਇਹੁ ਹੈ ਜੋ ਅਵਤਾਰਹੁ ਅਰੁ ਸੰਤ ਜਨਹੁ ਵਿਖੇ ਇਨ ਤੀਨ ਲਛਣ ਤੇ ਅਬਰ ਭੀ ਅਨੇਕ ਲਛਣ ਹੈਂ ਪਰ ਹਮ ਕੂੰ ਉਨ ਕੀ ਪਛਾਨਿ ਕਛੂ ਨਹੀ। ਕਾਹੇ ਤੇ ਜੋ ਉਨ ਕੀ ਅੰਸ ਕਛੂ ਹਮਾਰੇ ਬਿਖੇ ਪਾਈ ਨਹੀ ਜਾਤੀ। ਇਸੀ ਕਾਰਨ ਤੇ ਕਹਾ ਹੈ ਜੋ ਜੈਸੇ ਭਗਵੰਤ ਕੂੰ ਆਪ ਭਗਵੰਤ ਹੀ ਪਛਾਣਤਾ ਹੈ ਤੈਸੇ ਹੀ ਸੰਤ ਜਨਹੁ ਕੀ ਅਵਸਥਾ ਕੂੰ ਸੰਤ ਜਨ ਹੀ ਪਛਾਨਤੇ ਹੈਂ, ਇਤ੍ (ਹੋਰ) ਜੀਵ ਨਹੀਂ ਜਾਨ ਸਕਤੇ।

ਸੋ ਇਸ ਕਾ ਦ੍ਰਿਸਟਾਂਤ ਇਹੁ ਹੈ ਜੋ ਜਬ (ਜੇਕਰ) ਹਮਾਰੇ ਦੇਸ ਬਿਖੇ ਨਿੰਦ੍ਰਾ ਕੀ ਪ੍ਰਬਲਤਾ ਨ ਹੋਤੀ ਅਰੁ ਕੋਈ ਪੁਰਖ ਹਮ ਕੂ ਇਹ ਬਾਰਤਾ (ਵਾਰਤਾ) ਸੁਨਾਂਵਤਾ ਹੈ ਜੋ ਅਮਕੇ ਦੇਸ ਬਿਖੇ ਮਾਨੁਖ ਧਰਤੀ ਪਰ ਪੜੇ ਹੁਏ ਦਿਰਸਟ ਆਵਤੇ ਹੈ ਪਰੁ ਉਨ ਬਿਖੇ ਬੋਲਣਾ ਸੁਨਣਾ ਕਛੁ ਨਹੀ ਰਹਤਾ ਅਰ ਉਨ ਕੀ ਚਿਤਵਿਨੀ ਭੀ ਸੁੰਨ ਹੋ ਜਾਤੀ ਹੈ ਅਰੁ ਸਮੇ ਪਾਇ ਕਰ ਬਹੁੜ ਸੁਚੇਤ ਹੁਵੈ ਉਠਤੇ ਹੈਂ। ਸੋ ਜਬ ਹਮ ਕੂੰ ਨਿੰਦ੍ਰਾ ਨਾ ਹੋਤੀ ਤਬ ਹਮ ਕਦਾਚਿਤ ਇਸ ਵਾਰਤਾ ਕੂੰ ਨ ਸਮਝਤੇ, ਕਾਹੇ ਤੇ ਜੋ ਇਹ ਮਾਨੁਖ ਕਛੁ ਦੇਖਤਾ ਹੈ ਸੋ ਉਸੀ ਕੂੰ ਪ੍ਰਤੀਤ ਕਰਤਾ ਹੈ। ਇਸੀ ਪਰ ਸਾਂਈਂ ਭੀ ਕਹਾ ਹੈ - "ਜੋ ਜਦਪ ਮੈ ਨੇ ਤੁਮ ਕੂੰ ਬਿਦਯਾ ਸਮਝਣੇ ਕਾ ਅਧਿਕਾਰ ਦੀਆ ਹੈ ਪਰ ਤਬ ਭੀ ਜਬਲਗ ਤੁਮ ਕੂੰ ਮਾਰਗੁ ਮੈ ਨ ਦਿਖਾਊਂ ਤਬਲਗ ਤੁਮ ਕੂੰ ਉਸ ਬਿਦਯਾ ਕੇ ਭੇਦ ਕੀ ਜੁਗਤ ਨਹੀ ਖੁਲਤੀ।" ਤਾਂ ਤੇ ਇਸ ਬਾਰਤਾ ਕੂੰ ਅਸਚਰਜ ਜਾਣ ਜੋ ਸੰਤ ਜਨਹੁ ਬਿਖੇ ਕੇਤੇ ਲਛਣ ਐਸੇ ਭੀ ਹੋਤੇ ਹੈਂ ਜੋ ਉਨ ਕੂੰ ਅਬਰ (ਅਵਰ) ਕੋਈ ਪਛਾਣ ਨਹੀ ਸਕਤਾ ਅਰ ਵਹੁ ਸੰਤ ਜਨ ਉਨਹੁ ਲਛਣਹੁ ਕਰ ਪਰਮ ਅਨੰਦ ਅਵਸਥਾ ਕੂੰ ਪਾਵਤੇ ਹੈਂ; ਜੈਸੇ ਇਹ ਵਾਰਤਾ ਪ੍ਰਸਿੱਧ ਹੈ ਜੋ ਜਿਸ ਪੁਰਖ ਕੂੰ ਰਾਗ ਅਰ ਗੀਤ ਕੀ ਪਛਾਨ ਕਛੂ ਨ ਹੋਤੀ ਸੋ ਤਿਸ ਕੂੰ ਰਾਗ ਅਰ ਗੀਤ ਕੇ ਸਰਵਣ ਕਰਕੈ ਅਨੰਦ ਕਛੂ ਨਹੀ ਭਾਸਤਾ ਅਰੁ ਜਬ ਕੋਈ ਉਸ ਕੂੰ ਰਾਗ ਅਰ ਸਬਦ ਕਾ ਅਰਥ ਸਮਝਾਵੈ ਤੌ ਭੀ ਨਹੀਂ ਸਮਝਤਾ, ਕਾਹੇ ਤੇ ਜੋ ਵਹੁ ਉਸ ਕੂੰ ਜਾਣਤਾ ਹੀ ਨਹੀਂ। ਬਹੁੜਿ ਜੈਸੇ ਜਨਮ ਕੇ ਅੰਧੇ ਕੂੰ ਰੂਪ ਅਰੁ ਸੁੰਦ੍ਰਤਾਈ ਕੀ ਜਾਣ ਕਛੂ ਨਹੀ ਹੋਤੀ, ਤੈਸੇ ਹੀ ਭਗਵੰਤ ਕੀ ਸਮ੍ਰਥਤਾਈ ਬਿਖੇ ਇਹੁ ਬਾਰਤਾ ਇਸਚਰਜ (ਅਸਚਰਜ) ਨਹੀਂ। ਸੋ ਅਵਤਾਰਹੁ ਅਰੁ ਸੰਤ ਜਨਹੁ ਕੂੰ ਕੇਤੀ ਅਵਸਥਾ ਐਸੀ ਭੀ ਪ੍ਰਾਪਤ ਹੋਤੀ ਹੈ ਜੋ ਉਨ ਕੂੰ ਅਵਰ ਜੀਵ ਨਹੀਂ ਜਾਨਤੇ॥ ੪ ॥

**ਅਥ ਨਵਮੇ ਸਰਗ ਬਿਖੇ ਪੂਰਬ ਪਛ (ਪ੍ਰਸ਼ਨ) ਕਾ ਉਤ੍ਰ ਬਰਨਨ ਹੋਵੇਗਾ -**

ਤਾਂ ਤੇ ਜਾਣ ਤੂ ਜੋ ਇਸ ਤੇ ਆਗੇ ਜੋ ਕਛੁ ਬਰਨਨ (ਵਰਣਨ) ਕੀਆ ਹੈ ਸੋ ਇਸ ਕਰਕੈ ਤੈ ਨੇ ਮਾਨੁਖ ਕੀ ਬਸੇਖਤਾ ਕੂੰ ਸਮਝਯਾ ਹੈ ਅਰੁ ਜਗਯਾਸੀਹੁ ਕਾ ਮਾਰਗੁ ਭੀ ਤੈ ਨੇ ਪਛਾਣਿਆ। ਪਰ ਜਬ ਤੈਨੇ ਜੋਗੀ ਜਨਹੁ ਤੇ ਯਹੁ ਬਚਨ ਸੁਣਿਆ ਹੋਵੈ ਜੋ ਅੰਤਰ ਸੁਖ ਅਰ ਅਭਯਾਸ ਕੇ ਮਾਰਗ ਵਿਖੇ ਇਹੁ ਬਿਦਯਾ ਭੀ ਪਟਲ (ਪਰਦਾ) ਡਾਰਤੀ ਹੈ ਅਰ ਤੈਨੇ ਇਹ ਬਚਨ ਕਾ ਨਤਕਾਰ (ਇਨਕਾਰ) ਕੀਆ ਹੋਵੈ ਤਬ ਤੁਝ ਕੂੰ ਇਸ ਵਚਨ ਕਾ ਨਤਕਾਰ ਕਰਨਾ ਪ੍ਰਵਾਨ ਨਹੀਂ, ਕਾਹੇ ਤੇ ਜੋ ਯਹੁ ਬਚਨ ਨ੍ਰਿਸੰਦੇਹ ਸਤਿ ਹੈ। ਜੋ ਯਹੁ ਇੰਦ੍ਰੀਆਂ ਅਰੁ ਇੰਦ੍ਰੀ ਆਦਿਕ ਵਿਦਯਾ, ਜੋ ਅਸਕੂਲ (ਅਸਥੂਲ) ਹੈ, ਸੋ ਰਿਦੇ ਕੀ ਇਕਤ੍ਰਤਾ ਬਿਖੇ ਯਹੁ ਭੀ ਪਟਲੁ ਹੈ ਅਰੁ ਇਸ ਕਰਕੈ ਚਿਤ ਵਿਛੇਪਤਾ ਕੂੰ ਪ੍ਰਾਪਤਿ ਹੋਤਾ ਹੈ।

ਸੋ ਇਸ ਕਾ ਦ੍ਰਿਸਟਾਂਤ ਯਹੁ ਹੈ ਜੋ ਇਸ ਮਾਨੁਖ ਕਾ ਰਿਦਾ ਤਲਾਵ (ਤਲਾਬ) ਕੀ ਨਯਾਈਂ ਹੈ ਪਰ ਯਹ ਪਾਂਚੇ ਇੰਦ੍ਰੀਆਂ ਤਲਾਵ ਵਿਖੇ ਜਲ ਪ੍ਰਵੇਸ ਕਰਨੇ ਕੇ ਮਾਰਗ ਹੈਂ। ਪਰ ਜਬ ਕੋਈ ਇਸ ਤਲਾਵ ਕੇ ਭੀਤਰ ਤੇ ਨਿਰਮਲ ਜਲ ਨਿਕਾਸਯਾ ਚਾਹੇ (ਕੱਢਣਾ ਚਾਹੇ) ਤਬ ਇਸ ਕਾ ਉਪਾਵ ਯਹੀ ਹੈ ਜੋ ਪ੍ਰਿਥਮੇ ਉਸ ਤਲਾਬ ਬਿਖੇ ਜੋ ਬਾਹਜ ਕਾ ਜਲ ਹੈ ਸੋ ਤਿਸ ਕੂੰ ਨਿਕਾਸੈ, ਬਹੁੜਿ ਉਸ ਮਲਨੁ ਕੀ ਚਦੂਰ (ਸਾਫ਼) ਕਰੈ, ਬਹੁੜਿ ਉਸ ਤਲਾਵ ਕੂੰ ਖੋਦੈ ਅਰੁ ਜਲ ਕੇ ਪ੍ਰਵੇਸ ਕਰਨੇਹਾਰੇ ਮਾਰਗ ਕੂੰ ਰੋਕੈ। ਤਬ ਉਸ ਤਲਾਵ ਵਿਖੇ ਨਿਰਮਲ ਜਲ ਉਤਪਤਿ ਹੋਵੈ। ਪਰ ਜਬ ਲਗ ਬਹੁ ਬਾਹਿਜ (ਬਾਹਰ) ਕਾ ਜਲ ਅਰੁ ਮਲਨੁ ਕੀ ਚਦੂਰ ਨਹੀ ਹੋਵੈ ਤਬ ਲਗੁ ਨਿਰਮਲ ਜਲ ਕਦਾਚਿਤ ਨਹੀਂ ਨਿਕਸਤਾ। ਤੈਸੇ ਹੀ ਜਬ ਲਗੁ ਇਹ ਚਿਤ ਇੰਦ੍ਰੀ

ਆਦਿਕ ਬਿਦਯਾ ਤੇ ਰਹਤ ਨ ਹੋਵੈ ਤਬਲਗੁ ਇਹੁ ਸੂਖਮ ਬਿਦਯਾ ਕਾਚਿਤ (ਕਦਾਚਿਤ) ਨਹੀਂ ਪ੍ਰਗਟਤੀ। ਤਾਂ ਤੇ ਜਬ ਯਹੁ ਪੁਰਖ ਅਸਥੂਲ ਜਗਤ ਕੀ ਜਾਨਿ ਕੂੰ ਬਿਸਮਰਣ ਕਰੈ (ਜਗਤ ਦੀ ਜਾਣ-ਪਛਾਣ ਨੂੰ ਭੁੱਲੇ) ਅਰ ਰਿਦੇ ਕੇ ਅਭਯਾਸ ਵਿਖੇ ਦ੍ਰਿੜ ਹੋਵੈ, ਤਬ ਨਿਰਸੰਦੇਹ ਅਨਭਵ ਬਿਦਯਾ ਪਾਵਤਾ ਹੈ ਅਰੁ ਅਸਥੂਲ ਬਿਦਯਾ ਕੂੰ ਜੋ ਪਟਲ ਵਰਨਨ ਕੀਯਾ ਥਾ, ਸੋ ਇਸ ਨਿਮਤ ਕਹਾ ਹੈ ਜੋ ਜਬ ਯਹੁ ਮਾਨੁਖ ਕਿਸੀ ਮਤ ਅਰੁ ਪੰਥ ਕੂੰ ਗ੍ਰਹਣ ਕਰਤਾ ਹੈ ਤਬ ਉਸ ਕੀ ਬਿਦਯਾ ਅਰੁ ਜੁਗਤਾਂ ਕੂੰ ਪਢਿ ਕਰਿ ਪ੍ਰਤੀਤਿ ਕਰਿ ਲੇਤੇ ਹੈ ਬਹੁੜਿ ਏਕ ਦੂਸਰੇ ਕੇ ਮਤ ਕੂੰ ਖੰਡਤ ਕੀਆ ਚਾਹਤਾ ਹੈ ਅਰ ਉਸ ਕੇ ਬਾਦ-ਬਿਬਾਦ ਵਿਖੇ ਦ੍ਰਿੜ ਹੋਤਾ ਹੈ। ਤਬ ਐਸੇ ਜਾਣਤਾ ਹੈ ਜੋ ਇਸ ਬਿਦਯਾ ਤੇ ਇਤ੍ਰ ਅਬਰ ਬਿਦਯਾ ਕੋਈ ਨਹੀਂ। ਬਹੁੜਿ ਤਿਸ ਤੇ ਪੀਛੇ ਜਬ ਕਿਸੀ ਜਥਾਰਥ ਬਚਨ ਕੂੰ ਸ੍ਰਵਣ ਕਰਕੇ ਸਮਝਤਾ ਭੀ ਹੈ ਪਰ ਤਉ ਭੀ ਅਪਨੇ ਰਿਦੇ ਵਿਖੇ ਐਸਾ ਉਨਮਾਨ (ਅਨੁਮਾਨ) ਕਰਤਾ ਹੈ ਜੋ ਜੈਸੀ ਬਿਦਯਾ ਮੈਂ ਆਗੈ ਪਢੀ ਹੈ ਸੋ ਇਹ ਬਚਨੁ ਉਸ ਤੇ ਬ੍ਰਿਪਜੈ (ਉਲਟ) ਹੈ। ਤਾਂ ਤੇ ਉਨ ਬਚਨਹੁ ਕੂੰ ਜਥਾਰਥ ਨਹੀ ਜਾਣਤਾ। ਇਸੀ ਕਾਰਨ ਤੇ ਜਥਾਰਥ ਬਿਦਯਾ ਕੂੰ ਪ੍ਰਾਪਤਿ ਨਹੀਂ ਹੋਤਾ। ਅਰੁ ਸੰਸਾਰੀ ਜੀਵ ਜਿਸ ਮਤ ਕਾ ਨਿਸਚਾ ਕਰਤੇ ਹੈਂ ਸੋ ਬਿਦਯਾ ਜਥਾਰਥ ਗਯਾਨੁ ਕੀ ਤੁਚਾ ਹੈ। ਅਰਥ ਇਹ ਜੋ ਸਾਰ ਬਸਤੁ ਨਹੀਂ। ਅਰੁ ਜਥਾਰਥ ਗਯਾਨੁ ਉਸ ਕੂੰ ਕਹੀਤਾ ਹੈ ਜੋ ਉਸ ਗੁਹਜੁ ਭੇਦ ਕੂੰ ਭਲੀ ਪ੍ਰਕਾਰ ਸਮਝੈ। ਪਰ ਜੈਸੇ ਫਲ ਕੀ ਤੁਚਾ (ਚਮੜੀ) ਦੂਰ ਹੋਤੀ ਹੈ ਤਬ ਉਸ ਕਾ ਸਰਬ ਰਹਸੁ ਪ੍ਰਗਟਤਾ ਹੈ, ਤੈਸੇ ਹੀ ਜਬ ਪੰਥਹੁ ਅਰ ਮਤਹੁ ਕਾ ਨਿਸਚਾ ਦੂਰ ਹੋਤਾ ਹੈ ਤਬ ਜਥਾਰਥ ਵਸਤੁ ਕਾ ਗਯਾਨੁ ਪ੍ਰਗਟ ਹੋਤਾ ਹੈ। ਤਾਂ ਤੇ ਜਾਨਿ ਤੂੰ ਜੋ ਪੁਰਖ ਬਾਦ-ਵਿਬਾਦ ਕੀ ਬਿਦਯਾ ਕੂੰ ਪੜ੍ਹਤਾ ਹੈ ਤਬ ਉਸ ਕੂੰ ਜਥਾਰਥ ਗਯਾਨ ਕੀ ਬਿਦਯਾ ਨਹੀਂ ਪ੍ਰਾਪਤਿ ਹੋਤੀ ਅਰੁ ਵਹੁ ਜਾਣਤਾ ਹੈ ਜੋ ਬਿਦਯਾ ਮੈ ਨੇ ਪੜੀ ਹੈ ਸੋ ਜਥਾਰਥ ਰੂਪ ਇਹੀ ਹੈ। ਤਾਂ ਤੇ ਇਹ ਅਭਮਾਨ ਹੀ ਉਸ ਨੂੰ ਦਾਰਨ ਪਟਲ (ਸਖਤ ਪੜਦਾ) ਹੋਤਾ ਹੈ। ਇਸ ਕਰਕੇ ਜੋ ਐਸੀ ਬਿਦਯਾ ਪੜਨਹਾਰੇ ਕੂੰ ਅਵਸਮੇਵ (ਜ਼ਰੂਰ ਹੀ) ਅਭਮਾਨ ਉਪਜਤਾ ਹੈ। ਪਰ ਜਬ ਵਹੁ ਪੁਰਖ ਅਭਮਾਨੀਂ ਨ ਹੋਵੈ ਤਬ ਉਸ ਕੂੰ ਸੁਭ ਬਿਦਯਾ ਪਟਲ ਨਹੀਂ ਕਰਤੀ ਅਰੁ ਸਾਰ ਵਸਤੁ ਕੇ ਗਯਾਨ ਕੂੰ ਪਾਵਤਾ ਹੈ। ਬਹੁੜ ਉਸ ਕੀ ਅਵਸਥਾ ਭੀ ਉਤਮ ਹੋਤੀ ਹੈ ਅਰ ਜਥਾਰਥ ਕੇ ਮਾਰਗ ਵਿਖੇ ਚਲਤਾ ਹੈ।

ਪਰੁ ਬਹੁਤ ਬਿਦਯਾਵਾਨ ਤੋ ਐਸੇ ਹੋਤੇ ਹੈਂ ਜੋ ਅਪਨਾ ਜਨਮ ਮਿਥਯਾ ਪ੍ਰਤੀਤ ਵਿਖੇ ਹੀ ਖੋਵਤੇ ਹੈਂ ਅਰੁ ਵਹੁ ਅਸਥੂਲ ਪ੍ਰਤੀਤ ਹੀ ਉਸ ਕੂੰ ਪਟਲ ਡਾਰਤੀ ਹੈ। ਅਰੁ ਜੋ ਪੰਡਤ ਬੁਧਵਾਨ ਹੋਤਾ ਹੈ ਸੋ ਝੂਠੀ ਪ੍ਰਤੀਤ ਕਦਾਚਿਤ ਨਹੀਂ ਕਰਤਾ ਅਰੁ ਸੰਸਹ (ਸੰਸਿਆਂ) ਤੇ ਨਿਰਭੈ ਹੋਤਾ ਹੈ। ਤਾਂ ਤੇ ਇਸ ਬਚਨ ਵਿਖੇ ਜੋ ਬਿਦਯਾ ਕੂੰ ਪਟਲ ਕਹਾ ਹੈ ਸੋ ਤਿਸ ਕਾ ਅਰਥ ਤੁਝ ਕਹਾ ਹੈ ਜੋ ਤਿਸ ਕਾ ਅਰਥ ਤੁਝ ਕੂੰ ਸਮਝਣਾ ਜੋਗੁ ਹੈ ਅਰੁ ਨਤਕਾਰ (ਨਾ ਮੰਨਣਾ) ਕਰਨਾ ਪ੍ਰਵਾਨ ਨਹੀ। ਪਰ ਤਉ ਭੀ ਇਹ ਬਚਨ ਉਸ ਕੂੰ ਕਹਣਾ ਜੋਗੁ ਹੈ ਜਿਸ ਕੂੰ ਅਨਭਵ ਕੀ ਬਿਦਯਾ ਖੁਲੀ ਹੋਵੈ। ਅਰ ਇਹ ਜੋ ਮਨਮਤੀ ਝੂਠੇ ਲੋਕ ਹੈਂ ਤਿਸ ਕੂੰ ਅਨਭਵ ਕੀ ਅਵਸਥਾ ਨਹੀ ਪ੍ਰਾਪਤ ਭਈ। ਕੇਤੇਕ ਸੂਖਮ ਬਚਨ ਸੰਤ ਜਨਹੁ ਕੇ ਉਨਹੁ ਨੇ ਪੜ ਲੀਏ ਹੈਂ ਅਰੁ ਸਰਬ ਦਾ (ਸਦਾ ਦਾ) ਕਰਤਤ (ਕਰਤੱਵ) ਉਨ ਕਾ ਇਹੀ ਹੈ ਜੋ ਸਦੀਵ ਸਰੀਰ ਕੂੰ ਧੋਵਤੇ ਰਹਤੇ ਹੈਂ ਅਥਵਾ ਸੇਤੀ ਅਰੁ ਗੋਦੜੀ ਅਰੁ ਆਸਨਹੁ ਕੂੰ ਬਨਾਵਤੇ ਰਹਤੇ ਹੈਂ ਅਰੁ ਸਮਝੇ ਬਿਨਾ ਹੀ ਬਿਦਯਾਵਾਨਹੁ ਅਰੁ ਵਿਦਯਾ ਕੀ ਨਿੰਦਯਾ ਕਰਤੇ ਹੈਂ। ਸੋ ਤਿਨ ਕੂੰ ਅਤ ਡੰਡ ਦੇਣਾ ਪ੍ਰਮਾਣ ਹੈ, ਕਾਹੇ ਤੇ ਜੋ ਵਹੁ ਜਗਤ ਕਾ ਮਾਰਗ ਖੋਵਣੇਹਾਰੇ ਹੈਂ, ਭਗਵੰਤ ਅਰ ਸੰਤਹੁ ਤੇ ਬੇਮੁਖ ਹੈਂ। ਇਸ ਕਰਕੇ ਜੋ ਭਗਵੰਤ ਅਰ ਸੰਤ ਜਨਹੁ ਨੇ ਬਿਦਯਾਵਾਨਹੁ ਕੀ ਉਸਤਤ ਕਰੀ ਹੈ ਅਰੁ ਸਰਬ ਜਗਤ ਕੂੰ ਬਿਦਯਾ ਪਢਨੇ ਕਾ ਉਪਦੇਸ ਕੀਆ ਹੈ। ਅਰ ਇਹ ਜੋ ਪਾਪੀ ਭਗਤਹੀਣ ਹੈਂ ਸੋ ਉਸ ਅਨਭਵ ਕੀ ਅਵਸਥਾ ਕੂੰ ਭੀ ਨਹੀ ਪ੍ਰਾਪਤ ਹੋਏ ਅਰੁ ਬਿਦਯਾ ਤੇ ਭੀ ਹੀਣ ਹੈਂ, ਤਾਂ ਤੇ ਇਨ ਕੂੰ ਬਿਦਯਾਵਾਨਹੁ ਕੀ ਨਿੰਦਯਾ ਕਰਣੀ ਕੈਸੇ ਪ੍ਰਵਾਨ ਹੈ। ਸੋ ਐਸੇ ਪੁਰਖਹੁ ਕਾ ਦ੍ਰਿਸਟਾਂਤ ਇਹ ਹੈ ਜੋ ਕਿਸੀ ਨੇ ਸੁਣਿਆ ਹੋਵੈ ਜੋ ਸੁਵਰਨੁ ਤੋਂ ਰਸਾਇਣਿ ਉਤਮ ਹੈ, ਕਾਹੇ ਤੇ ਜੋ ਰਸਾਇਣ ਕਰਕੇ ਅਮਿਤ ਸੁਵਰਨ ਪ੍ਰਾਪਤ ਹੋਤਾ ਹੈ। ਅਰੁ ਜਬ ਕੋਈ ਉਸ ਪੁਰਖ ਕੂੰ ਸੁਵਰਨ ਕਾ ਗੰਜ (ਢੇਰ) ਦੇਵੈ ਤਬ ਵਹ ਸੁਵਰਨ ਕੂੰ ਅੰਗੀਕਾਰ ਨ ਕਰੈ ਅਰ ਕਹੈ ਸੋਵਰਨ ਕਿਸ ਕਾਮ ਆਵਤਾ ਹੈ ਅਰੁ ਇਸ ਕਾ ਮੋਲ ਤੁਛ ਹੈ। ਤਾਂ ਤੇ ਹਮ ਕੂੰ ਰਸਾਇਨ ਚਾਹੀਤਾ ਹੈ। ਸੋ ਰਸਾਇਣ ਸੁਵਰਨ ਕਾ ਮੂਲ ਹੈ। ਪਰ ਜਬ ਵਹੁ ਪੁਰਖ ਸੁਵਰਨ ਭੀ ਨ ਲੇਵੈ ਅਰੁ ਉਸ ਕੇ ਪਾਸ ਰਸਾਇਣ ਭੀ ਨ ਹੋਵੈ ਤਬ ਵਹੁ ਨਿਰਧਨ ਅਰੁ ਭਾਗਹੀਣ ਕਹੀਤਾ ਹੈ ਅਰੁ ਮੂਰਖ ਹੈ, ਕਾਹੇ ਤੇ ਜੋ ਰਸਾਇਣ ਬਿਸੇਖਤਾ ਸੁਣ ਕਰ ਪ੍ਰਸੰਨ ਪੜਾ ਹੋਤਾ ਹੈ। ਤੈਸੇ ਹੀ ਸੰਤ ਜਨਹੁ ਕੀ ਅਵਸਥਾ ਰਸਾਇਣ ਕੀ ਨਯਾਈਂ ਹੈ।

-- ਚਲਦਾ --

(ਪੰਨਾ 9 ਦੀ ਬਾਕੀ)

ਘੋੜਾ ਕੜਿਆਲ ਨਾਲ ਵੱਸ ਵਿਚ ਆਉਂਦਾ ਹੈ, ਇਸੇ ਤਰ੍ਹਾਂ ਮਨ ਨੂੰ ਵਸ ਵਿਚ ਕਰਨ ਲਈ ਪੂਰਨ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਕਰਨੀ ਅਤੀ ਜ਼ਰੂਰੀ ਹੈ। ਫੇਰ ਉਸ ਸ਼ਬਦ ਦੀ ਕਮਾਈ ਦੁਆਰਾ ਵੱਸ ਵਿਚ ਆਇਆ ਮਨ, ਮੁੜ ਸ਼ਬਦ ਦੇ ਰਸ ਨੂੰ ਨਹੀਂ ਛੱਡ ਸਕਿਆ ਕਰਦਾ। ਇਸ ਦਾ ਫਲ ਕਿੰਨਾਂ ਹੈ ਕਿ ਜੇ ਮਨ ਵਸ ਵਿਚ ਆ ਜਾਵੇ ਤੇ ਇਕ ਚਿੱਤ ਹੋ ਕੇ ਸਾਵਧਾਨਤਾ ਨਾਲ ਉਸ ਪ੍ਰਭੂ ਦੀ ਉਸਤਤਿ ਕਰੀਏ, ਨਾਮ ਜਪੀਏ ਤਾਂ ਸਾਡੀ ਸੁਰਤਿ, ਬੁੱਧੀ ਮੰਡਲ ਤੋਂ ਉਪਰਲੀਆਂ ਮੰਡਲਾਂ ਵਿਚ ਦਰਜਾ-ਬ-ਦਰਦਾ ਪ੍ਰਵੇਸ਼ ਕਰਦੀ ਹੋਈ, ਅੰਤ ਨੂੰ ਆਪਣੇ ਨਿੱਜ ਘਰ ਵਿਚ ਪਹੁੰਚ ਜਾਂਦੀ ਹੈ ਅਤੇ ਸਦਾ ਦਾ ਸੁਖ ਪ੍ਰਾਪਤ ਹੋ ਜਾਇਆ ਕਰਦਾ ਹੈ।

ਸੋ ਇਹ ਜੋ ਨਿਰਮਲ ਬੂੰਦ, ਜਿਸ ਬਾਰੇ ਇਉਂ ਫੁਰਮਾਨ ਹੈ -

*ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ॥*
*ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥*

*ਪੰਨਾ - 1375*

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਪਰਿ ਗਈ ਭੂਮਿ ਬਿਕਾਰ॥*
*ਬਿਨੁ ਸੰਗਤਿ ਇਉ ਮਾਂਨਈ*
*ਹੋਇ ਗਈ ਭਠ ਛਾਰ॥ ਪੰਨਾ - 1374-75*

ਉਹ ਨਿਰਮਲ ਜੋਤਿ, ਮਾਇਆ ਦੀ ਮੈਲ ਵਿਚੋਂ ਨਿਕਲ ਕੇ ਸ਼ਬਦ ਦੇ ਬਲ ਨਾਲ ਆਪਣੇ ਨਿਜ ਘਰ ਵਿਚ ਪ੍ਰਵੇਸ਼ ਕਰਕੇ ਪਰਮੇਸ਼ਰ ਦੇ ਨਾਲ ਮਿਲ ਕੇ ਇਕ ਰੂਪ ਹੋ ਜਾਇਆ ਕਰਦੀ ਹੈ। ਇਸੇ ਵਾਸਤੇ ਇਕਾਗਰਤਾ ਨਾਲ ਭਜਨ ਕੀਤਾ ਹੋਇਆ ਫਲੀਭੂਤ ਹੁੰਦਾ ਹੈ। ਜਗਿਆਸੂ ਵਿਚ ਦ੍ਰਿੜ ਨਿਸਚਾ ਅਤੇ ਦ੍ਰਿੜ ਲਗਨ ਹੋਣੀ ਚਾਹੀਦੀ ਹੈ, ਫਿਰ ਪੂਰੇ ਗੁਰੂ ਦੇ ਸ਼ਬਦ ਦਾ ਸਹਾਰਾ ਲੈ ਕੇ ਵਿਧੀ ਪੂਰਵਕ ਅੰਦਰਲਾ ਸਫਰ ਤਹਿ ਕਰੇ, ਫਿਰ ਨਿਜ ਘਰ ਵਿਚ ਵਾਸਾ ਹੋ ਜਾਇਆ ਕਰਦਾ ਹੈ।

# ਪੁਸਤਕ ਰੀਵੀਊ

| | | |
|---|---|---|
| ਨਾਮ | - | ਕਿਵ ਕੂੜੇ ਤੁਟੈ ਪਾਲਿ |
| ਲੇਖਕ | - | ਸੰਤ ਬਾਬਾ ਵਰਿਆਮ ਸਿੰਘ ਜੀ |
| ਪੰਨੇ | - | 176 |
| ਕੀਮਤ | - | 30/- |
| ਪ੍ਰਕਾਸ਼ਕ | - | ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰਸਟ |

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਦੀ ਇਹ ਦੂਸਰੀ ਪੁਸਤਕ ਮਿਸ਼ਨ ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਦੁਆਰਾ ਤਿਆਰ ਕੀਤੀ ਗਈ ਹੈ। ਪਹਿਲੀ ਪੁਸਤਕ 'ਸੁਰਤਿ ਸਬਦਿ ਮਾਰਗ' ਬਾਰੇ ਅਸੀਂ ਪਹਿਲੇ ਅੰਕ ਵਿਚ ਰੀਵੀਊ ਛਾਪ ਚੁਕੇ ਹਾਂ। ਹੱਥਲੀ ਪੁਸਤਕ ਪੰਜ ਵੀਡੀਓ ਕੈਸਟਾਂ ਦੇ ਆਧਾਰ ਤੇ ਤਿਆਰ ਕੀਤੀ ਗਈ ਹੈ। ਇਹ ਕੈਸਟਾਂ 1989 ਵਿਚ ਤਿਆਰ ਹੋਈਆਂ ਸਨ।

ਇਹ ਪੁਸਤਕ ਆਪਣੇ ਸਿਰਲੇਖ ਅਨੁਸਾਰ ਮਨੁੱਖੀ ਜੀਵਨ ਦੀ ਮੁੱਖ ਸਮੱਸਿਆ ਨਾਲ ਸਬੰਧਤ ਹੈ। ਸਿਰਲੇਖ ਵਾਲੀ ਇਹ ਪਵਿਤਰ ਪੰਗਤੀ *'ਕਿਵ ਕੂੜੇ ਤੁਟੈ ਪਾਲਿ'*, ਜਪੁਜੀ ਸਾਹਿਬ ਦੇ ਸ਼ੁਰੂ ਵਿਚ ਹੀ ਆਉਂਦੀ ਹੈ ਜਿਹੜੀ ਇਕ ਪ੍ਰਸ਼ਨ ਰੂਪ ਵਿਚ ਗੁਰੂ ਜੀ ਨੇ ਸਾਡੇ ਸਾਹਮਣੇ ਰੱਖ ਕੇ ਫਿਰ ਇਸਦਾ ਉਤਰ, ਜਪੁਜੀ ਸਾਹਿਬ ਦੀ ਸਾਰੀ ਬਾਣੀ ਵਿਚ ਦਿੱਤਾ ਹੈ ਤੇ ਇਸਦਾ ਹੀ ਵਿਸਥਾਰ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਹੈ।

ਮਨੁੱਖੀ ਜੀਵਨ ਦੇ ਮੁੱਖ ਰੂਪ ਵਿਚ ਦੋ ਪੱਖ ਹਨ - ਪਹਿਲਾ ਇਹ ਕਿ ਇਹ ਮਨੁੱਖਾ ਜਨਮ ਕਈ ਜਨਮਾਂ ਜਨਮਾਂਤਰਾਂ ਦੇ ਚੱਕਰ ਕੱਟਣ ਉਪਰੰਤ ਮਿਲਿਆ ਹੈ, ਭਾਵ ਕਰਮਾਂ ਅਨੁਸਾਰ ਇਹ ਪ੍ਰਾਪਤ ਹੋਇਆ ਹੈ। ਦੂਸਰਾ ਇਹ ਕਿ ਕੇਵਲ ਇਸੇ ਜਨਮ ਵਿਚ ਜੀਵ ਨੂੰ ਸੋਝੀ ਹੈ ਕਿ ਉਹ ਮੁੜ ਪਰਮਾਤਮਾ, ਜਿਥੋਂ ਉਹ ਵਿਛੜ ਕੇ ਆਇਆ ਹੈ, ਨੂੰ ਮਿਲ ਸਕਦਾ ਹੈ। ਮਨੁੱਖ ਨੂੰ ਗੁਰੂ ਜੀ ਇਹ ਸੋਝੀ ਆਤਮ ਗਿਆਨ ਬਖਸ਼ਦੇ ਹਨ ਕਿ ਆਤਮਾ ਤੇ ਪਰਮਾਤਮਾ ਤੱਤ ਰੂਪ ਵਿਚ ਤਾਂ ਇਕੋ ਹੀ ਹਨ ਪਰੰਤੂ ਹਉਮੈ ਦੀ ਦੀਵਾਰ ਵਿਚ ਜੋ ਹੈ, ਉਹ ਗੁਰੂ ਦੇ ਉਪਦੇਸ਼ ਦੁਆਰਾ ਤੋੜੀ ਜਾ ਸਕਦੀ ਹੈ। ਇਸ ਵਿਚਾਰਧਾਰਾ ਦਾ ਇਸ ਪੁਸਤਕ ਵਿਚ ਬੜੀ ਗੰਭੀਰਤਾ (seriousness) ਅਤੇ ਸੰਜੀਦਗੀ ਨਾਲ ਵਰਣਨ ਕੀਤਾ ਹੈ। ਗੁਰੂ ਦੇ ਉਪਦੇਸ਼ ਨੂੰ ਹੋਰ ਸਰਲ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਪੀਰ ਬੁੱਧੂਸ਼ਾਹ ਵਾਲੀ ਸਾਖੀ ਨੂੰ ਅਧਾਰ ਬਣਾਇਆ ਗਿਆ ਹੈ। ਗੁਰੂ ਕਥਨ ਹੈ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥*
*ਗੁਰ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ॥* *ਪੰਨਾ - 1263*

ਇਹ ਪੁਸਤਕ ਬਾਬਾ ਜੀ ਦੇ ਆਤਮਿਕ ਅਨੁਭਵ ਦੇ ਸਮੁੰਦਰ ਵਿਚੋਂ ਨਿਕਲੀ ਹੋਈ ਸੁਆਂਤੀ ਬੂੰਦ ਹੈ ਜਿਸਨੂੰ ਜਗਿਆਸੂ ਰੂਪੀ ਪਾਪੀਹਾ (ਜੀਵ) ਤਰਸ ਰਿਹਾ ਹੈ। ਦੂਸਰੇ ਸ਼ਬਦਾਂ ਵਿਚ ਮਹਾਂਪੁਰਸ਼ਾਂ ਦੇ ਅਨੁਭਵੀ ਬਚਨ ਇਕ ਐਸੇ ਠੰਢੇ ਚਸ਼ਮੇ ਦੀ ਤਰ੍ਹਾਂ ਹੁੰਦੇ ਹਨ ਜਿਸ ਤੋਂ ਕੋਈ ਵੀ ਪਿਆਸਾ ਜਗਿਆਸੂ ਘੁਟ ਭਰ ਕੇ ਆਪਣੀ (ਆਤਮਿਕ) ਪਿਆਸ ਬੁਝਾ ਸਕਦਾ ਹੈ।

ਸੰਸਾਰ ਦੇ ਧਾਰਮਿਕ ਇਤਿਹਾਸ ਅੰਦਰ ਦੇਖਣ ਨੂੰ ਆਇਆ ਹੈ ਕਿ ਅਨੁਭਵੀ ਪੁਰਸ਼ ਆਪਣੇ ਆਪ ਵਿਚ ਹੀ ਅਨੰਦ ਲੈਂਦੇ ਹਨ। ਉਹ ਆਪਣੀ ਅਨੁਭਵੀ ਪ੍ਰਾਪਤੀ ਨੂੰ ਲਿਖਤੀ ਰੂਪ ਘਟ ਹੀ ਦਿੰਦੇ ਹਨ। ਇਹ ਲਿਖਤੀ ਉਦਮ ਮਾਨਵਤਾ ਦੇ ਕਲਿਆਣ ਲਈ ਹੈ ਕਿ ਆਪਣੇ ਅਨੁਭਵ ਨੂੰ ਮਹਾਂਪੁਰਸ਼ਾਂ ਨੇ ਲੋਕਾਂ ਦੇ ਕਲਿਆਣ ਹਿਤ ਪੁਸਤਕ ਦਾ ਰੂਪ ਦਿਤਾ ਹੈ। ਅਨੁਭਵ ਜ਼ਰੂਰੀ ਨਹੀਂ ਕਿ ਕਿਸੇ ਤਰਤੀਬ ਜਾਂ ਸਿਧਾਂਤਕ ਸੇਧ ਵਿਚ ਹੋਵੇ। ਇਹ ਤਾਂ ਵੇਗ ਹੁੰਦਾ ਹੈ, ਇਸਦਾ ਪਰਵਾਹ ਆਪ ਮੁਹਾਰਾ ਹੁੰਦਾ ਹੈ। ਇਹ ਦਿਮਾਗ ਨਾਲੋਂ ਦਿਲਾਂ ਦੇ ਜ਼ਿਆਦਾ ਨੇੜੇ ਹੁੰਦਾ ਹੈ। ਅਸਲ ਵਿਚ ਧਰਮ ਦਾ ਅਸਲ ਰੂਪ ਦਿਮਾਗ ਨਾਲੋਂ ਦਿਲ ਨਾਲ ਹੀ ਜ਼ਿਆਦਾ ਸਬੰਧਿਤ ਹੈ ਜਿਸਨੂੰ ਰੱਜ ਭੁੰਚਣਾ ਚਾਹੀਦਾ ਹੈ, ਹਿਰਦੇ ਵਿਚ ਸੰਭਾਲ ਕਰਨੀ ਚਾਹੀਦੀ ਹੈ, ਵਿਵਹਾਰ (practical life) ਵਿਚ ਅਪਣਾਉਣੀ ਚਾਹੀਦੀ ਹੈ, ਤਦ ਹੀ ਕੂੜ ਦੀ ਪਾਲ ਟੁੱਟ ਸਕਦੀ ਹੈ। ਇਸ ਵਿਚਾਰ ਨੂੰ ਬਾਬਾ ਜੀ ਨੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੁਸਤਕ ਵਿਚ ਥਾਂ-ਥਾਂ ਬਿਆਨ ਕੀਤਾ ਹੈ। ਇਹ ਪੁਸਤਕ ਸਾਡੇ ਮੁਕਤੀ ਦੇ ਕੋਰਸ (Syllabus) ਨਾਲ ਸਬੰਧਿਤ ਹੈ।

ਹਉਮੈ ਦੀਰਘ (chronic) ਰੋਗ ਜ਼ਰੂਰ ਹੈ ਪਰੰਤੂ ਗੁਰੂ ਜੀ ਨੇ ਇਸਦਾ ਦਾਰੂ ਵੀ ਨਾਲ ਹੀ ਦੱਸ ਦਿਤਾ ਹੈ। ਕਲਜੁਗ ਦੇ ਸਮੇਂ ਅੰਦਰ ਹਉਮੈ ਦਾ ਪ੍ਰਬਲ ਰੂਪ ਹੋਰ ਵੀ ਭਿਆਨਕ ਰੂਪ ਧਾਰਨ ਕਰ ਲੈਂਦਾ ਹੈ। ਹਉਮੈ ਦੀਆਂ ਇਨ੍ਹਾਂ ਸਰੀਰਕ ਪਰਤਾਂ (lairs) ਦਾ ਵਰਣਨ ਕਰਨ ਲੱਗਿਆਂ ਬਾਬਾ ਜੀ ਨੇ ਬੜੀ ਹੀ ਸਪਸ਼ਟਤਾ (clarity) ਨਾਲ ਦੱਸਿਆ ਹੈ ਕਿ ਹਉਮੈ ਦਾ ਪੜਦਾ ਇਤਨਾ ਸੂਖਮ ਤੇ ਬਰੀਕ ਹੁੰਦਾ ਹੈ, ਕਈ ਵਾਰੀ ਅਸੀਂ ਇਸ ਦੇ ਸ਼ਿਕਾਰ ਹੁੰਦੇ ਹੋਏ ਵੀ ਲੱਭ ਨਹੀਂ ਸਕਦੇ, ਇਹ ਸੂਖਮ ਹਉਮੈ ਭਾਂਭੀਰੀ ਦੇ ਪਤਲੇ-ਪਤਲੇ ਪੰਖਾਂ ਤੋਂ ਵੀ ਬਰੀਕ ਹੁੰਦੀ ਹੈ ਜਿਸ ਕਾਰਨ ਅਸੀਂ ਆਪਣੇ ਹੀ ਅੰਦਰ ਬੈਠੇ ਪਰਮਾਤਮਾ ਨੂੰ ਦੇਖਣ ਤੋਂ ਅਸਮਰੱਥ ਹੁੰਦੇ ਹਾਂ, ਜੈਸਾ ਕਿ ਕਥਨ ਹੈ -

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਾਰਦੋ ਬਿਨ ਪੇਖੇ ਦੂਰਾਇਓ॥*
*ਪੰਨਾ - 624*

ਹਉਮੈ ਭਰਪੂਰ ਮਨੁੱਖੀ ਜੀਵਨ ਦੀ ਗੁੰਝਲਦਾਰ ਸਮੱਸਿਆ ਦੇ ਵਰਣਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਬਾਬਾ ਜੀ ਨੇ ਪੀਰ ਬੁੱਧੂ ਸ਼ਾਹ ਦੀ ਸਾਖੀ ਹੀ ਲਈ ਹੈ ਪਰੰਤੂ ਇਹ ਉਪਦੇਸ਼ ਤਾਂ ਸਰਬਕਾਲੀ (all times) ਤੇ ਸਰਬ ਜਨਕ (all people) ਨਾਲ ਸਬੰਧਤ ਹੈ। ਗੁਰੂ ਕਥਨ ਹੈ -

*ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ॥*
*ਪੰਨਾ - 647*

'ਕਿਵ ਕੂੜੇ ਤੁਟੈ ਪਾਲਿ' ਨਾਮ ਦੀ ਪੁਸਤਕ ਗੁਰਮਤਿ ਦੇ ਪਾਠਕਾਂ ਲਈ ਅਤਿ ਉਤਮ ਹੈ ਜੋ ਸਰਲ ਰੂਪ ਵਿਚ ਜੀਵਨ ਦੀ ਗੁੰਝਲ ਨੂੰ ਖੋਲ੍ਹਦੀ ਹੈ।

ਹਉਮੈ ਮੁਕਤ ਸਖਸ਼ੀਅਤ ਸੰਸਾਰ ਦੇ ਵਿਵਹਾਰਕ ਖੇਤਰ ਵਿਚ ਜਦੋਂ ਵਿਚਰਦੀ ਹੈ ਤਾਂ ਉਸਨੂੰ ਫਿਰ ਮਾਇਆ ਦਾ ਮੋਹ ਪ੍ਰਭਾਵਿਤ ਨਹੀਂ ਕਰਦਾ। ਮਾਇਆ ਉਸੇ ਲਈ ਸਾਧਨ ਰੂਪ ਹੁੰਦੀ ਹੈ, ਜੀਵਨ ਨਿਸ਼ਾਨਾ ਨਹੀਂ। ਹਉਮੈ ਮੁਕਤ ਜੀਵ ਪਰਵਿਰਤੀ ਵਿਚ ਨਿਰਵਿਰਤੀ ਕਰਮ ਕਰਦਾ ਹੈ। ਇਹ ਖੇਲ੍ਹ ਹੈ ਕਠਨ। ਮਾਇਆ ਦੇ ਕਈ ਦਾਅ ਪੇਚ ਹਨ, ਇਹ ਕਈ ਰੂਪਾਂ ਵਿਚ ਜੀਵ ਨੂੰ ਭਰਮਾਉਣ ਦਾ ਜਤਨ ਕਰਦੀ ਹੈ। ਪੁਗੇ ਹੋਏ ਸੰਤ ਮਹਾਂਪੁਰਸ਼ਾਂ ਦੀ ਸੰਗਤ ਵਿਚ, ਜੀਵ ਨਿਮਰਤਾ ਸਹਿਤ ਨਾਮ ਅਭਿਆਸ ਵੱਲ ਪ੍ਰੇਰਤ ਹੋ ਕੇ ਇਸ ਕਠਨ ਖੇਲ੍ਹ ਵਿਚ ਪੂਰਾ ਉਤਰਦਾ ਹੈ। ਇਸ ਪੁਸਤਕ ਰਾਹੀਂ ਜੀਵ ਨੂੰ ਇਹੀ ਪ੍ਰੇਰਨਾ ਮਿਲਦੀ ਹੈ ਕਿ -

*ਨਾਨਕ ਕਚੜਿਆ ਸਿਉ ਤੋੜਿ ਢੂੰਢਿ ਸਜਣ ਸੰਤ ਪਕਿਆ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥*
*ਪੰਨਾ - 1102*

# ਸਨੇਹੀਆਂ ਦਾ ਪੰਨਾ

**ਬਾਨੀ ਤੇ ਮੁਖੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ, ਅਤੇ ਆਤਮ ਮਾਰਗ ਦੇ ਸਰਪ੍ਰਸਤ ਸੰਤ ਬਾਬਾ ਵਰਿਆਮ ਸਿੰਘ ਜੀ ਵਲੋਂ ਸਨੇਹੀਆਂ ਦੇ ਨਾਮ ਚਿੱਠੀ**

ਆਤਮ ਮਾਰਗ ਮੈਗਜ਼ੀਨ ਦੇ ਤਿੰਨ ਅੰਕ ਸਾਰੇ ਸਹਿਯੋਗੀਆਂ ਨੂੰ ਪ੍ਰਾਪਤ ਹੋ ਚੁਕੇ ਹਨ। ਇਨ੍ਹਾਂ ਅੰਕਾਂ ਵਿਚ ਲੜੀਵਾਰ ਅਧਿਆਤਮਿਕ ਬਚਨਾਂ ਨੂੰ ਜਗਿਆਸੂਆਂ ਦੇ ਰੂਹਾਨੀ ਲਾਭ ਹਿਤ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਨ੍ਹਾਂ ਬਚਨਾਂ ਦੇ ਅਧਿਕਾਰੀ ਹੋਣ ਲਈ ਦ੍ਰਿੜ੍ਹ ਲਗਨ, ਰੂਹਾਨੀ ਘਾਲ ਕਮਾਈ ਅਤੇ ਗੁਰਮਤਿ ਸੇਧਾਂ ਅੰਦਰ ਜੀਵਨ ਜਾਂਚ ਪ੍ਰਾਪਤ ਕਰਨ ਦੀ ਤੀਬਰ ਲਗਨ ਦਾ ਹੋਣਾ ਬਹੁਤ ਹੀ ਆਵਸ਼ਕ ਹੈ। ਜਦੋਂ ਅਸੀਂ ਸੁਆਸ ਤੇ ਨਿਯੰਤਰਨ ਕਰਕੇ, ਸ਼ਰਧਾ ਭਾਵਨਾਂ ਵਿਚ ਆ ਕੇ ਇਨ੍ਹਾਂ ਬਚਨਾਂ ਦੀ ਗਹਿਰੀ ਗਹਿਰਾਈ ਵਿਚ ਟੁੱਭੀ ਲਾਵਾਂਗੇ ਤਾਂ ਅਸਾਨੂੰ ਕੁਝ ਭਾਵਾਂ ਪ੍ਰਤੀ ਕੁਝ ਗਿਆਤ ਹੋਵੇਗੀ। ਇਸ ਮੈਗਜ਼ੀਨ ਦੇ ਲੇਖ ਸਧਾਰਨ ਜਾਣ ਪਛਾਣ ਲਈ ਨਹੀਂ ਲਿਖੇ ਜਾਂਦੇ। ਇਨ੍ਹਾਂ ਵਿਚ ਮਹਾਂਪੁਰਸ਼ਾਂ, ਜਿਨ੍ਹਾਂ ਨੇ ਕਰੜੀਆਂ ਘਾਲ ਕਮਾਈਆਂ ਕਰਕੇ ਮਨ ਦੀਆਂ ਅੰਤਮ ਗਹਿਰਾਈਆਂ ਵਿਚੋਂ ਪਰੀਪੂਰਨ ਪ੍ਰਭੂ ਦੀ ਜੋਤਿ ਨੂੰ ਪਹਿਲਾਂ ਅਪਣੇ ਅੰਦਰ ਤਕਿਆ, ਫਿਰ ਸਾਰੇ ਸੰਸਾਰ ਵਿਚ ਤਕਿਆ, ਦੇ ਤਜਰਬੇ ਵਿਚ ਲਿਆਂਦੇ ਅਨੁਭਵੀ ਬਚਨ ਹਨ ਜੋ ਅਧਿਆਤਮਿਕ ਗ੍ਰੰਥਾਂ ਦਾ ਸਾਰ ਹਨ। ਡਾ. ਸੁਆਮੀ ਵੇਦ ਭਾਰਤੀ D.Lit. ਜੀ ਦਾ ਅਨੁਭਵ ਉਨ੍ਹਾਂ ਦੇ ਵਖਿਆਨ ਵਿਚ ਸੈਂਕੜੇ ਟੁੱਟੀਆਂ, ਹੁਸੀਆਂ, ਬੇਹਿਸ ਹੋਈਆਂ ਰੂਹਾਂ ਲਈ ਵਾਹਿਗੁਰੂ ਦੀ ਬਖਸ਼ਿਸ਼ ਹੈ, ਰੂਹਾਨੀ ਸੂਝ ਦਿੰਦਾ, ਅੰਦਰਲੀ ਗੁਫਾ ਵਿਚ ਦਾਖਲ ਹੋ ਕੇ ਨਿੱਜੀ ਦਿਬਯ ਸੁਵਣਾਂ ਰਾਹੀਂ ਪਰਮ ਜੋਤਿ ਦਾ ਸੰਗੀਤਕ ਨਾਦ ਸੁਨਣ ਦੀ ਤਾਂਘ ਅਤੇ ਬਿਅੰਨ ਅੱਖੜੀਆਂ ਰਾਹੀਂ ਪ੍ਰਕਾਸ਼ ਮਈ ਘਟ-ਘਟ ਵਿਚ ਵਿਆਪਕ ਜੋਤਿ ਦੇ ਦਰਸ਼ਨਾਂ ਲਈ ਪਰਮ ਲੋਚਾ ਪੈਦਾ ਕਰਦਾ ਹੈ। ਰਾੜੇ ਵਾਲੇ ਮਹਾਂਪੁਰਸ਼ਾਂ ਦੇ ਬਚਨ ਅਗਿਆਨ ਦੂਰ ਕਰਦੇ ਹਨ। ਨਾਮ ਜਪਣ ਦੀਆਂ ਰੁਕਾਵਟਾਂ ਦੂਰ ਕਰਨ ਦੀ ਸੂਝ ਬਖਸ਼ਦੇ ਹਨ।

ਡਾ. ਸੁਆਮੀ ਰਾਮ ਜੀ ਦੇ ਅਨੁਭਵੀ ਬਚਨ ਗੁਰਮਤਿ ਕਸਵੱਟੀ ਤੇ ਪੂਰੇ ਉਤਰ ਕੇ ਉਤਸ਼ਾਹ ਪੈਦਾ ਕਰਦੇ ਹਨ। ਪਿਛਲੇ ਪੰਨਿਆਂ ਤੇ ਛਪਿਆ 'ਸਿਹਤ ਵਿਗਿਆਨ' ਅਸਾਨੂੰ ਆਪਣੇ ਆਪ ਨੂੰ ਸੁਅਸਥ ਰੱਖਣ ਲਈ ਸੋਝੀ ਦਿੰਦਾ ਹੈ। ਅੱਜ ਹੀ 26.5.95 ਮੈਨੂੰ ਯੂ.ਪੀ. ਤੋਂ ਭਾਈ ਗੁਰਪਾਲ ਸਿੰਘ ਜੀ, ਜੋ ਆਪਣੇ ਜਥੇ ਸਹਿਤ ਇਸ ਮਿਸ਼ਨ ਵਲੋਂ ਯੂ. ਪੀ., ਜਲੰਧਰ, ਹੁਸ਼ਿਆਰਪੁਰ ਆਦਿ ਥਾਂਵਾਂ ਤੇ ਨਿਰੰਤਰ ਪ੍ਰਚਾਰ ਕਰ ਰਹੇ ਹਨ, ਨੇ ਲਿਖਿਆ ਹੈ ਜਿਸਦੇ ਕੁਝ ਅੰਸ਼ ਅਸੀਂ ਪਾਠਕਾਂ ਦੀ ਗਿਆਤ ਲਈ ਹੇਠਾਂ ਲਿਖ ਰਹੇ ਹਾਂ।

ਜੂਨ ਦੇ ਅੰਕ ਤਿੰਨ ਵਿਚ ਸਹਿਪਾਠੀਆਂ ਦੇ, ਜੋ ਵਿਦੇਸ਼ਾਂ ਵਿਚ ਹਨ, ਨਾਮਾਂ ਦੀ ਲਿਸਟ ਛਾਪੀ ਗਈ ਹੈ ਤਾਂ ਕਿ ਇਕ ਦੂਜੇ ਵਾਰੇ ਕੁਝ ਜਾਣਕਾਰੀ ਪ੍ਰਾਪਤ ਹੋ ਸਕੇ। ਦੇਸ ਤੇ ਪ੍ਰਦੇਸ ਦੇ ਸਾਰੇ ਮੈਂਬਰਾਂ ਦੀ ਲਿਸਟ ਛਪਦੀ ਰਹੇਗੀ।

ਇਸਨੂੰ ਦਿਨੋ ਦਿਨ ਹੋਰ ਚੰਗਾ ਬਣਾਇਆ ਜਾ ਰਿਹਾ ਹੈ। ਇਕ ਗੱਲ ਦੀ ਅਸੀਂ ਆਪਣੇ ਮੈਂਬਰਾਂ ਤੋਂ ਮੁਆਫੀ ਮੰਗਦੇ ਹਾਂ ਕਿ ਅਸੀਂ ਗੁਰਮਤਿ ਸਿਧਾਂਤਾਂ ਤੋਂ ਬਾਹਰ ਜਾ ਕੇ ਕਿਸੇ ਪ੍ਰਾਣੀ ਨੂੰ ਭੀ ਮੰਦਾ ਚੰਗਾ ਨਹੀਂ ਕਹਿ ਸਕਦੇ। ਅਸਾਡਾ ਉਦੇਸ਼ ਹੈ ਕਿ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ ਪੰਨਾ - 610*

ਅਸਾਡੀ ਨੇਸ਼ਟਾ ਹੈ 'ਏਕੋ ਬ੍ਰਹਮ ਦੁਤੀਆ ਨੇਸਤ॥' ਸਾਰੇ ਘਟਾਂ ਵਿਚ ਇਕੋ ਵਾਹਿਗੁਰੂ ਜੀ ਪਰੀਪੂਰਨ ਹਨ, ਹੋਰ ਕੋਈ ਹੈ ਹੀ ਨਹੀਂ, ਆਪ ਹੀ ਆਪਣੀ ਮੌਜ ਵਿਚ ਸਥਿਤ ਹਨ। ਅਸਾਡੇ ਨਸਲਾਂ, ਜਾਤੀਆਂ, ਸੰਪਰਦਾਵਾਂ ਦੀਆਂ ਹੱਦਾਂ ਬੰਨੇ ਨਹੀਂ ਹਨ, ਨਾ ਹੀ ਦੇਸ਼ਾਂ ਦੀਆਂ ਵੰਡੀਆਂ ਹੀ ਹਨ। ਸੋ ਅਸੀਂ ਕਿਸੇ ਵਾਰੇ ਭੀ ਵੈਰੀ-ਮਿਤ੍ਰਤਾ, ਰਾਗ-ਦ੍ਵੈਸ਼ ਦੀ ਭਾਵਨਾ ਨਹੀਂ ਰੱਖਦੇ।

ਸਾਰੇ ਸਨੇਹੀਆਂ ਨੂੰ ਅਸੀਂ ਉਚੀ, ਸੁੱਚੀ, ਪ੍ਰਕਾਸ਼ਮਈ ਆਦਰਸ਼ਾਂ ਅਧੀਨ ਜੀਵਨ ਜਿਉਣ ਦੀ ਸਲਾਹ ਦਿੰਦੇ ਹਾਂ। ਛੋਟੇ ਘੇਰੇ, ਸ਼ਖਸ਼ੀਅਤਾਂ ਵਾਰੇ ਅਸੀਂ ਨਹੀਂ ਘੇਰ ਰਹੇ। ਸਾਰੇ ਧਰਮ ਗਰੰਥਾਂ ਦੇ ਸ਼ੁਭ ਮਾਰਗ ਦਰਸ਼ਨ ਕਰਾਉਂਦੇ ਉਪਦੇਸ਼ਾਂ ਦਾ ਅਸੀਂ ਪੂਰਾ ਸਤਿਕਾਰ ਕਰਦੇ ਹਾਂ ਅਤੇ ਆਪਣੇ ਪਾਠਕਾਂ ਨੂੰ ਉਨ੍ਹਾਂ ਧਰਮ ਗ੍ਰੰਥਾਂ ਵਾਰੇ ਜਾਣਕਾਰੀ ਦਿੰਦੇ ਰਹਾਂਗੇ।

**ਅੰਤ ਵਿਚ ਅਸੀਂ ਬੇਨਤੀ ਕਰਦੇ ਹਾਂ ਕਿ ਇਸ ਮੈਗਜ਼ੀਨ ਦੀ ਪੱਕੀ ਮੈਂਬਰਸ਼ਿਪ ਲਈ ਸਲਾਨਾ ਚੰਦਾ ਭੇਜ ਕੇ ਮੈਂਬਰ ਬਣੋ। ਅਸੀਂ ਛੇਤੀ ਹੀ ਹਿੰਦੀ ਅਤੇ ਇੰਗਲਿਸ਼ ਐਡੀਸ਼ਨ ਚਾਲੂ ਕਰਨ ਦਾ ਦ੍ਰਿੜ੍ਹ ਇਰਾਦਾ ਰਖਦੇ ਹਾਂ। ਗੁਰੂ ਮਹਾਰਾਜ ਜੀ ਸਮਰਥਾ ਬਖਸ਼ਣ, ਇਹੋ ਪ੍ਰਾਰਥਨਾ ਹੈ।**

**ਸਨੇਹੀਆਂ ਲਈ ਸ਼ੁਭ ਕਾਮਨਾਵਾਂ**

## ਮੈਨੂੰ ਆਤਮ ਮਾਰਗ ਮੈਗਜ਼ੀਨ ਨੇ ਬਚਾ ਲਿਆ

'ਆਤਮ ਮਾਰਗ' ਪਤਰਕਾ ਨੂੰ, ਯੂ.ਪੀ. ਦੀਆਂ ਸੰਗਤਾਂ ਵਲੋਂ ਬਹੁਤ-ਬਹੁਤ ਵਧਾਈ ਹੋਵੇ ਅਤੇ ਸਾਡੀ ਹਾਰਦਿਕ ਅਰਦਾਸ ਹੈ ਕਿ ਵਾਹਿਗੁਰੂ ਜੀ ਬਲ ਬਖਸ਼ਣ ਤੇ ਆਤਮ ਮਾਰਗ ਪਤਰਕਾ ਰਾਹੀਂ ਸੰਸਾਰ ਦੇ ਕੋਨੇ-ਕੋਨੇ ਵਿਚ ਰੂਹਾਨੀ ਸੰਦੇਸ਼ ਪਹੁੰਚਦਾ ਰਹੇ। ਜਿਨ੍ਹਾਂ ਨੇ ਪੜ੍ਹਿਆ, ਖੁਸ਼ੀਆਂ ਹੀ ਖੁਸ਼ੀਆਂ ਪ੍ਰਾਪਤ ਹੋਈਆਂ ਅਤੇ ਸਭਨਾਂ ਦੀ ਇਕ ਰਾਏ ਹੈ ਕਿ ਆਤਮ ਮਾਰਗ ਪੜ੍ਹ ਕੇ ਕਿਸੇ ਹੋਰ ਅਧਿਆਤਮਕ ਪੁਸਤਕ ਦੀ ਲੋੜ ਹੀ ਖਤਮ ਹੋ ਜਾਂਦੀ ਹੈ। ਇਹ ਵਿਚਾਰ ਰਾਧਾ ਸੁਆਮੀ ਸੰਪਰਦਾ, ਨਾਮਧਾਰੀ ਸੰਪਰਦਾ, ਯੂ. ਪੀ. ਵਿਚ ਕਈ ਜਮਾਤਾਂ, ਹਿੰਦੂ ਭਰਾਵਾਂ ਵਲੋਂ ਪ੍ਰਾਪਤ ਹੋਏ। ਇਕ ਘਟਨਾ ਦਾ ਜ਼ਿਕਰ ਕਰਨਾ ਨਿਰਾਥਕ ਨਹੀਂ ਹੋਵੇਗਾ -

'ਇਕ ਪ੍ਰੇਮੀ ਜਿਸਦਾ ਪਿਤਾ 13 ਦਿਨ ਤੋਂ ਹਸਪਤਾਲ ਵਿਚ ਪਿਆ ਸੀ। ਬੁਖਾਰ ਉਸਦੇ ਦਿਮਾਗ ਵਿਚ ਸੀ, ਟੁੱਟਦਾ ਨਹੀਂ ਸੀ। ਉਸਨੇ ਜਦੋਂ ਆਤਮ ਮਾਰਗ ਮੈਗਜ਼ੀਨ ਵਿਚ ਪੜ੍ਹਿਆ ਕਿ ਅਜਿਹੇ ਬੁਖਾਰ ਵਾਸਤੇ ਅਠਪਹਿਰੀ ਜਵੈਣ ਦੇਣੀ ਚਾਹੀਦੀ ਹੈ, ਤਾਂ ਉਸਨੇ ਆਪਣੇ ਪਿਤਾ ਜੀ ਨੂੰ ਅਠਪਹਿਰੀ ਜਵੈਣ ਪਾਣੀ ਵਿਚ ਭਿਓਂ ਕੇ ਦੇਣੀ ਸ਼ੁਰੂ ਕਰ ਦਿਤੀ। ਤਿੰਨਾਂ ਦਿਨਾਂ ਪਿਛੋਂ ਬੁਖਾਰ ਉਤਰ ਗਿਆ। ਤੇਰਾਂ ਦਿਨਾਂ ਬਾਦ ਉਸਨੇ ਪ੍ਰਸ਼ਾਦਾ ਛਕਿਆ, ਬਾਰਾਂ-ਤੇਰਾਂ ਦਿਨ ਤੋਂ ਉਸਨੂੰ ਗੁਲੂਕੋਸ਼ ਲਗਿਆ ਹੋਇਆ ਸੀ ਤੇ 13 ਹਜ਼ਾਰ ਰੁਪਏ ਖਰਚ ਹੋ ਚੁਕੇ ਸਨ ਪਰ ਡਾਕਟਰਾਂ ਦੇ ਸਮਝ ਵਿਚ ਕੁਛ ਵੀ ਨਹੀਂ ਆਇਆ। ਇਸ ਪਤਰਕਾ ਨੇ ਉਸ ਲੰਮੇ ਸਮੇਂ ਦੇ ਬਿਮਾਰ ਪਏ ਨੂੰ ਜੀਵਨ ਪ੍ਰਦਾਨ ਕੀਤਾ।

ਇਸ ਪਤਰਕਾ ਦੀ ਅੰਨਯ ਸੰਪਰਦਾਵਾਂ ਦੇ ਪ੍ਰੇਮੀ ਉਡੀਕ ਕਰਦੇ ਕਹਿੰਦੇ ਹਨ ਕਿ ਆਤਮ ਮਾਰਗ ਦਾ ਉਪਦੇਸ਼ ਅਸਾਨੂੰ ਉਤਸ਼ਾਹ ਲਾਉਂਦਾ ਹੈ ਅਤੇ ਐਉਂ ਲਗਦਾ ਹੈ ਕਿ ਇਹ ਸਾਂਝਾ ਉਪਦੇਸ਼ ਸਾਡੇ ਮਹਾਂਪੁਰਸ਼ ਹੀ ਕਰ ਰਹੇ ਹਨ। ਅਸੀਂ ਤਾਂ ਮੈਗਜ਼ੀਨ ਨੇ ਬਚਾ ਹੀ ਦਿਤੇ।

# ਜੀਵਨ ਮਨੋਰਥ

*ਸੰਤ ਵਰਿਆਮ ਸਿੰਘ ਜੀ,*
*ਮੁਖੀ ਤੇ ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ ਪੰਨਾ - 26)*

ਇਕ ਵਾਰੀ ਕਬੀਰ ਸਾਹਿਬ ਬੈਠੇ ਨੇ, ਬਹੁਤ ਸਾਰੇ ਸਾਧੂ ਕੋਲ ਬੈਠੇ ਨੇ। ਇਕ ਬੀਬੀ ਸੀ, ਬਹੁਤ ਵਧੀਆ ਉਹਦੇ ਕੱਪੜੇ ਪਾਏ ਹੋਏ, ਬੜੀ ਸਜ ਧਜ ਨਾਲ ਆਈ। ਕਬੀਰ ਸਾਹਿਬ ਨੇ ਧਿਆਨ ਏ ਨਾ ਦਿਤਾ - ਉਹਦੇ ਵੱਲ। ਆਈ, ਆ ਕੇ ਮੱਥਾ ਟੇਕਿਆ; ਦੇਖਦੀ ਰਹੀ ਕਿ ਮੈਨੂੰ ਆਸ਼ੀਰਵਾਦ ਦੇਣ। ਆਪ ਨੇ ਧਿਆਨ ਏ ਨਾ ਦਿਤਾ। ਇਕ ਗਰੀਬਣੀ ਜਿਹੀ, ਪਾਟੇ ਕਪੜਿਆਂ ਵਾਲੀ ਬੀਬੀ ਮਗਰੋਂ ਈ ਆ ਗਈ ਤੇ ਕਬੀਰ ਸਾਹਿਬ ਨੇ ਉਸ ਤੋਂ ਪੁਛਿਆ ਕਿ ਠੀਕ ਓਂ ਤੁਸੀਂ, ਠੀਕ ਐ ਤੁਹਾਡਾ ਕਾਰੋਬਾਰ? ਸੰਤਾਂ ਨੇ ਕਿਹਾ ਕਿ ਇਹ ਦਵੈਤ ਕਬੀਰ ਸਾਹਿਬ ਦੇ ਅੰਦਰ? ਇਹ ਕੋਈ ਲੱਗਦੀ ਹੋਣੀ ਇਹਦੀ, ਇਹਨੂੰ ਤਾਂ ਪੁੱਛ ਲਿਆ; ਉਹ ਬੀਬੀ ਨੂੰ ignore ਕਰ ਦਿਤਾ। ਸੰਤ ਕਹਿਣ ਲੱਗੇ, ਮਹਾਰਾਜ, ਐਹ ਕੀ ਭੇਤ ਐ? ਉਸ ਵੇਲੇ ਕਹਿਣ ਲੱਗੇ, ਉਹ ਈਸ਼ਵਰੀ ਮਾਇਆ ਆਈ ਸੀ - ਇਸਤਰੀ ਦਾ ਰੂਪ ਧਾਰ ਕੇ ਮੋਹਣਾ ਚਾਹੁੰਦੀ ਸੀ - ਆਪਣੀ ਸਜ ਧਜ ਦੇ ਨਾਲ, ਲੇਕਿਨ ਅਸੀਂ ਧਿਆਨ ਨਹੀਂ ਦਿਤਾ। ਸੰਤ ਕਹਿਣ ਲੱਗੇ, ਕਬੀਰ ਸਾਹਿਬ ਜੀ ਇਕ ਅਸੀਂ ਗੱਲ ਨੋਟ ਕਰੀ ਐ ਕਿ ਉਹਦੇ ਮੱਥੇ ਦੇ ਵਾਲ ਘਸੇ ਹੋਏ ਨੇ, ਤੇ ਪਿਛਲੇ ਪਾਸੇ ਗਿੱਚੀ ਦੇ ਵਾਲ ਜਿਹੜੇ ਨੇ, ਐਂ ਲੱਗਦੈ ਜਿਵੇਂ ਖਿੱਚ ਖਿੱਚ ਕੇ ਕਿਸੇ ਨੇ ਖਰਾਬ ਕਰੇ ਹੁੰਦੇ ਨੇ। ਇਹ ਕਾਰਨ ਨਹੀਂ ਸਾਡੇ ਸਮਝ ਆਇਆ। ਕਹਿੰਦੇ, ਤੁਸੀਂ ਬੁਲਾ ਲਓ, ਬੁਲਾ ਕੇ ਪੁਛ ਲਓ। ਆਵਾਜ਼ ਦਿਤੀ, ਮਾਇਆ ਫੇਰ ਪ੍ਰਗਟ ਹੋ ਗਈ। ਕਹਿਣ ਲੱਗੇ ਕਿ ਸਾਧੂ ਆਹ ਬਚਨ ਪੁਛਦੇ ਨੇ, ਇਹਨਾਂ ਨੂੰ ਦੱਸ ਕਿ ਕੀ ਗੱਲ ਐ। ਕਹਿਣ ਲੱਗੀ, ਮਹਾਰਾਜ ਤੁਸੀਂ ਸਮਝੇ ਨਹੀਂ ਅਜੇ? ਮੈਂ ਮਾਇਆ ਰੂਪ ਹੋ ਕੇ ਪ੍ਰਤੱਖ ਰੂਪ ਦੇ ਵਿਚ ਸੰਤਾਂ ਦੇ ਚਰਨਾਂ ਤੇ ਨਮਸਕਾਰ ਕਰਨ ਆਈ ਸੀ ਤੇ ਮੈਂ ਬੇਨਤੀਆਂ ਕਰਦੀ ਆਂ, ਮੱਥੇ ਰਗੜਦੀ ਆਂ; ਮਹਾਰਾਜ! ਮੈਨੂੰ ਅੰਗੀਕਾਰ ਕਰਕੇ ਮੈਨੂੰ ਸਫਲ ਥਾਂ ਦੇ ਉਤੇ ਖਰਚ ਕਰੋ। ਪਾਪੀ ਲੋਕ ਮੈਨੂੰ ਗਲਤ ਥਾਵਾਂ, ਸ਼ਰਾਬਾਂ-ਕਬਾਬਾਂ, ਮੁਕਦਮੇ-ਬਾਜ਼ੀਆਂ, ਝਗੜੇ-ਝਾਟਿਆਂ ਤੇ ਖਰਚ ਕਰਕੇ ਮੇਰੀ ਦੁਰਦਸ਼ਾ ਕਰ ਰਹੇ ਨੇ। ਮੇਰਾ ਜੀਵਨ ਸਫਲ ਨਹੀਂ ਹੋ ਰਿਹਾ। ਤੁਸੀਂ ਕਿਸੇ ਚੰਗੇ ਥਾਂ, ਲੰਗਰਾਂ 'ਚ ਲਾ ਕੇ, ਕਿਤੇ ਹੋਰ ਥਾਂ ਕਿਰਪਾ ਕਰੋ ਕਿਉਂਕਿ ਸੰਸਾਰ ਮੇਰੇ ਪਿਛੇ ਤੁਰਿਆ ਫਿਰਦੈ, ਲੇਕਿਨ ਮੈਂ ਉਹਨਾਂ ਦੇ ਹੱਥ ਵਿਚ ਨਹੀਂ ਆਉਂਦੀ। ਸਾਧੂਆਂ ਦੇ ਪਿਛੇ ਮੈਂ ਤੁਰੀ ਫਿਰਦੀ ਆਂ। ਸਾਧੂ ਮੇਰੇ ਵੱਲ ਨਿਗਾਹ ਵੀ ਨਹੀਂ ਕਰਦੇ। ਐਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ-

*ਧਾਰਨਾ - ਦਾਸੀ ਹੋ ਕੇ ਕਾਰ ਕਮਾਵਾਂ, ਤੇਰੇ ਸਾਧੂਆਂ ਦੀ-2,2.*

ਮਹਾਰਾਜ, ਪ੍ਰਭੂ ਦੇ ਪਿਆਰਿਆਂ ਦੀ ਮੈਂ ਦਾਸੀ ਹੋ ਕੇ ਸੇਵਾ ਕਰਦੀ ਆਂ -

*ਸਾਧੂ ਕੈ ਠਾਢੀ ਦਰਬਾਰਿ॥*
*ਸਰਨਿ ਤੇਰੀ ਮੋ ਕਉ ਨਿਸਤਾਰਿ॥ ਪੰਨਾ - 872*

ਬੇਨਤੀਆਂ ਕਰਦੀ ਆਂ, ਮੱਥੇ ਰਗੜਦੀ ਆਂ ਕਿ ਮੇਰਾ ਵੀ ਨਿਸਤਾਰਾ ਕਰ ਦੇ। ਮੈਂ ਬਦਨਾਮ ਹੋਈ ਹੋਈ ਆਂ -

*ਜੋ ਤੂੰ ਕਹਹਿ ਸੁ ਕਾਰ ਕਮਾਵਾ॥ ਪੰਨਾ - 370*

ਜਿਹੜਾ ਕੁਛ ਤੂੰ ਕਹਿ ਦਏਂਗਾ ਮੈਂ ਉਹੀ ਕੰਮ ਕਰਾਂਗੀ -

*ਜਨ ਨਾਨਕ ਗੁਰਮੁਖ ਨੇੜਿ ਨ ਆਵਾ॥ ਪੰਨਾ - 370*

ਪਰ ਮੈਂ ਇਹਨਾਂ ਨੂੰ ਭੁਲਾਉਂਦੀ ਨਹੀਂ। ਬਾਕੀ ਸੰਸਾਰ ਤਾਂ ਮੈਂ ਸਾਰਾ ਭੁਲਾ ਦਿਤਾ, ਬਾਕੀ ਸੰਸਾਰ ਨੂੰ ਤਾਂ ਮੈਂ ਮੂਰਛਿਤ ਕਰ ਦਿਤਾ, ਬੇਸੁਰਤ ਹੋਇਆ ਹੋਇਐ ਸੰਸਾਰ ਸੰਤਾਂ ਤੋਂ ਬਗੈਰ। ਏਨਾ ਮੂਰਸ਼ਤ ਕਰ ਦਿਤਾ ਕਿ ਉਹਨੂੰ ਇਹੀ ਨਹੀਂ ਪਤਾ ਲੱਗਦਾ ਕਿ ਮੈਂ ਕੌਣ ਆਂ? ਜਦ ਉਹਨੂੰ ਪੁਛੋ, ਕਹਿੰਦਾ, ਆਹ ਮੈਂ ਤੇਰੇ ਸਾਮ੍ਹਣੇ ਖੜ੍ਹਾਂ।

ਮਹਾਰਾਜ ਇਕ ਸਾਖੀ ਸੁਣਾਇਆ ਕਰਦੇ ਸੀ ਕਿ ਇਕ ਵਾਰੀ ਕੋਈ ਰਾਜਾ ਸੀ। ਦੂਸਰੇ ਰਾਜੇ ਦੇ body guard ਵਗੈਰਾ ਨਾਲ ਨੇ। ਵੱਡੀ ਭਾਰੀ ਪਾਰਟੀ ਹੋਈ। ਉਥੇ ਰਾਜਾ ਬਹੁਤਾ ਨਸ਼ਾ ਪੀ ਗਿਆ ਤੇ ਜਦੋਂ ਉਹਦੇ Prime Minister ਨੇ ਦੇਖਿਆ ਕਿ ਮਹਾਰਾਜ ਜ਼ਿਆਦਾ ਨਸ਼ਾ ਪੀ ਗਏ, ਉਸ ਵੇਲੇ ਬੇਨਤੀ ਕਰੀ ਕਿ ਮਹਾਰਾਜ! ਕੋਈ ਗਲਤੀ ਹੋ ਜਾਏਗੀ। ਤੁਹਾਨੂੰ ਗਾਲਾਂ ਕੱਢ ਦੇਵੇ, ਕੋਈ ਹੋਰ ਗੱਲ ਕਰ ਦੇਵੇ; ਚੰਗਾ ਇਹ ਹੈ, ਸਾਨੂੰ ਆਗਿਆ ਦੇਵੋ ਕਿ ਅਸੀਂ ਲੈ ਜਾਈਏ - ਏਹਨਾਂ ਨੂੰ, ਕਿਉਂਕਿ ਹੁਣ ਜ਼ਿਆਦਾ ਭੁੱਲ ਚੁਕੇ ਨੇ- ਆਪਣੇ ਆਪ ਨੂੰ। ਕੋਈ ਪਤਾ ਨਹੀਂ ਏਹਨਾਂ ਨੂੰ, ਹੋਸ਼ ਨੀਂ ਹੈ। ਵਜ਼ੀਰ ਸਿਆਣਾ ਸੀ, ਉਸਨੇ ਬੱਘੀ ਦੇ ਵਿਚ ਬਿਠਾਇਆ ਤੇ ਆਪਣੇ ਰਾਜ ਦੀ ਹੱਦ ਵਿਚ ਆ ਗਿਆ। ਮਹਿਲ ਵੀ ਨੇੜੇ ਸੀ, ਉਥੇ ਬਾਹਰਲੇ ਪਾਸੇ ਪਹਿਰੇਦਾਰ ਪਹਿਰਾ ਦੇ ਰਹੇ ਸੀ - ਘੁੰਮ ਕੇ। ਚਾਰੇ ਪਾਸੇ ਫੌਜ ਵਾਲੇ ਤੁਰੇ ਜਾਂਦੇ ਨੇ। ਇਕ ਸੰਤਰੀ ਓਧਰੋਂ ਆਉਂਦੈ, ਇਕ ਏਧਰੋਂ ਜਾਂਦੈ। ਜਿਥੇ ਦੋਏ ਇਕੱਠੇ ਹੋ ਜਾਂਦੇ ਨੇ, ਇਕ ਏਧਰ ਨੂੰ ਚਲਿਆ ਜਾਂਦੈ, ਇਕ ਓਧਰ ਨੂੰ ਚਲਿਆ ਜਾਂਦੈ। ਇਹ ਜਿਸ ਵਕਤ ਆਇਆ, ਇਹਨੇ ਦੇਖਿਆ ਕਿ ਪਹਿਰਾ ਦੇ ਰਹੇ ਨੇ। ਕੌਣ ਹੋਏ ਇਹ? ਕਹਿਣ ਲੱਗਿਆ, ਮੈਂ ਵੀ ਪਹਿਰਾ ਦੇਣੈ। ਉਸ ਵੇਲੇ ਜਿਹੜਾ day officer ਸੀਗਾ - ਵੱਡਾ ਕਰਨਲ ਜਾਂ Major, ਉਹ ਕਹਿਣ ਲੱਗਿਆ, ਹਜ਼ੂਰ ਤੁਸੀਂ ਤਾਂ ਬਾਦਸ਼ਾਹ ਹੋ; ਇਹ ਤਾਂ ਅਸਾਡਾ ਕੰਮ ਐ - ਤੁਹਾਡਾ ਪਹਿਰਾ ਦੇਣਾ। ਨਹੀਂ ਨਹੀਂ ਨਹੀਂ, ਕਹਿੰਦਾ, ਮੈਂ ਪਹਿਰਾ ਦੇਣੈ; ਮੈਂ ਕੋਈ ਬਾਦਸ਼ਾਹ ਨਹੀਂ। ਬਾਰ-ਬਾਰ ਯਾਦ ਕਰਾਉਂਦੇ ਨੇ ਪਰ ਕਹਿੰਦਾ, ਮੈਂ ਬਾਦਸ਼ਾਹ ਨਹੀਂ, ਮੈਨੂੰ ਵੀ ਰਾਈਫ਼ਲ ਦਓ, ਮੈਂ ਵੀ ਪਹਿਰਾ ਦੇਣੈ।

ਜਦ ਜ਼ਿਆਦਾ ਜ਼ਿੱਦ ਕਰੀ, ਉਸ ਵੇਲੇ ਵਰਦੀ ਲਿਆ ਦਿਤੀ। ਉਹਲੇ ਹੋ ਕੇ ਵਰਦੀ ਲਾਹ ਦਿਤੀ, ਰਾਈਫਲ ਹੱਥ 'ਚ ਫੜ ਲਈ, ਲੈਫਟ-ਰਾਈਟ ਕਰਨ ਲੱਗ ਗਿਆ; ਪਹਿਰਾ ਦੇਂਦੈ ਓਥੇ। ਜਦ ਦੋ ਘੰਟੇ ਲੰਘ ਗਏ - ਬੀਟ ਤੇ ਘੁੰਮਦੇ ਨੂੰ, ਓਸ ਵੇਲੇ ਦੇਖਣ ਲੱਗ ਗਿਆ। ਆਪਣੇ ਵੱਲ ਦੇਖਿਆ, ਪੱਟੀਆਂ ਲਾਈਆਂ ਹੋਈਐਂ, ਓਧਰ ਦੇਖਿਆ; ਵਰਦੀ ਵੱਲ ਦੇਖਿਆ। ਗਲ 'ਚ ਬੰਡੋਲੀਅਰ ਪਾਇਆ ਹੋਇਐ, ਉਹਨੂੰ ਦੇਖਿਆ; ਹੱਥ 'ਚ ਰਾਈਫਲ ਫੜੀ ਐ, ਉਹ ਦੇਖੀ; ਆਲੇ-ਦੁਆਲੇ ਦੇਖਣ ਲੱਗ ਗਿਆ। ਵਜ਼ੀਰ ਨੇ ਸਮਝ ਲਿਆ ਕਿ ਹੁਣ ਹੋਸ਼ ਆ ਗਈ। ਉਸੇ ਵੇਲੇ ਵਜ਼ੀਰ ਆਇਆ। ਆ ਕੇ ਉਸਨੇ ਝੁੱਕ ਕੇ ਪ੍ਰਣਾਮ ਕਰੀ ਕਿ ਮਹਾਰਾਜ, ਕਿਰਪਾ ਕਰੋ, ਆਪ ਰਾਈਫਲ ਦੇ ਦਿਓ; ਆਪ ਸਿਪਾਹੀ ਨਹੀਂ ਹੋ, ਆਪ ਤਾਂ ਬਾਦਸ਼ਾਹ ਹੋ; ਆਪਣੀ

ਬਾਦਸ਼ਾਹੀ dress ਪਹਿਨੋਂ ਤੇ ਕਿਰਪਾ ਕਰੋ ਤੇ ਤੁਸੀਂ ਇਹ ਵਰਦੀ ਲਾਹ ਦਿਓ। ਹੋਸ਼ ਆ ਚੁੱਕੀ ਸੀ, ਉਸੇ ਵੇਲੇ ਵਰਦੀ ਲਾਹ ਦਿਤੀ ਤੇ ਉਸੇ ਵੇਲੇ ਆਪਣੇ ਬਸਤਰ ਪਹਿਨ ਕੇ ਬੜਾ ਸ਼ਰਮਿੰਦਾ ਹੋਇਆ। ਕਹਿਣ ਲੱਗਾ, ਵਜ਼ੀਰ ਸਾਹਿਬ ਇਹ ਗੱਲ ਹੋਈ ਕਿਵੇਂ? ਕਹਿਣ ਲੱਗੇ, ਬਾਦਸ਼ਾਹ ਸਲਾਮਤ, ਨਸ਼ਾ ਤੁਸੀਂ ਜ਼ਿਆਦੇ ਪੀ ਬੈਠੇ। ਨਸ਼ੇ ਦਾ ਸੁਭਾਅ ਇਹ ਐ ਕਿ ਭੁਲਾ ਦੇਂਦੈ - ਬੰਦੇ ਨੂੰ, ਯਾਦ ਕੁਛ ਨਹੀਂ ਰਹਿੰਦਾ -

*ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥*

*ਪੰਨਾ - 554*

ਨਾ ਆਪਣਾ ਦਿਸਦੈ, ਨਾ ਪਰਾਇਆ ਦਿਸਦੈ। ਦਰ ਦਰਗਾਹ 'ਚੋਂ ਧੱਕੇ ਮਿਲਦੇ ਨੇ। ਸੋ ਹਜ਼ੂਰ, ਉਸ ਵੇਲੇ ਮੈਂ ਆਪ ਨੂੰ ਲੈ ਆਇਆ ਸੀ। ਏਥੇ ਆਪ ਨੇ ਕਿਹਾ ਕਿ ਮੈਂ ਪਹਿਰਾ ਦੇਣੈ। ਅਸੀਂ ਆਪ ਦੀ ਹੁਕਮ ਅਦੂਲੀ ਕਰ ਨਹੀਂ ਸਕਦੇ। ਬੜੀਆਂ ਬੇਨਤੀਆਂ ਕਰੀਆਂ ਕਿ ਮਹਾਰਾਜ ਤੁਸੀਂ ਬਾਦਸ਼ਾਹ ਹੋ। ਤੁਹਾਡੇ ਸਿਪਾਹੀ ਪਹਿਰੇ ਉਤੇ ਖੜ੍ਹੇ ਨੇ। ਪਰ ਤੁਸੀਂ ਜਦ ਜ਼ਿਆਦੇ ਹੱਠ ਕਰਿਆ, ਇਹ ਵਰਦੀ ਲਿਆ ਦਿਤੀ ਤੇ ਤੁਸੀਂ ਪਹਿਨ ਲਈ। ਹੁਣ ਤੁਸੀਂ ਇਹ ਵਰਦੀ ਪਹਿਨੋਂ। ਕਹਿਣ ਲੱਗੇ, ਬੜਾ ਭੁੱਲਿਆ ਮੈਂ, ਯਾਦ ਚਿਤ ਏ ਨੀਂ ਰਿਹਾ। ਮਹਾਰਾਜ ਜੀ ਕਹਿੰਦੇ, ਏਸ ਤਰ੍ਹਾਂ ਜਿਹੜਾ ਜੀਵ ਐ, ਇਹ ਤਾਂ ਆਤਮ ਸਹਿਜਾਦਾ ਹੈ, ਇਹ ਵਾਹਿਗੁਰੂ ਦੀ ਅੰਸ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*

*ਪੰਨਾ - 441*

ਪਰ ਇਹ ਐਨਾ ਜ਼ਬਰਦਸਤ ਭੁੱਲ ਵਿਚ ਪੈ ਗਿਆ ਕਿ ਆਪਣੇ ਸਰੂਪ ਨੂੰ ਭੁੱਲ ਕੇ ਆਹੀ ਕਹਿੰਦੈ ਕਿ ਮੈਂ ਸਰੀਰ ਆਂ, ਮੈਂ ਸਰੀਰ ਆਂ, ਮੈਂ ਆਹ ਸਾਹਮਣੇ ਖੜ੍ਹਾਂ ਤੁਹਾਡੇ। ਇਹ ਕਦੇ ਨਹੀਂ ਮੰਨਦਾ ਕਿ ਮੈਂ ਕੀ ਆਂ? ਇਹ ਤਾਂ ਪ੍ਰਮੇਸ਼ਰ ਦੀ ਅੰਸ਼ ਐ, ਪ੍ਰਮੇਸ਼ਵਰ ਦੀ ਜ਼ਾਤ-ਏ- ਖਾਸ ਐ; ਐਂ ਸਮਝ ਲਓ ਜਿਵੇਂ ਲਹਿਰ ਤੇ ਸਮੁੰਦਰ ਐ। ਲਹਿਰ, ਸਮੁੰਦਰ ਦਾ ਹੀ ਰੂਪ ਹੁੰਦੀ ਐ। ਵਾਹਿਗੁਰੂ ਦਾ ਰੂਪ ਹੋ ਕੇ, ਮਾਇਆ ਦੀ ਠੱਗੀ ਵਿਚ ਆ ਗਿਆ, ਉਹਦੀ ਜ਼ਹਿਰ ਚੜ੍ਹ ਗਈ ਇਸਨੂੰ; ਬੇਸੁੱਧ ਹੋ ਗਿਆ। ਏਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਮਾਇਆ ਹੋ ਕੇ ਨਾਗਣੀ ਲੜ ਗਈ,
ਮਨਮੁਖ ਬੰਦਿਆਂ ਦੇ - 2, 2.

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥*
*ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥*
*ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ॥*

*ਪੰਨਾ - 510*

ਬਾਕੀਆਂ ਨੂੰ ਤਾਂ ਇਹਨੇ ਖਾਣਾ ਹੀ ਖਾਣੈ। ਕਹਿੰਦੇ, ਗੁਰਮੁਖ ਦੇ ਰਾਹੀਂ ਜਿਹਨੂੰ ਨਾਮ ਦੀ ਦਾਤ ਪ੍ਰਾਪਤ ਹੋ ਗਈ, ਗਿਆਨ ਦੇ ਮੰਡਲ 'ਚ ਪਹੁੰਚ ਗਿਆ, ਉਨ੍ਹਾਂ ਨੇ ਦਲ ਮਲ ਕੇ ਚਰਨਾਂ ਨਾਲ ਲਾ ਲਈ; ਉਹ ਨਹੀਂ ਮੋਹੇ ਜਾਂਦੇ - ਏਹਤੋਂ। ਉਹੀ ਉਭਰਦੇ ਨੇ - *'ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵਲਾਇ॥'*

ਬਾਕੀਆਂ ਨੂੰ ਤਾਂ -

*ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ॥*

*ਪੰਨਾ - 1097*

ਗੁੜ ਪਿਐ ਢਿੱਲਾ; ਉਹਦੇ ਉਤੇ ਉਡ-ਉਡ ਕੇ ਮੱਖੀ ਬਾਰ-ਬਾਰ ਆਈ ਜਾਂਦੀ ਐ -

*ਜੋ ਬੈਠੇ ਸੇ ਫਾਥਿਆ ਉਬਰੇ ਭਾਗ ਮਥਾਇ॥*

*ਪੰਨਾ - 1097*

ਜਿਹੜਾ ਬਹਿ ਗਿਆ ਇਹਦੇ ਤੇ, ਉਹ ਤਾਂ ਫਸ ਗਿਆ, ਉਹ ਨਹੀਂ ਨਿਕਲ ਸਕਦਾ। ਉਹਦੇ ਫੰਘਾਂ ਨਾਲ ਗੁੜ ਲਗ ਜਾਣੈ, ਫੇਰ ਕਿੱਥੇ ਉਡਣੈ? ਕਹਿੰਦੇ, ਮਾਇਆ ਦੇ ਉਤੇ ਜਿਹੜਾ ਬੈਠ ਗਿਆ, ਜਿਹਨੇ ਮਾਇਆ ਦੇ ਨਾਲ ਮਨ ਲਾ ਲਿਆ ਪਿਆਰਿਓ! ਮੁੜ ਕੇ ਉਹਨੂੰ ਔਖਾ ਹੋ ਜਾਣੈ। ਕੋਈ ਸਾਧੂ ਕੱਢ ਦੇਵੇ ਤਾਂ ਕੱਢ ਦੇਵੇ, ਨਹੀਂ ਤਾਂ ਜੀਵ ਦੇ ਆਪਣੇ ਵਸ ਵਿਚ ਨੀਂ ਐ। ਸੋ ਏਸ ਕਰਕੇ ਜੀਵ, ਮਾਇਆ ਦੀ ਉਪਾਧੀ ਕਰਕੇ ਦੁਖੀ ਹੋਇਆ ਫਿਰਦੈ। ਇਹਨੂੰ ਤਿੰਨ ਦੁੱਖ ਲਗਦੇ ਨੇ -

ਆਧ, ਬਿਆਧ, ਉਪਾਧ। ਆਦਮੀ ਦੁੱਖੀ ਐ, ਤਿੰਨ ਵੱਡੇ ਦੁਖ ਨੇ - ਅਧਿਆਤਮਕ ਦੁੱਖ ਐ, ਅਧਿਭੂਤਕ ਦੁੱਖ ਐ, ਅਧਿਦੈਵਕ ਦੁਖ ਐ। ਆਧੀ ਹੁੰਦੀ ਐ - ਮਨ ਦੇ ਦੁੱਖ; ਬਿਆਧੀ ਹੁੰਦੀ ਐ - ਸਰੀਰ ਦੇ ਦੁੱਖ; ਉਪਾਧੀ ਹੁੰਦੀ ਐ - ਆਪੇ ਕਿਸੇ ਨਾਲ ਝਗੜਾ ਕਰ ਲੈਣਾ, ਮੁਕਦਮੇ ਬਾਜ਼ੀ ਕਰ ਲੈਣੀ, ਰੌਲਾ-ਰੱਪਾ ਪਾ ਲੈਣਾ; ਆਪੇ ਦੁੱਖੀ ਹੋ ਜਾਂਦੈ। ਸੋ ਇਹਨੂੰ ਪੰਜ ਚੋਰ ਦਿਨ ਰਾਤ ਲੁੱਟਦੇ ਨੇ -

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ॥ ਪੰਨਾ - 600*

ਨਾਮ ਤਕ ਜਾਣ ਹੀ ਨਹੀਂ ਦਿੰਦਾ। ਐਡੀ ਦੌਲਤ ਅੰਦਰ ਪਈ ਐ, ਸੱਚਾ ਧਨ ਪਿਐ, ਉਥੇ ਤਾਂਈ ਪਹੁੰਚਣ ਏ ਨਹੀਂ ਦਿੰਦਾ। ਉਹ ਲੁੱਟਦੇ ਤੁਰੇ ਜਾਂਦੇ ਨੇ -

*ਸਗਲ ਸਹੇਲੀ ਅਪਨੈ ਰਸ ਮਾਤੀ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥*
*ਮੁਸਨਹਾਰ ਪੰਚ ਬਟਵਾਰੇ॥*
*ਸੂਨੇ ਨਗਰਿ ਪਰੇ ਠਗਹਾਰੇ॥*
*ਉਨ ਤੇ ਰਾਖੈ ਬਾਪੁ ਨ ਮਾਈ॥*
*ਉਨ ਤੇ ਰਾਖੈ ਮੀਤੁ ਨ ਭਾਈ॥*
*ਦਰਬਿ ਸਿਆਣਪ ਨਾ ਓਇ ਰਹਤੇ॥*
*ਸਾਧਸੰਗਿ ਓਇ ਦੁਸਟ ਵਸਿ ਹੋਤੇ॥ ਪੰਨਾ - 182*

ਸਾਧੂ ਦੀ ਸੰਗਤ ਮਿਲ ਜਾਵੇ, ਉਹਦੇ ਨਾਲ ਇਹ ਦੁਸ਼ਟ ਵਸ ਵਿਚ ਹੋ ਜਾਂਦੇ ਨੇ। ਸੋ ਸੰਸਾਰ ਦੇ ਵਿਚ ਪੰਜ ਵਿਸ਼ੇ ਇਹਨੂੰ ਤੰਗ ਕਰ ਰਹੇ ਨੇ - ਸ਼ਬਦ, ਸਪਰਸ਼, ਰੂਪ, ਰਸ, ਗੰਧ; ਪੰਜ ਠੱਗ ਇਹਨੂੰ ਚਿੰਬੜੇ ਹੋਏ ਨੇ - ਰਾਜ, ਮਾਲ, ਰੂਪ, ਜਾਤ, ਜੋਬਨ; ਦੋ ਡੈਣਾਂ ਆਸਾ ਤੇ ਅੰਦੇਸ਼ਾ ਇਹਨੂੰ ਖਾ ਰਹੀਆਂ ਨੇ - ਦਿਨ ਰਾਤ; ਪੰਜ ਕਲੇਸ਼ ਇਸਨੂੰ trouble (ਦੁੱਖ) 'ਚ ਪਾ ਰਹੇ ਨੇ, ਕਦੇ ਸੁੱਖ ਦਾ ਸਾਹ ਨਹੀਂ ਆਉਂਦਾ। ਸੋ ਇਕ ਨਹੀਂ, ਸਾਰਾ ਈ ਸੰਸਾਰ ਜਿੰਨਾਂ ਹੈ, ਇਹਨਾਂ ਦੇ ਕਾਬੂ ਵਿਚ ਆਇਆ ਹਾਏ-ਵਰਲਾਪ ਕਰ ਰਿਹੈ -

ਧਾਰਨਾ - ਦੁਖੀਆ ਸਭ ਸੰਸਾਰ, ਨਾਨਕ ਦੁਖੀਆ,
ਨਾਨਕ ਦੁਖੀਆ -2, 2.

*ਸਹੰਸਰ ਦਾਨ ਦੇ ਇੰਦ੍ਰ ਰੋਆਇਆ॥*

*ਪਰਸ ਰਾਮੁ ਰੋਵੈ ਘਰਿ ਆਇਆ॥*

ਵੱਡਿਆਂ-ਵੱਡਿਆਂ ਨੂੰ ਗਿਣਿਐ ਮਹਾਰਾਜ ਨੇ -

*ਅਜੈ ਸੁ ਰੋਵੈ ਭੀਖਿਆ ਖਾਇ॥*
*ਐਸੀ ਦਰਗਹਿ ਮਿਲੈ ਸਜਾਇ॥*
*ਰੋਵੈ ਰਾਮੁ ਨਿਕਾਲਾ ਭਇਆ॥*
*ਸੀਤਾ ਲਖਮਣੁ ਵਿਛੁੜਿ ਗਇਆ॥*
*ਰੋਵੈ ਦਹਸਿਰੁ ਲੰਕ ਗਵਾਇ॥*
*ਜਿਨਿ ਸੀਤਾ ਆਦੀ ਡਉਰੂ ਵਾਇ॥*
*ਰੋਵਹਿ ਪਾਂਡਵ ਭਏ ਮਜੂਰ॥*
*ਜਿਨ ਕੈ ਸੁਆਮੀ ਰਹਤ ਹਦੂਰਿ॥*
*ਰੋਵੈ ਜਨਮੇਜਾ ਖੁਇ ਗਇਆ॥*
*ਏਕੀ ਕਾਰਣਿ ਪਾਪੀ ਭਇਆ॥*
*ਰੋਵਹਿ ਸੇਖ ਮਸਾਇਕ ਪੀਰ॥*
*ਅੰਤਿ ਕਾਲਿ ਮਤੁ ਲਾਗੈ ਭੀੜ॥*
*ਰੋਵਹਿ ਰਾਜੇ ਕੰਨ ਪੜਾਇ॥*
*ਘਰਿ ਘਰਿ ਮਾਗਹਿ ਭੀਖਿਆ ਜਾਇ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ॥*
*ਪੰਡਿਤ ਰੋਵਹਿ ਗਿਆਨੁ ਗਵਾਇ॥*
*ਬਾਲੀ ਰੋਵੈ ਨਾਹਿ ਭਤਾਰੁ॥*
*ਨਾਨਕ ਦੁਖੀਆ ਸਭੁ ਸੰਸਾਰੁ॥*

ਹੁਣ ਸੁਖੀਆ ਕੌਣ ਐਂ? ਮਹਾਰਾਜ ਕਹਿੰਦੇ -

*ਮੰਨੇ ਨਾਉ ਸੋਈ ਜਿਣਿ ਜਾਇ॥ ਪੰਨਾ - 953-54*

ਮਹਾਰਾਜ ਨੇ ਸਾਰੇ ਦੁਖਾਂ ਦਾ ਇਲਾਜ ਦੱਸ ਦਿਤਾ। ਜਿਹੜੇ ਬਚਨ ਸ਼ੁਰੂ 'ਚ ਕਹੇ ਸੀ ਨਾ, ਕਿ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਪੰਨਾ - 463*

ਜਿਹੜਾ ਉਸ ਨਾਮ ਨੂੰ ਮੰਨ ਲੈਂਦੈ, ਉਹ ਜਿੱਤ ਗਿਆ -

*ਮੰਨੇ ਨਾਉ ਸੋਈ ਜਿਣਿ ਜਾਇ॥*
*ਅਉਰੀ ਕਰਮ ਨ ਲੇਖੈ ਲਾਇ॥ ਪੰਨਾ - 954*

ਬਾਕੀ ਹਾਰ ਕੇ ਸੰਸਾਰ ਤੋਂ ਚਲੇ ਜਾਂਦੇ ਨੇ। ਸੋ ਇਸ ਕਰਕੇ ਮਹਾਰਾਜ ਸਾਨੂੰ ਕਹਿੰਦੇ ਨੇ, ਪਿਆਰਿਓ! ਇਨ੍ਹਾਂ ਕਲੇਸ਼ਾਂ ਦੇ ਵਿਚ ਪਏ ਹੋਏ ਓਂ ਤੁਸੀਂ - ਅਵਿਦਿਆ, ਅਸਿਮਤਾ, ਅਭੀਨਿਵੇਸ਼, ਰਾਗ, ਦਵੈਸ਼ ਆਦਿ ਵਿਚ। ਸਰੀਰ ਛੁੱਟ ਜਾਣੇ ਨੇ, ਮੁੜ ਕੇ ਜੂਨਾਂ 'ਚ ਘੁੰਮਦੇ ਫਿਰਾਂਗੇ; ਕਿਤੇ ਕੁੱਤੇ ਬਣ ਕੇ ਫਿਰਦੇ ਆਂ - ਪਟਾ ਪੁਆਈ ਗਲ ਵਿਚ, ਕਿਤੇ ਬਲਦ ਬਣ ਕੇ ਸੋਟੀਆਂ ਖਾ ਰਹੇ ਆਂ, ਕਿਤੇ ਘੋੜਾ ਬਣ ਕੇ ਸਵਾਰੀ ਪਿੱਠ ਤੇ ਚੱਕੀ ਫਿਰਦੇ ਆਂ - ਬੰਦੇ ਦੀ। ਕਹਿੰਦੇ, ਸਮਝ ਲਓ ਇਹਨੂੰ; ਸਮਝ ਕੇ, ਜਿਸ ਕੰਮ ਵਾਸਤੇ ਆਏਂ ਓਂ, ਉਸਨੂੰ ਕਰੋ -

*ਧਾਰਨਾ - ਇਹੋ ਤੇਰੀ ਵਾਰੀ ਐ, ਗੋਬਿੰਦ ਮਿਲਣੇ ਦੀ - 2, 2.*

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥ ਪੰਨਾ - 12*

ਕਹਿੰਦੇ, ਜੀ ਇਹ ਤਾਂ ਅਸੀਂ ਰੋਜ਼ ਪੜ੍ਹਦੇ ਆਂ। ਫੇਰ ਤਾਂ amune ਹੋ ਗਿਆ ਤੂੰ, ਉਪਦੇਸ਼ ਅੰਦਰ ਜਾਂਦਾ ਈ ਨਹੀਂ, ਕਦੇ ਹੌਲ ਨਹੀਂ ਪੈਂਦਾ, ਕਦੇ ਤੈਨੂੰ ਫਿਕਰ ਨਹੀਂ ਆਉਂਦਾ; ਦਿਨ ਤਾਂ ਲੰਘਦੇ ਜਾਂਦੇ ਨੇ -

*ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥*
*ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥*
*ਪੰਨਾ - 691*

ਉਹ ਤਾਂ ਦਿਨ ਨੇੜੇ ਆ ਗਿਆ ਤੇ ਅਜੇ ਬਣਿਆ ਕੁਛ ਨਹੀਂ; ਕੀ ਕਰੇਂਗਾ ਫੇਰ? ਫੇਰ ਅਗਲਾ ਜਨਮ ਧਾਰ ਕੇ ਕਰੇਂਗਾ? ਜੇ ਹੁਣ ਨਹੀਂ ਕਰ ਸਕਿਆ, ਫੇਰ ਕੀ ਕਰੇਂਗਾ?

*ਜੋ ਕਿਛੁ ਕਰਹਿ ਸੋਈ ਅਬ ਸਾਰੁ॥*
*ਫਿਰਿ ਪਛਤਾਹੁ ਨ ਪਾਵਹੁ ਪਾਰੁ॥ ਪੰਨਾ - 1159*

ਜਿਹੜਾ ਕੁਛ ਕਰਨੈ, ਹੁਣੇ ਕਰ ਲੈ। ਕਹਿੰਦੇ, ਜੀ ਟਾਈਮ ਥੋੜਾ ਰਹਿ ਗਿਆ। ਕਹਿੰਦੇ, ਟਾਈਮ ਦੀ ਗੱਲ ਨੀਂ ਹੈ - ਇਹਦੇ ਵਿਚ। ਜੇ ਤੈਨੂੰ ਨੇਹਚਾ ਆ ਜਾਵੇ ਨਾ! ਤੇਰਾ ਮਨ ਮੰਨ ਜਾਵੇ - 'ਮੰਨੇ ਨਾਉ ਸੋਈ ਜਿਣਿ ਜਾਇ।' ਤੈਨੂੰ ਨਾਮ ਤੇ ਵਿਸ਼ਵਾਸ਼ ਆ ਜਾਏ, ਫੇਰ ਬਾਜੀ ਜਿੱਤ ਜਾਏਂਗਾ। ਨਾਮ ਪਰੀਪੂਰਨ ਐ, ਨਾਮ ਤੇਰੇ ਅੰਦਰ ਐ, ਨਾਮ ਤੇਰੇ ਬਾਹਰ ਐ; ਸਭ ਕੁਛ ਨਾਮ ਤੋਂ ਹੀ ਹੋਇਐ; ਜੋ ਕੁਛ ਤੂੰ ਦੇਖਦੈਂ, ਉਹ ਵਾਹਿਗੁਰੂ ਦੀ ਓਸ ਨਾਮ ਸ਼ਕਤੀ ਤੋਂ ਹੀ ਹੋਇਐ। ਨਾਮ ਸ਼ਕਤੀ ਪਰੀਪੂਰਨ ਹੈ, ਉਸ ਸ਼ਬਦ ਤਕ ਪਹੁੰਚ। ਸੁਰਤ ਤੇਰੀ ਓਥੇ ਲਗੀ ਰਹੇ। ਸ਼ਬਦ ਦੇ ਉਪਰਲੇ ਪਾਸੇ '੧ਓਂ' ਐ। ਉਹ '੧ਓਂ' ਤੇ ਨਿਗ੍ਹਾ ਰੱਖ ਕੇ ਬਾਣੀ ਪੜ੍ਹ, ਨਿਗ੍ਹਾ ਰੱਖ ਕੇ ਭਜਨ ਕਰ। ਤੂੰ ਪ੍ਰਮੇਸ਼ਰ ਦਾ ਰੂਪ ਐਂ, ਪ੍ਰਮੇਸ਼ਰ 'ਚੋਂ ਆਇਐਂ, ਪ੍ਰਮੇਸ਼ਰ ਵਿਚ ਲੀਨ ਹੋ ਜਾਣੈ। ਵਿਚਾਲੇ-ਵਿਚਾਲੇ ਜਿਹੜਾ ਦੁਖ ਪਾਉਣੈ, ਇਹ ਆਪਣੀ ਮਾਇਆ ਦੀ ਮਨੌਤ ਕਰਕੇ ਪਾ ਰਿਹੈਂ -

*ਬਰਨੁ ਚਿਹਨੁ ਨਾਹੀ ਕਿਛੁ ਰਚਨਾ*
*ਮਿਥਿਆ ਸਗਲ ਪਸਾਰਾ॥ ਪੰਨਾ - 999*

ਮਹਾਰਾਜ ਤਾਂ ਭੇਤ ਦੀ ਗੱਲ ਦੱਸ ਰਹੇ ਨੇ। ਕਹਿੰਦੇ, ਜਿਹੜਾ ਪਸਾਰਾ ਦੇਖਦੈਂ ਨਾ, ਇਹ ਸਾਰਾ ਮਿਥਿਆ ਹੈ; ਹੈ ਨਹੀਂ ਕੁਛ ਵੀ, ਭੁਲੇਖਾ ਐ ਇਹ -

*ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ॥*
*ਪੰਨਾ - 999*

ਜਦੋਂ ਖੇਲ ਬੰਦ ਕਰ ਲਈ -

*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥*
*ਜਾਪੁ ਸਾਹਿਬ*

ਫੇਰ ਕੀ ਹੋਏਗਾ? ਬੇਅੰਤ ਦੁਨੀਆਂ ਬਣ ਗਈ - ਕੋਈ ਨਰਕ ਨੂੰ ਜਾ ਰਿਹੈ, ਕੋਈ ਸੁਰਗ ਨੂੰ ਜਾ ਰਿਹੈ; ਕਰਮ ਦਾ ਗੇੜ ਚਲ ਪਿਆ, ਕਰਮਾਂ ਦਾ ਬੰਨ੍ਹਿਆਂ ਹੋਇਆ ਤੁਰਿਆ ਫਿਰਦੈ -

*ਵਾਸ਼ਨਾ ਬਧਾ ਆਵੈ ਜਾਇ॥*

ਵਾਸ਼ਨਾ ਦਾ ਬੰਨ੍ਹਿਆਂ ਹੋਇਐ, ਵਾਸ਼ਨਾ ਮਰਦੀ ਨਹੀਂ। ਇਹਦਾ ਆਉਣਾ ਜਾਣਾ ਨਹੀਂ ਹੁੰਦਾ। ਇਕ ਖੇਲ੍ਹ ਤੋਰ ਦਿਤਾ, ਗੇਂਦ ਰੋੜ੍ਹ ਦਿਤੀ; ਉਹ ਹੁਣ ਠਹਿਰਦੀਓ ਨੀਂ ਹੈ। ਏਸੇ ਤਰ੍ਹਾਂ ਜੀਵ ਰੋੜ੍ਹ ਦਿਤੇ; ਕਰਮਾਂ ਵਿਚ ਪੈ ਗਏ - ਆਪੇ ਹੀ। ਜੇ ਹਉਮੈ ਮਰ ਜਾਵੇ, ਕਰਮ ਏ ਨਹੀਂ ਹੁੰਦਾ ਫੇਰ। ਫੇਰ ਜਦੇ ਛੁਟਕਾਰਾ ਹੋ ਜਾਣੈ। ਇਹ ਹਉਮੈ ਨੇ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥ ਪੰਨਾ - 466*

ਆਹ ਬਣਾ ਦਿਤੇ ਜਿਹੜਾ ਅਸੀਂ ਕਹਿਨੇ ਆਂ ਕਿ ਮੈਂ ਫਲਾਣਾ ਸਿੰਘ, ਮੈਂ ਫਲਾਣਾ। ਦਰਅਸਲ ਪਛਾਣਦਾ ਨੀਂ ਹੈ, ਇਹ ਕਦੇ ਵੀ ਨਹੀਂ ਕਹਿੰਦਾ ਕਿ ਮੈਂ ਤਾਂ ਵਾਹਿਗੁਰੂ ਦੀ ਜੋਤ ਆਂ; ਮੈਂ ਸਰੀਰ ਨੀਂ ਹਾਂ; ਮੈਂ ਪ੍ਰਾਣ ਨੀਂ ਹਾਂ, ਮੈਂ ਮਨ ਨੀਂ ਹਾਂ, ਮੈਂ ਬੁੱਧੀ ਨੀਂ ਹਾਂ, ਮੈਂ ਅੰਤਸ਼ਕਰਣ ਨੀਂ ਹਾਂ, ਮੈਂ 'ਮੈਂ' ਨਹੀਂ ਹਾਂ। ਫੇਰ ਜੇ ਤੂੰ ਮੈਂ ਨੀਂ ਹੈਂ, ਫੇਰ ਕੀ ਐਂ? ਕਹਿੰਦਾ, ਮੈਂ ਕੁਛ ਵੀ ਨਹੀਂ ਆਂ –

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ॥ ਪੰਨਾ - 827*

ਇਹ ਧਿਆਨ ਜੇ ਤੇਰੇ ਹਿਰਦੇ 'ਚ ਨ ਵਸਿਆ, ਜੰਮਦਾ ਮਰਦਾ ਫਿਰੀ ਜਾਏਂਗਾ। ਹਿਰਦੇ 'ਚ ਵਸਣਾ ਚਾਹੀਦੈ, ਪ੍ਰਤੱਖ ਰੂਪ ਦੇ ਵਿਚ ਨਾਮ ਦੇ ਵਿਚ ਜੁੜਿਆ ਰਹਿਣਾ ਚਾਹੀਦੈ; ਬਾਹਰ ਵੱਖਰਾ ਹੋ ਕੇ ਹੋਰ ਹੋਂਦ ਨਾ ਬਣਾ। ਤੇਰਾ ਤੇ ਪ੍ਰਮੇਸ਼ਰ ਦਾ ਕੋਈ ਫਰਕ ਨੀਂ ਹੈ। ਤੂੰ ਪ੍ਰਮੇਸ਼ਰ 'ਚ ਐਂ, ਪ੍ਰਮੇਸ਼ਰ ਤੇਰੇ ਵਿਚ ਐ –

*ਮਨ ਮਹਿ ਆਪਿ ਮਨ ਅਪੁਨੇ ਮਾਹਿ॥ ਪੰਨਾ - 279*

ਮਨ ਵਿਚ ਵਾਹਿਗੁਰੂ ਹੈ, ਵਾਹਿਗੁਰੂ ਵਿਚ ਮਨ ਐ; ਫੇਰ ਬਾਹਰ ਕੀ ਰਹਿ ਗਿਆ? ਉਹ ਭੁੱਲ ਪਈ ਹੋਈ ਐ – ਮਾਇਆ ਦੀ, illusion ਦੀ; ਉਹਨੇ ਇਹਨੂੰ ਤੋੜ ਕੇ ਰੱਖ ਦਿਤਾ –

*ਮਾਇਆ ਕਾ ਮਾਰਨ ਹਰਿਨਾਮ ਹੈ॥*

ਉਹਨੂੰ ਮਾਰਨ ਵਾਲਾ ਨਾਮ ਐ। ਜੇ ਨਾਮ ਦੀ ਸੋਝੀ ਆ ਜਾਵੇ – ਸਾਨੂੰ ਨਾਮ ਦਾ ਨਹੀਂ ਪਤਾ ਲਗਦਾ; ਨਾਮ ਗੁਰਮੰਤਰ, ਸ਼ਬਦ ਐ। ਸ਼ਬਦ ਦੇ ਨਾਲ ਅਸੀਂ ਪਹੁੰਚਦੇ ਆਂ ਉਥੇ। ਉਹਦੀ ਸਾਧਨਾ ਕਰਕੇ ਅਸੀਂ ਉਸ ਨਾਮ ਤਕ ਪਹੁੰਚਦੇ ਆਂ, ਜਿਹੜਾ ਹਰੇਕ ਦੇ ਅੰਦਰ ਪਰੀਪੂਰਨ ਐ, ਜਿਹਦੇ ਕਰਕੇ ਸਾਰੇ ਖੰਡ-ਬ੍ਰਹਿਮੰਡ ਤੁਹਾਨੂੰ ਨਜ਼ਰ ਆ ਰਹੇ ਨੇ। ਮਹਾਰਾਜ ਕਹਿੰਦੇ ਨੇ ਕਿ ਉਹ ਨਾਮ ਐ 'ਸਤਿ' ਦਾ, 'ਸਤਿ' ਐ ਵਾਹਿਗੁਰੂ। ਸੋ ਨਾਮ ਵੀ ਵਾਹਿਗੁਰੂ ਐ, 'ਸਤਿ' ਵੀ ਵਾਹਿਗੁਰੂ ਐ ਤੇ ਜਿਹੜੀ creation, ਇਹ ਉਹਦੀ ਖੇਡ ਐ, ਉਹ ਆਪੇ ਈ ਖੇਡਦੈ – ਅਨੇਕਾਂ ਰੰਗਾਂ 'ਚ ਹੋ ਕੇ –

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥ ਪੰਨਾ - 275*

ਸਭ ਕੁਛ ਆਪੇ ਈ ਕਰਦੈ –

*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥ ਪੰਨਾ - 275*

ਅਨੇਕਾਂ ਤਰੰਗਾਂ ਦੇ ਵਿਚ, ਅਨੇਕਾਂ ਜੀਵ ਜੰਤੂਆਂ ਦੇ ਰੂਪ 'ਚ ਪਸਰ ਗਿਆ।

*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥*
*ਜੈਸੀ ਮਤਿ ਦੇਇ ਤੈਸਾ ਪਰਗਾਸ॥*
*ਪਾਰਬ੍ਰਹਮ ਕਰਤਾ ਅਬਿਨਾਸ॥ ਪੰਨਾ - 275*

ਹੁਣ ਇਹ ਸਰੀਰਾਂ 'ਚ ਮਤਿ ਜਿਹੜੀ ਐ – ਕਿਸੇ ਦੀ ਤਮੋ ਗੁਣ ਦੀ, ਕਿਸੇ ਦੀ ਸਤੋ ਗੁਣ ਦੀ, ਕਿਸੇ ਦੀ ਰਜੋ ਗੁਣ ਦੀ, ਕਿਸੇ ਦੀ ਤ੍ਰਿਗੁਣ ਅਤੀਤ ਦੀ ਮੱਤ ਐ। ਕਹਿੰਦੇ, ਵਾਹਿਗੁਰੂ ਜਿਹੜਾ ਹੈ, ਉਹ ਦੋਖੀ ਨੀਂ ਹੈ –

*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ - 275*

ਤੂੰ ਉਹਨੂੰ ਯਾਦ ਰੱਖ, ਏਥੇ ਪਹੁੰਚ; ਏਸ ਅਸਥਾਨ ਤੇ ਜਦ ਵਸੇਂਗਾ, ਇਹਨੂੰ ਸੁਖ ਦਾ ਘਰ ਕਹਿੰਦੇ ਨੇ, 'ਸੋ ਘਰ' ਕਹਿੰਦੇ ਨੇ –

*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥*
*ਪੰਨਾ - 1291*

ਜਿਹੜਾ ਸ਼ਬਦ ਦੀ ਖੋਜ ਕਰਕੇ ਏਸ ਘਰ ਦੇ ਵਿਚ ਆ ਜਾਵੇ ਜਿਸਨੂੰ 'ਸੋ ਘਰ' ਕਹਿੰਦੇ ਨੇ –

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਨਾ - 1290*

ਏਥੇ ਜਿਹਦਾ ਵਾਸਾ ਹੋ ਜਾਵੇ ਸਾਧਸੰਗਤ ਜੀ, ਉਹ ਪ੍ਰਮੇਸ਼ਰ ਬਣ ਜਾਂਦੈ –

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397*

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ॥ ਪੰਨਾ - 272*

*ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ॥ ਪੰਨਾ - 273*

ਸੋ ਅਸੀਂ ਤਾਂ ਵਾਹਿਗੁਰੂ ਦੇ ਸ਼ਹਿਜ਼ਾਦੇ ਸੀ। ਐ ਮਾਇਆ ਨਾਲ ਰਲ ਕੇ ਜੀਵ ਬਣ ਕੇ, ਕਿੰਨਾ ਦੁੱਖ ਪਾ ਰਹੇ ਆਂ, ਕਿੰਨੇ ਔਖੇ ਹੋ ਰਹੇ ਆਂ, ਕਿਵੇਂ ਜੂਨਾਂ 'ਚ ਘੁੰਮ ਰਹੇ ਆਂ। ਮਹਾਰਾਜ ਕਹਿੰਦੇ, ਯਾਦ ਕਰ–

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥ ਪੰਨਾ - 12*

ਸਾਧੂਆਂ ਦੀ ਸੰਗਤ 'ਚ ਆਓ, ਨਾਮ ਜਪੋ –

*ਸਰੰਜਾਮਿ ਲਾਗੁ ਭਵਜਲ ਤਰਨ ਕੈ॥ ਪੰਨਾ - 12*

ਏਵੇਂ ਨਾ ਕਰ, ਸਿੱਥਲ ਇਰਾਦੇ ਨਾ ਕਰ; ਪੱਕਾ ਇਰਾਦਾ, ਦ੍ਰਿੜ ਇਰਾਦਾ ਕਰ ਲੈ ਕਿ ਮੈਂ ਤਰਨਾ ਈ ਤਰਨੈਂ –

*ਸਰੰਜਾਮਿ ਲਾਗੁ ਭਵਜਲ ਤਰਨ ਕੈ।*
*ਜਨਮੁ ਬਿਰਥਾ ਜਾਤ ਰੰਗਿ ਮਾਇਆ ਕੈ॥ ਪੰਨਾ - 12*

ਮਾਇਆ ਦੇ ਪਿਆਰ 'ਚ ਤੇਰਾ ਜਨਮ ਲੰਘਿਆ ਜਾ ਰਿਹੈ। ਫੇਰ ਬਣਨਾ ਕੁਛ ਨਹੀਂ।

*(ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਬਾਬਾ ਵਰਿਆਮ ਸਿੰਘ ਜੀ ਵਲੋਂ ਮਿਤੀ 7.11. 93 ਨੂੰ ਮੋਹਾਲੀ ਵਿਖੇ ਦਿਤਾ ਗਿਆ ਕੀਰਤਨ ਵਖਿਆਨ, ਫਿਲਮ ਨੰ: 361)*

# ਸ਼ੁਭ ਉਪਦੇਸ਼

*ਸੰਤ ਵਰਿਆਮ ਸਿੰਘ ਜੀ*
*ਵਿ. ਗੁ. ਰੂਹਾਨੀ ਮਿਸ਼ਨ।*

ਜ਼ਬਾਨ ਦਾ ਬੇਕਾਬੂਪਨ, ਝੂਠ, ਤ੍ਰਿਸਕਾਰ, ਨਿੰਦਾ, ਚੁਗਲੀ, ਸਰਾਪ ਦੇਣ ਅਤੇ ਇਹੋ ਜਿਹੀਆਂ ਹੋਰ ਹਰਕਤਾਂ ਵਰਜਿਤ ਹਨ।

"ਹੇ ਇਮਾਨ ਵਾਲਿਓ! ਜਿਸ ਗੱਲ ਉਤੇ ਤੁਸੀਂ ਆਪ ਅਮਲ ਨਹੀਂ ਕਰਦੇ, ਉਸ ਪਰ ਦੂਜਿਆਂ ਨੂੰ ਕਿਉਂ ਵਿਸ਼ਵਾਸ਼ ਬਨ੍ਹਾਉਂਦੇ ਹੋ। ਪ੍ਰਮਾਤਮਾ ਦੀ ਦ੍ਰਿਸ਼ਟੀ ਵਿਚ ਸਭ ਤੋਂ ਘ੍ਰਿਣਾ ਯੋਗ ਗੱਲ ਇਹੋ ਹੈ ਕਿ ਜੋ ਤੁਸੀਂ ਆਪ ਨਹੀਂ ਕਰਦੇ, ਉਹ ਹੋਰਾਂ ਨੂੰ ਕਹਿੰਦੇ ਹੋ।"

(ਕੁਰਾਨ ix, 2-3)

"ਇਹ ਸੱਚੀ ਗੱਲ ਹੈ ਕਿ ਪ੍ਰਮਾਤਮਾ ਉਸਦੀ ਪ੍ਰਦਰਸ਼ਨੀ ਨਹੀਂ ਕਰਦਾ ਜੋ ਹੁਕਮ ਨੂੰ ਉਲੰਘਦਾ ਅਤੇ ਝੂਠ ਮਾਰਨ ਵਾਲਾ ਹੈ।"

(ਕੁਰਾਨ ix, 29)

ਨਬੀ ਨੇ ਕਿਹਾ ਸੀ, "ਜਦੋਂ ਮਨੁੱਖ ਸਵੇਰੇ ਜਾਗਦਾ ਹੈ, ਉਸਦੇ ਜਿਸਮ ਦੇ ਸਾਰੇ ਅੰਗ ਜੀਭ ਰਾਹੀਂ ਉਸਨੂੰ ਪੁਕਾਰ-ਪੁਕਾਰ ਕੇ ਗੰਭੀਰਤਾ ਪੂਰਨ ਬੇਨਤੀ ਕਰਦੇ ਹਨ - ਸਾਡੇ ਲਈ ਖੁਦਾ ਤੋਂ ਡਰੋ, ਕਿਉਂਕਿ ਅਸੀਂ ਤੇਰੇ ਨਾਲ ਜੁੜੇ ਹੋਏ ਹਾਂ। ਜੇ ਤੂੰ ਠੀਕ ਰੂਪ ਵਿਚ ਹੋਵੇਂਗਾ ਤਾਂ ਅਸੀਂ ਵੀ ਆਪਣੇ ਆਪ ਠੀਕ ਤਰ੍ਹਾਂ ਕੰਮ ਕਰਾਂਗੇ। ਇਸ ਦੇ ਉਲਟ ਜੇ ਤੂੰ ਗਲਤ ਰਸਤਾ ਅਪਣਾਏਂਗਾ, ਅਸੀਂ ਵੀ ਤੇਰੇ ਪਿਛੇ ਲਗਾਂਗੇ ਅਤੇ ਨਤੀਜੇ ਵਜੋਂ ਦੁਖ ਭੋਗਾਂਗੇ।"

ਜਦੋਂ ਨਬੀ ਕੋਲੋਂ ਪੁੱਛਿਆ ਗਿਆ ਕਿ ਮੁਕਤੀ ਦਾ ਕਿਹੜਾ ਰਸਤਾ ਹੈ? ਉਸਨੇ ਜੁਆਬ ਦਿਤਾ, "ਆਪਣੀ ਜ਼ਬਾਨ ਉਤੇ ਕਾਬੂ ਰਖੋ। ਆਪਣੇ ਘਰ ਵਿਚ ਹੀ ਇਹ ਅਭਿਆਸ ਕਰਨ ਦਾ ਤੁਹਾਨੂੰ ਮੌਕਾ ਮਿਲ ਸਕਦਾ ਹੈ। ਆਪਣੇ ਪਾਪਾਂ ਪੁਰ ਰੋਵੋ।" ਉਹ ਅੱਗੇ ਚਲ ਕੇ ਫਿਰ ਕਹਿੰਦਾ ਹੈ, "ਭੈੜੀ ਸੰਗਤ ਨਾਲੋਂ ਇਕਾਂਤ ਵਿਚ ਰਹਿਣਾ ਵਧੇਰੇ ਚੰਗਾ ਹੈ। ਇਕਾਂਤ ਵਿਚ ਰਹਿਣ ਨਾਲੋਂ ਚੰਗੀ ਸੰਗਤ ਵਿਚ ਰਹਿਣਾ ਵਧੇਰੇ ਚੰਗਾ ਹੈ, ਅਤੇ ਚੁੱਪ ਸਾਧਨਾ ਨਾਲੋਂ ਕਿਸੇ ਦੇ ਭਲੇ ਵਿਚ ਸ਼ਬਦ ਕਹਿਣੇ ਵਧੇਰੇ ਚੰਗੇ ਹਨ ਅਤੇ ਕਿਸੇ ਨੂੰ ਬੁਰਾ ਭਲਾ ਕਹਿਣ ਨਾਲੋਂ ਚੁਪ ਰਹਿਣਾ ਵਧੇਰੇ ਚੰਗਾ ਹੈ।"

ਸਭ ਤੋਂ ਚੰਗੇ ਉਹ ਲੋਕ ਕਹੇ ਜਾਂਦੇ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਪ੍ਰਮਾਤਮਾ ਦੀ ਯਾਦ ਆ ਜਾਂਦੀ ਹੈ ਅਤੇ ਸਭ ਤੋਂ ਭੈੜੇ ਉਹ ਲੋਕ ਹਨ, ਜੋ ਚੁਗਲੀ ਕਰਦੇ ਹਨ, ਦੋਸਤਾਂ ਵਿਚ ਮੰਦ ਭਾਵਨਾ ਪੈਦਾ ਕਰਦੇ ਹਨ ਅਤੇ ਹੋਰਾਂ ਦੀ ਬਦਨਾਮੀ ਕਰਦੇ ਹਨ ਅਤੇ ਉਨ੍ਹਾਂ ਲਈ ਮੁਸੀਬਤਾਂ ਪੈਦਾ ਕਰਦੇ ਹਨ। ਪ੍ਰਮਾਤਮਾ ਵਿਚ ਵਿਸ਼ਵਾਸ਼ ਰੱਖਣ ਵਾਲਾ ਕਿਸੇ ਦੇ ਵਿਰੁੱਧ ਆਪਣੀ ਜ਼ਬਾਨ ਨਹੀਂ ਵਰਤਦਾ। ਨਾ ਉਹ ਉਸਨੂੰ ਬਦ-ਦੁਆ ਦਿੰਦਾ ਹੈ, ਨਾ ਉਹ ਕਿਸੇ ਨੂੰ ਝਾੜਦਾ ਅਤੇ ਨਾ ਕਿਸੇ ਨੂੰ ਗਾਲ੍ਹਾਂ ਹੀ ਕੱਢਦਾ ਹੈ।

(ਹਦੀਸ ਵਿਚੋਂ)

**ਗੁੱਸਾ** - ਨਬੀ ਨੇ ਆਪਣੇ ਸਾਥੀਆਂ ਕੋਲੋਂ ਪੁੱਛਿਆ, "ਤੁਸੀਂ ਸਭ ਤੋਂ ਵੱਧ ਮਜ਼ਬੂਤ ਜਾਂ ਸ਼ਕਤੀਸ਼ਾਲੀ ਕਿਸਨੂੰ ਮੰਨਦੇ ਹੋ?" ਉਨ੍ਹਾਂ ਨੇ ਜੁਆਬ ਦਿਤਾ, "ਉਹ ਜੋ ਲੋਕਾਂ ਨੂੰ ਪਛਾੜ ਦੇਂਦਾ ਹੈ।" ਨਬੀ ਨੇ ਕਿਹਾ, "ਨਹੀਂ ਉਹੀ ਮਨੁੱਖ ਸ਼ਕਤੀਸ਼ਾਲੀ ਅਤੇ ਮਜ਼ਬੂਤ ਹੈ ਜਿਸਨੇ ਆਪਣੇ ਗੁੱਸੇ ਨੂੰ ਵਸ ਵਿਚ ਕਰ ਲਿਆ ਹੈ।"

(ਹਦੀਸ ਵਿਚੋਂ)

**ਘੁਮੰਡ** - "ਧਰਤੀ ਉਤੇ ਘੁਮੰਡ ਨਾਲ ਨਹੀਂ ਚਲਣਾ ਚਾਹੀਦਾ ਕਿਉਂਕਿ ਤੁਸੀਂ ਧਰਤੀ ਨੂੰ ਦੋ ਫਾੜ ਨਹੀਂ ਕਰ ਸਕਦੇ ਤੇ ਨਾ ਹੀ ਆਪ ਕਿਸੇ ਪਹਾੜ ਦੀ ਉਚਾਈ ਉਤੇ ਹੀ ਪੁਜ ਸਕਦੇ ਹੋ। ਇਸ ਤੋਂ ਇਲਾਵਾ, ਘੁਮੰਡ ਪਾਪ ਹੈ ਜੋ ਪ੍ਰਮਾਤਮਾ ਨੂੰ ਚੰਗਾ ਨਹੀਂ ਲਗਦਾ।"

(ਕੁਰਾਨ xxxvii, 38)

ਨਬੀ ਨੇ ਕਿਹਾ, "ਜਿਸ ਦੇ ਹਿਰਦੇ ਵਿਚ ਇਕ ਅਣੂ ਜਿੰਨਾਂ ਵੀ ਘੁਮੰਡ ਹੈ, ਉਹ ਬਹਿਸ਼ਤ ਵਿਚ ਕਦੇ ਵੀ ਦਾਖਲ ਨਹੀਂ ਹੋ ਸਕਦਾ।" ਇਕ ਆਦਮੀ ਨੇ ਉਸ ਕੋਲੋਂ ਪੁੱਛਿਆ, "ਜੇ ਕੋਈ ਚੰਗੇ ਕੱਪੜੇ ਅਤੇ ਚੰਗੀਆਂ ਜੁੱਤੀਆਂ ਪਹਿਨਣਾ ਚਾਹੇ, ਫਿਰ?" ਨਬੀ ਨੇ ਉਤਰ ਦਿਤਾ, "ਪ੍ਰਮਾਤਮਾ ਹੁਸਨਲ ਜਮਾਲ ਹੈ ਤੇ ਉਹ ਖੁਦ ਹੁਸਨ ਨੂੰ ਪਿਆਰ ਕਰਦਾ ਹੈ। ਘੁਮੰਡ ਕਰਨਾ ਸੱਚ ਤੋਂ ਮੁਨਕਰ ਹੋਣਾ ਹੈ ਅਤੇ ਮਨੁੱਖਾਂ ਨਾਲ ਨਫਰਤ ਕਰਨੀ ਹੈ।"

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥*
*(ਗੁਰਬਾਣੀ - ਪੰਨਾ - 1089*

**ਸ਼ੱਕ** - ਹੇ ਇਮਾਨ ਵਾਲਿਓ! ਵਾਰ-ਵਾਰ ਸ਼ੱਕ ਨਹੀਂ ਕਰਨਾ ਚਾਹੀਦਾ, ਕਿਉਂਕਿ ਕੁਝ ਇਕ ਸ਼ੱਕ ਜੁਰਮ ਹੁੰਦੇ ਹਨ, ਅਤੇ ਇਨ੍ਹਾਂ ਦਾ ਸ਼ਿਕਾਰ ਮਤ ਬਣੋ। ਤੁਹਾਡੇ ਵਿਚੋਂ ਕੋਈ ਵੀ ਕਿਸੇ ਦੀ ਗੈਰ ਹਾਜ਼ਰੀ ਵਿਚ ਉਸਦੇ ਵਿਰੁੱਧ ਮਾੜੀ ਗੱਲ ਨਾ ਕਰੇ। ਕੀ ਤੁਹਾਡੇ ਵਿਚੋਂ ਕੋਈ ਆਪਣੇ ਮਰੇ ਹੋਏ ਭਰਾ ਦਾ ਮਾਸ ਖਾਣ ਦੀ ਇੱਛਾ ਕਰ ਸਕਦਾ ਹੈ? ਯਕੀਨਨ ਤੁਸੀਂ ਅਜਿਹੇ ਕਰਮ ਪ੍ਰਤੀ ਨਫਰਤ ਹੀ ਪ੍ਰਗਟ ਕਰੋਗੇ। ਪ੍ਰਮਾਤਮਾ ਤੋਂ ਡਰੋ। ਉਹ ਮਿਹਰਬਾਨ ਹੋਣ ਲਈ ਤਿਆਰ ਖੜ੍ਹਾ ਹੈ।

(ਕੁਰਾਨ xxxix, 12)

**ਈਰਖਾ** - ਨਬੀ ਨੇ ਕਿਹਾ, "ਹੋਰਾਂ ਦੇ ਮਨੋਰਥਾਂ ਉਤੇ ਸ਼ੱਕ ਕਰਨੋਂ ਬਚੋ ਕਿਉਂ ਜੁ ਸ਼ੱਕ ਕਰਨਾ ਬੜੀ ਕਮੀਨੀ ਜਿਹੀ ਗੱਲ ਹੈ। ਹੋਰਾਂ ਦੀਆਂ ਕਮਜ਼ੋਰੀਆਂ ਮਤ ਛਾਂਟੋ। ਹੋਰਾਂ ਦੀ ਜਸੂਸੀ ਕਰਨ ਲਈ ਉਨ੍ਹਾਂ ਦੇ ਵਿਸ਼ਵਾਸ਼ ਨੂੰ ਮਤ ਚੁਰਾਓ। ਨਾ ਕਿਸੇ ਨਾਲ ਈਰਖਾ ਕਰੋ, ਨਾ ਹੀ ਦੁਸ਼ਮਨੀ। ਨਾ ਹੀ ਕਿਸੇ ਪ੍ਰਤੀ ਆਪਣੇ ਅੰਦਰ ਮਾੜੀ ਭਾਵਨਾ ਰਖੋ। ਕਿਸੇ ਵਲੋਂ ਮੂੰਹ ਨਾ ਮੋੜੋ। ਇਸਦੇ ਉਲਟ, ਹੇ ਪ੍ਰਮਾਤਮਾ ਦੇ ਸੇਵਕੋ, ਪ੍ਰਮਾਤਮਾ ਇਹੋ ਚਾਹੁੰਦਾ ਹੈ ਕਿ ਤੁਸੀਂ ਇਕ ਦੂਜੇ ਦੇ ਭਰਾ ਬਣ ਕੇ ਰਹੋ।"

ਨਬੀ ਨੇ ਕਿਹਾ, "ਆਪਣੇ ਆਪ ਨੂੰ ਈਰਖਾ ਦੀ ਬੀਮਾਰੀ ਤੋਂ ਬਚਾਓ। ਜਿਵੇਂ ਅੱਗ ਲੱਕੜੀ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ,

ਇਸੇ ਤਰ੍ਹਾਂ ਈਰਖਾ ਮਨੁੱਖਾਂ ਦੇ ਗੁਣਾਂ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ।"

(ਹਦੀਸ ਵਿਚੋਂ)

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਦਾ ਕਦੇ ਨ ਹੋਵੀ ਭਲਾ॥*

*(ਗੁਰਬਾਣੀ - ਪੰਨਾ - 308)*

ਧੋਖਾ ਤੇ ਕਪਟ – "ਉਨ੍ਹਾਂ ਲਈ ਸਾਡੇ ਕੋਲ ਮਤ ਵਕਾਲਤ ਕਰੋ ਜੋ ਆਪਣੇ ਆਪ ਨੂੰ ਧੋਖਾ ਦਿੰਦੇ ਹਨ ਕਿਉਂਕਿ ਪ੍ਰਮਾਤਮਾ ਧੋਖੇਬਾਜ਼ਾਂ ਅਤੇ ਮੁਜ਼ਰਮਾਂ ਨੂੰ ਪਿਆਰ ਨਹੀਂ ਕਰਦਾ।"

(ਕੁਰਾਨ iv – 107)

"ਕਪਟੀਆਂ ਨੂੰ ਐਲਾਨੀਆਂ ਤੌਰ ਤੇ ਕਹਿ ਦਿਓ ਕਿ ਉਨ੍ਹਾਂ ਨੂੰ ਦੁਖਦਾਈ ਸਜ਼ਾ ਮਿਲੇਗੀ।"

(ਕੁਰਾਨ iv –138)

ਜਦੋਂ ਕਿਆਮਤ ਦੇ ਦਿਨ ਪ੍ਰਮਾਤਮਾ ਅਗਲੇ ਪਿਛਲੇ ਸਭ ਲੋਕਾਂ ਨੂੰ ਇਕੱਠਿਆਂ ਕਰੇਗਾ, ਹਰ ਧੋਖੇਬਾਜ਼ ਇਨਸਾਨ ਕੋਲ ਇਕ ਝੰਡਾ ਗਡਿਆ ਜਾਏਗਾ ਜੋ ਇਸ ਨਾਲ ਪਹਿਚਾਣਿਆ ਜਾਏਗਾ ਅਤੇ ਕਿਹਾ ਜਾਏਗਾ ਕਿ ਇਹ ਫਲਾਣਾ ਆਦਮੀ ਹੈ ਜੋ ਧੋਖੇਬਾਜ਼ ਹੈ।

(ਹਦੀਸ ਵਿਚੋਂ)

ਉਨ੍ਹਾਂ ਨੂੰ ਅਮਾਨਤ ਮੋੜ ਦਿਓ ਜਿਨ੍ਹਾਂ ਤੁਹਾਡੇ ਪਾਸ ਹਫਾਜ਼ਤ ਲਈ ਅਮਾਨਤ ਰੱਖੀ ਹੈ। ਉਨ੍ਹਾਂ ਨਾਲ ਝੂਠ ਦਾ ਵਿਵਹਾਰ ਮਤ ਕਰੋ ਜਿਨ੍ਹਾਂ ਨੇ ਤੁਹਾਡੇ ਨਾਲ ਝੂਠਾ ਵਰਤਾਓ ਕੀਤਾ ਹੈ।

(ਹਦੀਸ ਵਿਚੋਂ)

ਕਠੋਰ ਦਿਲੀ – ਮੈਂ ਨਬੀ ਨੂੰ ਇਹ ਕਹਿੰਦੇ ਸੁਣਿਆ, "ਦਇਆ ਦਾ ਗੁਣ ਉਸ ਦਿਲ ਵਿਚ ਕਦੇ ਵੀ ਨਹੀਂ ਜਾਗ ਸਕਦਾ ਜੋ ਪੱਥਰ ਦਿਲੀ ਵਿਚ ਪ੍ਰਸੰਨ ਹੁੰਦੇ ਹਨ। ਹੋਰਾਂ ਦੇ ਦੁਖਾਂ ਉਤੇ ਖੁਸ਼ੀ ਮਤ ਪ੍ਰਗਟ ਕਰੋ। ਕੌਣ ਜਾਣਦਾ ਹੈ ਪ੍ਰਮਾਤਮਾ ਉਸਨੂੰ ਦੁਖਾਂ ਤੋਂ ਅਜ਼ਾਦ ਕਰ ਦੇਵੇ ਅਤੇ ਉਸਦੀ ਥਾਂ ਉਹ ਦੁੱਖ ਤੁਹਾਡੇ ਉਤੇ ਹੀ ਲੱਦ ਦੇਵੇ।"

(ਹਦੀਸ ਵਿਚੋਂ)

*ਗੁਰਬਚਨ ਸਿੰਘ ਤਾਲਿਬ ਦੀ ਪੁਸਤਕ*
*"ਸੰਸਾਰ ਦੇ ਕੁਝ ਮੁਖ ਧਰਮ" ਵਿਚੋਂ ਧੰਨਵਾਦ ਸਹਿਤ।*


With best compliments from :

**NITIN ROAD LINES OF INDIA (P) LTD.**

24, Transport Area, Chandigarh
Phone : 770826, 770621
***Welcome Customers***


*For safe & secure transportation of your goods*

# ਸਿਮਰਨ ਵਿਧੀ

***ਡਾ. ਸੁਆਮੀ ਵੇਦ ਭਾਰਤੀ ਜੀ (ਰਿਸ਼ੀਕੇਸ਼)* D.Lit.,**

(ਰਤਵਾੜਾ ਸਾਹਿਬ 7, 8 ਅਤੇ 9 ਅਕਤੂਬਰ 1994 ਦੇ ਮਹਾਨ ਗੁਰਮਤਿ ਸਮਾਗਮ ਨੂੰ
ਡਾ. ਵੇਦ ਭਾਰਤੀ ਜੀ ਦਾ ਦਿਤਾ ਵਖਿਆਨ)

ਜਿਨ੍ਹਾਂ ਦੇ ਆਤਮਾ ਵਿਚ ਹਮੇਸ਼ਾ, 24 ਘੰਟੇ, ਬਾਰਾਂਮਾਂਹ, ਪ੍ਰਮਾਤਮਾ ਦੀ ਜੋਤ ਦਾ ਪ੍ਰਕਾਸ਼ ਹਜ਼ਾਰ ਹਜ਼ਾਰ ਸੂਰਜਾਂ ਅੰਦਰ ਬਲਦਾ ਰਹਿੰਦਾ ਹੈ, ਉਨ੍ਹਾਂ ਸੰਤ ਸ਼੍ਰੋਮਣੀਆਂ ਦੇ ਚਰਨਾਂ ਦੀ ਧੂਲ ਦੇ ਇਕ-ਇਕ ਕਣ ਦੇ ਸਾਹਮਣੇ ਆਪਣਾ ਮੱਥਾ ਟੇਕਦਾ ਹਾਂ, ਕਿ ਸੰਤਾਂ ਦੀ ਸੰਗਤ ਦੇ, ਲੱਖਾਂ ਲੱਖ ਭਗਤ ਜੋ ਤਕਲੀਫਾਂ ਦੇ, ਮੁਸ਼ਕਲਾਂ ਦੇ, ਕਿੰਨੇ ਦਰਿਆ - ਚੌੜੇ-ਚੌੜੇ ਦਰਿਆ ਪਾਰ ਕਰਕੇ ਏਥੇ ਆਪਨੇ ਕੰਨਾਂ ਨਾਲ ਅੰਮ੍ਰਿਤ ਚੱਖਣ ਆਏ ਨੇ। ਉਸ ਸੰਗਤ ਦੇ ਅੰਦਰ ਜਿਹੜੀ ਬਾਣੀ ਜਾਏਗੀ, ਉਸ ਬਾਨੀ ਨੂੰ ਜਿਥੇ ਜਿਥੇ ਲਿਜਾਣਗੇ, ਉਥੇ ਉਥੇ, ਉਸ ਪਿੰਡ ਵਿਚ, ਉਸ ਸ਼ਹਿਰ ਵਿਚ ਪਵਿੱਤਰਤਾ ਆ ਜਾਏਗੀ। ਪਰ ਇਸ ਵਾਸਤੇ ਏਸ ਸੰਗਤ ਦੇ ਸਾਰੇ ਬੰਦਿਆਂ ਦੇ ਅੰਦਰ, ਸਾਰੀਆਂ ਮਾਂਵਾਂ ਦੇ ਅੰਦਰ ਜਿਹੜਾ ਈਸ਼ਵਰ ਜੋਤੀ ਸਰੂਪ ਵਸਦਾ ਹੈ, ਮੈਂ ਓਹਨੂੰ ਸਿਰ ਝੁਕਾ ਕੇ, ਹਥ ਜੋੜ ਕੇ ਆਪਣੇ ਦਿਲ ਦਿਮਾਗ ਦੇ ਨਾਲ ਪ੍ਰਣਾਮ ਕਰਦਾ ਹਾਂ। ਸਾਰੇ ਗੁਰਮਤਿ ਦਾ ਰਹੱਸ ਇਕ ਸ਼ਬਦ ਵਿਚ ਹੈਗਾ। ਉਹ ਸ਼ਬਦ ਹੈ 'ਨਾਮ', 'ਨਾਮ ਸਿਮਰਨ' - *'ਸਿਮਰਨ ਬਿਨ ਆਤਮ ਘਾਤੀ।'* ਜਿਹਨੂੰ ਓਸ ਨਾਮ ਦੇ ਨਾਲ ਪਿਆਰ ਹੋ ਜਾਂਦਾ ਏ, ਓਹਨੂੰ ਦੁਨੀਆਂ ਦੇ ਸਾਰੇ ਦੂਜੇ ਪਿਆਰ ਨਿੱਕੇ ਨਿੱਕੇ ਜਿਹੇ, ਛੋਟੇ ਛੋਟੇ ਜਿਹੇ ਲਗਦੇ ਨੇ। ਓਹਦੇ ਅੰਦਰ ਸਾਰੇ ਪ੍ਰਾਣੀਆਂ ਦੇ ਪ੍ਰਤੀ ਇਕ ਤਰ੍ਹਾਂ ਦਾ ਪਿਆਰ ਦਾ ਸਮੁੰਦਰ, ਸਾਗਰ ਉਛਾਲੇ ਮਾਰਦਾ ਹੈ।



ਸੰਤ ਭਗਤ ਨਾਮਦੇਵ ਜੀ ਮਹਾਰਾਜ ਯਾਤਰਾ ਤੇ ਜਾ ਰਹੇ ਸੀ। ਸ਼ਾਮ ਨੂੰ ਪੜਾਅ ਪਾਇਆ (ਕੀਤਾ)। ਮਸਾਂ ਇਕ ਰੋਟੀ ਵਾਸਤੇ, ਇਕ ਰੋਟੀ ਬਣਾਨ ਵਾਸਤੇ ਓਨਾ ਦੀ ਪੋਟਲੀ ਵਿਚ ਆਟਾ ਸੀ। ਰੋਟੀ ਬਣਾਈ ਤੇ ਕੁਤਾ ਆ ਕੇ ਲੈ ਕੇ ਭੱਜ ਗਿਆ। ਓਹਦੇ ਪਿਛੇ ਪਿਛੇ ਭੱਜਦੇ ਨੇ- ਹੱਥ 'ਚ ਘਿਓ ਦੀ ਕਟੋਰੀ ਲੈ ਕੇ, ਭਗਵਾਨ ਜੀ! ਸੂਖੀ ਨਾ ਖਾਇਓ। ਉਹ ਕੁੱਤਾ ਤਾਂ ਭੱਜ ਗਿਆ, ਸਾਰੀ ਰਾਤ ਕਰਵਟਾਂ ਬਦਲਦੇ ਰਹੇ, ਹਾਏ! ਭਗਵਾਨ ਸੂਖੀ ਰੋਟੀ ਲੈ ਕੇ ਚਲੇ ਗਏ। ਏਸੇ ਵਾਸਤੇ ਓਨਾਂ ਦਾ ਨਾਮ ਹੈਗਾ - ਨਾਮਦੇਵ। ਮੈਂ ਆਪ ਸਾਰੇ ਬੰਦਿਆਂ ਤੋਂ, ਮਾਂਵਾਂ ਤੋਂ ਇਕੋ ਈ ਅਰਜ਼ ਕਰਦਾ ਹਾਂ, ਇਕ ਬੇਨਤੀ ਕਰਦਾ ਹਾਂ ਕਿ ਅਪਣੇ ਆਪਨੂੰ ਓਸ ਨਾਮ ਦੇ ਸਿਮਰਨ ਵਿਚ ਡੁਬਾ ਦਉ, ਬਾਰ ਬਾਰ ਓਹਦੇ ਅੰਦਰ ਡੁਬਕੀ ਲਾਓ। ਲੋਕੀ ਕਹਿੰਦੇ ਨੇ ਸਾਡੇ ਕੋਲ ਅੱਜ ਕਲ ਟਾਈਮ ਨਹੀਂ ਐ, ਸਮਾਂ ਨਹੀਂ ਐ ਪਰ ਇਕ ਕਲਾ ਇਹੋ ਜਿਹੀ ਐ - ਵੇਦਾਂ 'ਚ ਕਿਹਾ ਹੈ ਕਿ ਨਾਮ ਦਾ ਨਾਮ ਦੀ ਅਗਨੀ ਵਿਚ ਹਵਨ ਕੀਤਾ ਜਾਂਦਾ ਹੈ। ਇਹ ਕਿਸ ਤਰ੍ਹਾਂ ਕਰੀਦਾ ਹੁੰਦਾ ਹੈ, ਓਹਦੀ ਕਲਾ ਹੈ ਜੋ ਸਾਨੂੰ ਗੁਰੂ ਦੀ ਕਿਰਪਾ ਦੇ ਨਾਲ ਮਿਲਦੀ ਐ। ਇਹ ਜਿਹੜਾ ਨਾਮ ਹੈ, ਇਹਦਾ ਸਿਮਰਨ ਕਦ ਕਰੀਏ? ਸਵੇਰੇ ਸ਼ਾਮ ਤਾਂ ਕਰੀਏ ਹੀ, ਪਰ ਇਕ ਤਰੀਕਾ ਹੋਰ ਵੀ ਹੈ। ਚਲਦੇ ਫਿਰਦੇ, ਜਿਥੇ ਖਲੋਤੇ ਹੋਏ ਓਂ, ਬੱਸ ਨੂੰ ਉਡੀਕਦੇ ਓਂ; ਓਥੇ ਵੀ ਮਨ ਦੇ ਵਿਚ ਜੋ ਨਾਨਾ ਪ੍ਰਕਾਰ ਦੇ ਵਿਚਾਰ ਆ ਰਹੇ ਨੇ, ਓਨਾਂ ਵਿਚਾਰਾਂ ਨੂੰ ਛੱਡ ਕੇ ਸਿਰਫ ਮਨ ਦੇ ਅੰਦਰ ਨਾਮ ਦਾ ਵਿਚਾਰ ਆਉਣ ਦਿਓ। ਜਿਸ ਟਰੈਕਟਰ ਤੇ ਬੈਠ ਕੇ ਤੁਸੀਂ ਹੱਲ ਚਲਾ ਰਹੇ ਹੋਂ, ਓਥੇ ਬੈਠੇ ਹੋਏ ਮਨ ਦੇ ਵਿਚ ਜਿਹੜੇ ਜਿਹੜੇ ਦੂਜੇ ਦੂਜੇ ਵਿਚਾਰ, ਵਖਰੀਆਂ ਵਖਰੀਆਂ ਗੱਲਾਂ ਦੁਨੀਆਂ ਦੀਆਂ, ਜਿਨ੍ਹਾਂ ਦਾ ਕੋਈ ਮਤਲਬ ਨਹੀਂ ਹੈ, ਜਿਨ੍ਹਾਂ ਨਾਲ ਕਿਸੀ ਦਾ ਕੋਈ ਫਾਇਦਾ ਹੋਣਾ ਨਹੀਂ ਹੈ, ਅਪਨਾ ਕੋਈ ਫਾਇਦਾ ਹੋਨਾ ਨਹੀਂ ਹੈ; ਰਾਗ ਦਵੈਸ਼ ਦੇ, ਕਾਮ ਕਰੋਧ ਦੇ ਜਿਹੜੇ ਜਿਹੜੇ ਵਿਚਾਰ ਉਸ ਵਕਤ ਆ ਰਹੇ ਨੇ, ਓਨ੍ਹਾਂ ਨੂੰ ਛੱਡ ਕੇ, ਨਿਕਾਲ ਕੇ, ਅਪਨੇ ਅੰਦਰ ਸਿਰਫ ਨਾਮ ਉਜਾਗਰ ਕਰੋ। ਕੰਮ ਕਰਦੇ ਹੋਏ, ਚਲਦੇ ਫਿਰਦੇ ਕਰੋ, ਤਾਂ ਫੇਰ ਤੁਹਾਨੂੰ ਜੋ ਗਤੀ ਮਿਲੇਗੀ, ਬਹੁਤ ਜਲਦੀ ਸਰਵਉਚ ਗਤੀ, ਪਰਮ ਗਤੀ ਤੁਹਾਨੂੰ ਪ੍ਰਾਪਤ ਹੋਵੇਗੀ। ਇਹ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ।

ਮਾਤਾ ਜੀ, ਤੁਹਾਨੂੰ ਮੈਂ ਇਕ ਗੱਲ ਦੱਸਦਾ ਹਾਂ। ਜਿਸ ਵੇਲੇ ਤੁਸਾਂ ਅਪਨੇ ਬੱਚੇ ਨੂੰ ਦੁਧ ਦੀ ਘੁੱਟੀ ਪਿਲਾ ਰਹੀ ਹੋਂ, ਓਸ ਵਕਤ ਜੋ ਤੁਹਾਡੇ ਮਨ ਦੇ ਵਿਚਾਰ ਹੁੰਦੇ ਨੇ, ਓਹ ਓਸ ਬੱਚੇ ਦੇ ਮਨ ਦੇ ਅੰਦਰ ਜਾਂਦੇ ਨੇ। ਤੇ ਜੇ ਇਸ ਦੁਨੀਆਂ ਵਿਚ ਅਸੀਂ ਉਹ ਅੱਛੇ ਨਾਗਰਿਕ ਬਣਾਣੇ ਨੇ ਤਾਂ ਓਹ ਬਣਦੇ ਨੇ ਮਾਂ ਦੀ ਘੁੱਟੀ ਦੇ ਨਾਲ; ਪਿਛੇ ਜਾ ਕੇ ਕੁਛ ਨਹੀਂ ਹੁੰਦਾ। ਪਰ ਜਿਸ ਵਕਤ ਤੁਸੀਂ ਓਸ ਬੱਚੇ ਨੂੰ ਦੁੱਧ ਦੀ ਘੁੱਟੀ ਪਿਲਾ ਰਹੇ ਹੋ, ਓਸ ਵਕਤ ਅਪਨੇ ਮਨ ਦੇ ਅੰਦਰ 'ਨਾਮ', ਜਿਹੜਾ ਕਿ ਗੁਰੂ ਨੇ ਦਿਤਾ ਹੈ, ਓਹਨੂੰ ਵਸਾ ਕੇ ਰੱਖੋ, ਉਹਨੂੰ ਰਚਾ ਦਿਓ ਅਪਨੇ ਦੁੱਧ ਵਿਚ, ਤੇ ਉਹ ਜਿਹੜਾ ਬੱਚਾ ਨਾਗਰਿਕ

ਬਣੇਗਾ; ਓਸ ਦੁਨੀਆਂ ਦਾ ਨੇਤਾ ਬਣੇਗਾ, ਦੁਨੀਆਂ ਨੂੰ ਚੰਗੇ ਰਸਤੇ ਤੇ ਲਿਜਾਏਗਾ ਔਰ ਬਿਨਾਂ ਸੁਆਰਥ ਕੇ ਦੁਨੀਆਂ ਦੀ ਸੇਵਾ ਕਰੇਗਾ।

ਮੈਂ ਤੁਹਾਨੂੰ ਛੋਟੀਆਂ ਛੋਟੀਆਂ ਗੱਲਾਂ ਦੱਸ ਰਿਹਾ ਹਾਂ। ਮਾਂ ਕਹਿੰਦੀ ਐ, ਮੈਂ ਰੋਟੀ ਬਣਾ ਰਹੀਂ ਆਂ, ਆਲੂ ਕੱਟ ਰਹੀਂ ਆਂ, ਗਾਜਰ ਛਿਲ ਰਹੀ ਆਂ; ਬੱਚਾ ਪਾਲਨੇ 'ਚ ਪਿਆ ਐ - ਏਕ ਦੂਜੇ ਕਮਰੇ ਵਿਚ। ਓਹ ਸਾਰੇ ਦੇ ਸਾਰੇ ਕੰਮ ਕਰਦੀ ਹੋਈ ਵੀ ਓਹਦਾ ਇਕ ਮਨ ਦਾ ਜਿਹੜਾ ਸੂਤਰ ਹੈ, ਧਾਗਾ ਹੈ, ਓਹ ਓਸ ਪਾਲਨੇ ਦੇ ਨਾਲ ਬੰਧਾ ਰਹਿੰਦਾ ਹੈ। ਇਸੇ ਤਰ੍ਹਾਂ ਭਗਵਾਨ ਨੂੰ, ਈਸ਼ਵਰ ਨੂੰ, ਅਕਾਲ ਪੁਰਖੁ ਨੂੰ ਦਿਲ ਦੀ ਇਕ-ਇਕ ਧੜਕਨ ਦੇ ਨਾਲ, ਅਪਨੇ ਅੰਦਰ ਨਾ.... ਮ, ਨਾ.... ਮ, ਨਾ.... ਮ, ਨਾ.... ਮ ਤੁਹਾਡਾ ਚਲਦਾ ਰਹੇ। ਦੁਨੀਆਂ ਦੇ ਜਿਤਨੇ ਕਰਮ ਹੈਂ, ਦੁਨੀਆਂ ਦੀ ਜਿਤਨੀ ਇਛਾਏਂ ਹੈਂ, ਦੁਨੀਆਂ ਵਾਲੀ ਜਿਤਨੀ ਵੱਖਰੀ ਵੱਖਰੀ ਕਾਮਨਾਏਂ ਹੈਗੀ; ਓਹ ਲਿਪਟ ਜਾਂਦੀਆਂ ਨੇ, ਸਾਡੇ ਮਨ ਤੇ ਸਾਡੇ ਪ੍ਰਾਣ ਨੂੰ ਰੋਕ ਦੇਂਦੀਆਂ ਨੇ। ਪਰ ਜਿਹੜੇ ਮਨ ਦੇ ਅੰਦਰ ਨਾਮ ਵਸ ਗਿਆ ਹੈ, ਨਾਮ ਰਚ ਗਿਆ ਹੈ, ਜੋ ਨਾਮ ਨੂੰ ਫੜ ਕੇ ਪਿਆਰ ਨਾਲ, ਉਹਦੇ ਨਾਲ ਲਿਪਟ ਗਿਆ ਐ ਜਿਹਦਾ ਮਨ, ਓਹਦੇ ਮਨ, ਪ੍ਰਾਣ, ਆਤਮਾ ਨੂੰ ਕਦੀ ਦੁਨੀਆਂ ਦੇ ਕੰਮਾਂ ਦੇ ਜਿਹੜੇ ਪਾਪ ਹੈਗੇ ਨੇ, ਰਾਗ ਦਵੈਸ਼ ਹੈਗੇ ਨੇ; ਕਦੇ ਨਹੀਂ ਲਿਪਟਦੇ। ਏਸ ਤਰ੍ਹਾਂ ਦੁਨੀਆਂ ਦੇ ਕੰਮ ਕਰਦੇ ਹੋਏ, ਦੁਨੀਆਂ ਦੇ ਅੰਦਰ ਚਲਦੇ ਹੋਏ, ਤੁਸੀਂ ਨਾਮ ਦੁਆਰਾ ਆਪਣੇ ਆਪ ਨੂੰ ਪਵਿੱਤਰ ਕਰ ਸਕਦੇ ਹੋਂ। ਜਦੋਂ ਤੁਸੀਂ ਆਪਣੇ ਆਪ ਨੂੰ ਪਵਿੱਤਰ ਕਰਦੇ ਹੋਂ; ਜਿਤਨਾ ਪਵਿੱਤਰ ਕਰਦੇ ਹੋਂ, ਓਨਾਂ ਓਨਾਂ ਏਹ ਜੋ ਤੁਹਾਡੇ ਮਨ ਦਾ ਕਲਸਾ ਹੈ, ਵਧਦਾ ਜਾਂਦਾ ਹੈ, ਵੱਡਾ ਹੁੰਦਾ ਜਾਂਦਾ ਹੈ, ਸਾਗਰ ਵਾਂਗਰ ਹੋ ਜਾਂਦਾ ਹੈ, ਓਹਦੇ ਅੰਦਰ ਗੁਰੂ ਦੀ ਕਿਰਪਾ ਦਾ ਰਸ ਉਛਾਲਾ ਮਾਰਨ ਲਗਦਾ ਹੈ। ਇਸ ਤਰ੍ਹਾਂ ਦਾ ਆਨੰਦ ਆਉਂਦਾ ਹੈ ਓਹਦੇ ਅੰਦਰ, ਐਸੀ ਤਰੰਗ ਆਉਂਦੀ ਏ ਕਿ ਉਹ ਤਰੰਗ ਓਹਦੇ ਅੰਦਰ ਜਿਹੜੀ ਉਠਦੀ ਏ, ਓਹਦੇ ਨਾਲ ਸਾਰੀ ਦੁਨੀਆਂ ਪਵਿੱਤਰ ਹੋ ਜਾਂਦੀ ਏ, ਸਾਰੀ ਦੁਨੀਆਂ ਜਾ ਕਰਕੇ ਓਸਨੂੰ ਤੀਰਥ ਮੰਨਦੀ ਏ, ਜਿਸ ਤਰ੍ਹਾਂ ਐਥੇ ਤੁਸੀਂ ਆਪਣੇ ਸੰਤ ਸ਼੍ਰੋਮਣੀ ਜੀ (ਸੰਤ ਬਾਬਾ ਵਰਿਆਮ ਸਿੰਘ ਜੀ) ਨੂੰ ਤੀਰਥ ਮਾਨ ਕੇ ਆਏ ਓਂ, ਏਸ ਤਰ੍ਹਾਂ ਓਹ ਸਾਰੀ ਦੁਨੀਆਂ ਤੁਹਾਨੂੰ ਵੀ ਤੀਰਥ ਮੰਨ ਸਕਦੀ ਏ, ਤੁਸਾਂ ਵੀ ਵੈਸੇ ਹੀ ਬਨ ਸਕਦੇ ਹੋਂ।

ਸਚ ਇਹ ਹੈ - ਦੁਨੀਆਂ ਦਾ ਹਰੇਕ ਆਦਮੀ ਸੰਤ ਬਨਣ ਲਾਇਕ ਹੈ। ਦੁਨੀਆਂ ਦਾ ਹਰੇਕ ਬੰਦਾ, ਦੁਨੀਆਂ ਦੇ ਅੰਦਰ ਜਿੰਨੀ ਮਾਂਵਾਂ ਹੈਗੀਆਂ ਨੇ, ਸਾਰੀਆਂ ਦੀ ਸਾਰੀਆਂ ਸੰਤ ਹੋ ਸਕਦੀ ਐਂ, ਤੀਰਥ ਹੋ ਸਕਦੀ ਐਂ। ਗੰਗਾ ਜਮਨਾ ਦੇ ਘਾਟ ਜਾ ਕਰ ਕੇ ਕੁਲ ਦੁਨੀਆਂ ਨੂੰ ਨਹਾਣ ਦੀ, ਮਜਨ ਦੀ ਕੋਈ ਜ਼ਰੂਰਤ ਨਹੀਂ ਪਏਗੀ। ਤੁਹਾਡੇ ਪਾਸ ਆ ਕਰਕੇ ਤੁਹਾਡੀ ਉਪਸਥਿਤੀ ਵਿਚ ਉਨ੍ਹਾਂ ਨੂੰ ਸਾਰੀ ਪਵਿੱਤਰਤਾ ਮਿਲ ਜਾਏਗੀ। ਨਾਮ-ਨਾਮ-ਨਾਮ ਜਪੋ ਤੇ ਨਾਮ ਜਿਹੜਾ ਜਪਦਾ ਹੈ, ਓਹਦੇ ਮਨ ਦੇ ਅੰਦਰ ਇਕ ਤਰ੍ਹਾਂ ਦਾ ਮੋਨ ਆ ਜਾਂਦਾ ਹੈ; ਓਹਦੇ ਕੁਛ ਲਕਸ਼ਣ ਹੈਗੇ ਨੇ।

ਜਿਹੜਾ ਨਾਮ ਜਪਦਾ ਹੈ, ਓਹਦੇ ਮਨ ਦੇ ਅੰਦਰ ਇਤਨੀ ਸ਼ਾਂਤੀ ਆ ਜਾਂਦੀ ਐ ਕਿ ਓਹਨੂੰ ਫੇਰ ਦੁਨੀਆਂ ਦੀਆਂ ਗੱਲਾਂ ਕਰਨ ਦਾ ਜੀਅ ਨਹੀਂ ਕਰਦਾ। ਤਾਂ ਤੁਸੀਂ ਕਹਿੰਦੇ ਓਂ ਕਿ ਦੁਨੀਆਂ ਤਾਂ ਸਾਡੇ ਨਾਲ ਗੱਲਾਂ ਕਰਨਾ ਚਾਹੁੰਦੀ ਐ; ਕੋਈ ਸਾਡਾ relative ਹੈ, ਕੋਈ ਸੰਬੰਧੀ ਹੈ, ਕੋਈ ਬੇਟਾ ਹੈ, ਕੋਈ ਮਾਂ ਹੈ; ਤਾਂ ਓਹਨਾਂ ਦੇ ਨਾਲ ਗੱਲ ਕਰਦੇ ਹੋਏ ਵੀ ਮਨ ਦਾ ਇਕ ਹਿੱਸਾ ਐਸਾ ਹੈਗਾ ਐ ਜੀ, ਜੋ ਛਿਪਾ ਹੋਆ ਹੈ; ਓਹ ਜਿਹੜਾ ਮਨ ਦਾ ਹਿੱਸਾ ਹੈਗਾ, ਓਹਦੇ ਅੰਦਰ ਨਾਮ ਚਲਦਾ ਰਹਨਾ ਚਾਹੀਦੈ। ਇਹ ਤਰੀਕਾ, ਰਹੱਸ ਦਾ ਤਰੀਕਾ; ਗੁਫਾ ਦੇ ਅੰਦਰ - ਏਹ ਜਿਹੜੀ ਤੁਹਾਡੀ ਸਰੀਰ ਰੂਪੀ ਗੁਫਾ ਹੈ, ਏਹਦੇ ਅੰਦਰ ਬਹੁਤ ਗਹਿਰਾ ਜਾ ਕੇ ਓਹ ਥਾਂ ਹੈਗਾ, ਜਿਥੇ ਦੁਨੀਆਂ ਦੇ ਕੰਮ ਕਰਦੇ ਹੋਏ, ਦੁਨੀਆਂ ਨਾਲ ਗੱਲਾਂ ਕਰਦੇ ਹੋਏ, ਤੁਸੀਂ ਨਾਮ ਜਾਪ ਕਰ ਸਕਦੇ ਹੋਂ। ਏਹ ਬਹੁਤ ਪਿਆਰਾ ਤਰੀਕਾ ਹੈ; ਜਿੰਨਾਂ-ਜਿੰਨਾਂ ਕਰੋਂਗੇ, ਓਨਾਂ-ਓਨਾਂ ਤੁਸੀਂ ਗਹਿਰਾ ਜਾਂਦੇ ਜਾਓਂਗੇ ਤੇ ਜਿਸ ਤਰ੍ਹਾਂ ਪਹਿਲੇ ਅਭੀ ਸੰਤ ਜੀ (ਸੰਤ ਬਾਬਾ ਵਰਿਆਮ ਸਿੰਘ ਜੀ) ਨੇ ਕਿਹਾ ਹੈ, ਓਸ ਤਰ੍ਹਾਂ ਓਹ ਜਿਹੜਾ ਗੁਪਤ ਥਾਉਂ ਹੈ, ਓਥੇ ਤੁਸੀਂ ਪਹੁੰਚ ਜਾਓਂਗੇ। ਤਾਂ ਇਹ ਕਿਸ ਤਰ੍ਹਾਂ ਕਰੀਦਾ ਹੁੰਦਾ ਏ? ਤੁਸਾਂ ਬੈਠੇ ਹੋਏ ਪਰਿਵਾਰ ਨਾਲ ਟੀ. ਵੀ. ਦੇਖ ਰਹੇ ਹੋਂ, ਐਸ ਤਰ੍ਹਾਂ-ਐਸ ਤਰ੍ਹਾਂ ਦੀਆਂ ਗੱਲਾਂ ਦਿਖਦੀਐਂ ਓਥੇ, ਏਸ ਤਰ੍ਹਾਂ ਦੀਆਂ ਗੱਲਾਂ ਕਿ ਆਦਮੀ ਅੱਖਾਂ ਬੰਦ ਕਰ ਲਏ। ਪਰ ਅੱਖ ਬੰਦ ਕਰਨ ਦੀ ਵੀ ਲੋੜ ਨਹੀਂ ਏ, ਮਨ ਨੂੰ ਬੰਦ ਕਰ ਲਓ, ਦੁਨੀਆਂ ਦੇਖਦੀ ਰਹੇ; ਤੁਸਾਂ ਏਸ ਤਰ੍ਹਾਂ ਕਰੋ - ਦੁਨੀਆਂ ਸਮਝੇ ਤੁਸੀਂ ਦੇਖ ਰਹੇਂ ਹੋਂ। ਮਨ ਦੇ ਅੰਦਰ ਨਾਮ ਦੀ ਮਾਲਾ ਚਲਦੀ ਰਹੇ। ਪਰ ਜਿਹੜਾ ਕੁਝ ਆਏਗਾ, ਓਹ ਤੁਹਾਡੀ ਅੱਖਾਂ ਤੱਕ ਆ ਕਰਕੇ ਮਨ ਤੋਂ ਇਸ ਤਰ੍ਹਾਂ ਉਤਰ ਜਾਏਗਾ ਜਿਸ ਤਰ੍ਹਾਂ ਹੰਸ ਦੇ ਪੰਖ ਦੇ ਉਤੇ ਪਾਨੀ ਨਹੀਂ ਠਹਿਰਦਾ।

ਏਸ ਤਰ੍ਹਾਂ ਦੁਨੀਆਂ ਦਾ ਕੋਈ ਪ੍ਰਭਾਵ ਤੁਹਾਡੇ ਉਤੇ ਨਹੀਂ ਰਹੇਗਾ। ਜੇ ਦੁਨੀਆਂ ਦੇ ਕੰਮ ਕਰਦੇ ਹੋਏ, ਦੁਨੀਆਂ ਦੀਆਂ ਚੀਜ਼ਾਂ ਦਾ ਅਨੁਭਵ ਕਰਦੇ ਹੋਏ, ਓਹਦੇ ਨਾਲ-ਨਾਲ ਤੁਹਾਡੇ ਮਨ ਦੇ ਅੰਦਰ ਨਾਮ ਚਲਦਾ ਰਹੇ, ਨਾਮ ਚਲਦਾ ਰਹੇ; ਓਹਨੂੰ ਹਰ ਵੇਲੇ ਸੁਣਦੇ ਰਹੋ, ਹਰ ਵੇਲੇ ਓਸਨੂੰ ਸੁਣਦੇ ਰਹੋ, ਹਰ ਵੇਲੇ ਓਸਦੀ ਜੋਤ ਤੁਹਾਡੇ ਅੰਦਰ ਜਲਦੀ ਰਹੇ; ਇਹ ਜਿਹੜੀ ਚੀਜ਼ ਹੈ, ਇਹਨੂੰ ਸਾਧਨਾ ਕਹਿੰਦੇ ਨੇ। ਏਸੇ ਤਰ੍ਹਾਂ ਦੀ ਸਾਧਨਾ ਕਰਕੇ, ਸ਼ਾਸਤਰਾਂ ਵੇਦਾਂ ਨੂੰ ਪੜ੍ਹਨ ਦਾ, ਗ੍ਰੰਥਾਂ ਨੂੰ ਸੁਨਣ ਦਾ ਇਕੋ ਹੀ ਰਸਤਾ ਐ, ਇਕੋ ਈ ਫਾਇਦਾ ਐ ਕਿ ਅਖੀਰ 'ਚ ਜਾ ਕੇ ਸਿਰਫ ਇਕ ਲਫ਼ਜ਼ ਰਹਿ ਜਾਏ; ਏਹ ਜਿਹੜਾ ਲਫਜ਼ ਗੁਰੂ ਨੇ ਤੁਹਾਡੇ ਮਨ ਵਿਚ ਪਾਇਆ ਏ, ਬਸ ਓਹੀ ਰਹਿ ਜਾਏ; ਔਰ ਕਿਸੀ ਚੀਜ਼ ਦੀ ਯਾਦ ਈ ਨਾ ਆਏ, ਔਰ ਕਿਸੀ ਦੇ ਪਿਆਰ ਜੋ ਹੈਂ, ਦੁਨੀਆਂ ਦੇ ਜਿਹੜੇ ਪਿਆਰ ਹੈਗੇ ਨੇ, ਓਹ ਸਾਰੇ ਦੇ ਸਾਰੇ ਪਿਆਰ ਓਹਦੇ ਅੰਦਰ ਸਮਾਅ ਜਾਣ ਅਤੇ ਜਿਥੇ ਤੁਸੀ ਖਲੋਤੇ ਹੋ ਜਾਓ; ਓਥੇ ਦੁਨੀਆਂ ਦੇ ਲੱਖਾਂ-ਲੱਖਾਂ ਆਦਮੀ ਏਹ ਅਨੁਭਵ ਕਰਨ ਕਿ ਭਾਵੇਂ ਕੁਛ ਹੋ ਜਾਏ, ਪਰ ਏਥੇ ਅਸੀਂ ਆਏ ਹੈਗੇ ਐਂ, ਐਥੇ ਤਾਂ ਸਿਰਫ ਭਗਵਾਨ ਦਾ ਹੀ ਏਨਾ ਪਿਆਰ ਦੁਨੀਆਂ ਦੇ ਪ੍ਰਤੀ ਹੈ; ਓਨਾਂ ਪਿਆਰ ਅਸਾਂ ਨੂੰ ਮਿਲ ਰਿਹਾ ਹੈ। ਜਦੋਂ ਮਿਲਣ ਲੱਗੇਗਾ ਤੁਹਾਡੇ ਕੋਲੋਂ ਦੁਨੀਆਂ ਨੂੰ ਪਿਆਰ, ਤਾਂ ਤੁਹਾਨੂੰ ਪਤਾ ਲਗੇਗਾ ਕਿ ਓਸ ਨਾਮ ਨੇ ਤੁਹਾਡੇ ਅੰਦਰ ਕਿੰਨਾਂ ਪਰਿਵਰਤਨ ਕੀਤਾ ਹੈ; ਤੁਸੀਂ ਕਿਥੇ ਤੇ ਕਿਥੇਂ ਪਹੁੰਚ ਗਏ ਹੋਂ, ਕੀ ਹੋ ਗਏ ਹੋਂ।

ਇਹ ਜਿਹੜਾ ਨਾਮ ਸਿਮਰਨ ਹੈ, ਏਹਦੇ ਕਈ step ਹੈਂ, ਕਈ ਏਹਦੀਆਂ ਮੰਜ਼ਿਲਾਂ ਹੈਗੀਆਂ ਨੇ। ਪਹਿਲਾਂ ਤੁਸੀਂ ਨਾਮ ਦਾ ਕੀਰਤਨ ਕਰਦੇ ਹੋਂ। ਜਦ ਨਾਮ ਦਾ ਕੀਰਤਨ ਕਰਦੇ ਹੋਂ - ਸਾਰੇ ਰਲ ਮਿਲ ਕਰ ਕੇ, ਇਕ ਸਮਾਂ ਆ ਜਾਂਦਾ ਐ, ਦੁਨੀਆਂ ਦੀਆਂ ਬਾਹਰੀ ਅਵਾਜ਼ਾਂ ਸਾਰੀਆਂ ਬੰਦ ਹੋ ਜਾਂਦੀਆ ਨੇ। ਓਸ ਵੇਲੇ ਤੁਹਾਡੀ ਜੀਭ ਦੇ ਅੰਦਰ ਜਿਹੜਾ ਪਿਆਰ ਤੁਸੀਂ ਲੁਕਾ ਕੇ ਰੱਖਿਆ ਹੋਇਆ ਸੀ, ਈਸ਼ਵਰ ਦਾ ਜਿਹੜਾ ਪਿਆਰ ਲੁਕਾ ਛਿਪਾ ਕੇ ਰੱਖਿਆ

ਹੋਇਆ ਸੀ, ਓਹ ਸਾਹਮਣੇ ਆ ਕੇ ਪ੍ਰਗਟ ਹੋ ਜਾਂਦਾ ਏ। ਏਸ ਤਰ੍ਹਾਂ ਦਾ ਸਮਾਂ ਬਣ ਜਾਂਦਾ ਐ ਕਿ ਸਾਰੇ ਦੇ ਸਾਰੇ ਲੋਕੀ ਓਸ ਵੇਲੇ ਕੀਰਤਨ ਦੇ ਵਕਤ ਸਿਰਫ ਏਕ ਹੀ ਚੀਜ਼ ਨੂੰ ਪਿਆਰ ਕਰਦੇ ਐਂ। ਓਹ ਕੌਣ ਸੀ ਚੀਜ਼ ਐ, ਓਹ ਕਿਹੜੀ ਚੀਜ਼ ਏ ਜਿਹਨੂੰ ਪਿਆਰ ਕਰਦੇ ਨੇ – ਓਸ ਵੇਲੇ। ਓਸ ਵੇਲੇ ਜਿਸ ਨਾਮ ਨੂੰ ਸਿਮਰਨ ਕਰ ਰਹੇ ਨੇ, ਜਿਸ ਨਾਮ ਦਾ ਕੀਰਤਨ ਕਰ ਰਹੇ ਨੇ; ਸਾਰੀ ਦੁਨੀਆਂ ਦੇ ਪਿਆਰ ਭੁੱਲ ਕੇ ਓਹ ਇਕ ਨਾਮ, ਉਹ ਸਿਰਫ ਇਕ ਪਿਆਰ ਰਹਿ ਜਾਂਦਾ ਹੈ। ਜਦ ਓਹ ਪਿਆਰ ਇੰਨਾਂ ਵਧ ਜਾਂਦਾ ਹੈ ਕਿ ਬਾਣੀ ਨਾ ਨਿਕਲੇ, ਗਲਾ ਰੁੰਧ ਜਾਏ; ਐਸੇ ਵੇਲੇ ਮੂੰਹ ਬੰਦ ਕਰ ਲਿਓ, ਫਿਰ ਕੀਰਤਨ ਮਨ ਦੇ ਅੰਦਰ ਚਲੇਗਾ; ਚਲਦੇ ਫਿਰਦੇ ਕੀਰਤਨ ਮਨ ਦੇ ਅੰਦਰ ਚਲੇਗਾ, ਤਾਂ ਫਿਰ ਜਾਪ ਸ਼ੁਰੂ ਹੋਣਾ ਹੈ। ਜਬ ਜਾਪ ਸ਼ੁਰੂ ਹੋਣਾ ਹੈ ਤਾਂ ਪਹਿਲਾਂ ਲੋਕੀ ਮੂੰਹ ਨਾਲ ਬੜ-ਬੜਾ ਕੇ ਜਾਪ ਕਰਦੇ ਨੇ। ਓਹਦੇ ਬਾਦ ਹੋਠ ਬੰਦ ਕਰਕੇ ਜੀਭ ਦੇ ਨਾਲ ਜਾਪ ਕਰੀਦਾ ਹੁੰਦਾ ਏ। ਜਦੋਂ ਜੀਭ ਜਾਪ ਕਰਦੀ ਕਰਦੀ ਪਿਆਰ ਦੇ ਵਿੱਚ ਡੁੱਬ ਜਾਂਦੀ ਏ, ਤਾਂ ਫੇਰ ਜੀਭ ਵੀ ਨਹੀਂ ਚਲਦੀ। ਓਹ ਜਿਹੜਾ ਨਾਮ ਹੈਗਾ ਏ, ਓਹ ਗਲੇ ਚੋਂ ਵੀ ਨਹੀਂ ਆਂਦਾ। ਓਹ ਸਿਰਫ ਮਨ ਦੇ ਅੰਦਰ ਆ ਜਾਂਦਾ ਐ, ਸਿਰਫ ਮਨ ਦੇ ਅੰਦਰ ਰਹਿੰਦਾ ਏ। ਓਹ ਮਨ ਦੇ ਵਿਚ ਇਕ ਤਰੰਗ ਵਾਂਗਰ, ਜਿਸ ਤਰ੍ਹਾਂ ਬਿਜਲੀ ਦੀ ਤਰੰਗ ਉਠਦੀ ਹੁੰਦੀ ਏ ਪਰ ਦਿਖਾਈ ਨਹੀਂ ਪੜਦੀ; ਜੇ ਤੁਸੀਂ ਓਥੇ ਹਥ ਲਗਾਇਆ ਏ ਤੇ ਤੁਹਾਨੂੰ ਉਹ ਤਰੰਗ ਪਤਾ ਲਗ ਜਾਂਦੀ ਏ, ਝਟਕਾ ਦਿੰਦੀ ਏ; ਇਸ ਤਰਾਂ ਮਨ ਦੇ ਅੰਦਰ ਓਸ ਨਾਮ ਦੀ ਤਰੰਗ ਉਠਣ ਲਗਦੀ ਏ। ਓਹ ਜਿਹੜਾ ਜਾਪ ਹੈਗਾ ਏ ਜਾਂ ਆਪੇ ਆਪ ਈ ਓਹ ਤਰੰਗ ਉਠਦੀ ਏ; ਜਿਸ ਤਰ੍ਹਾਂ ਬਿਜਲੀ ਦੀ ਤਰੰਗ ਆਪੇ ਹੀ ਆਪ ਉਠਦੀ ਏ। ਉਹਦੀ ਜਿਹੜੀ ਤਾਰ ਏ, ਓਹਨੂੰ ਫੜ ਕੇ ਕੋਈ ਚਲਾਂਦਾ ਨਹੀਂ ਏ – ਆਪੇ ਆਪ ਈ ਉਠਦੀ ਏ। ਇਸ ਤਰ੍ਹਾਂ ਜਿਸ ਵਕਤ ਤੁਹਾਡੇ ਮਨ ਦੇ ਅੰਦਰ ਨਾਮ ਦੀ ਤਰੰਗ ਆਪੇ ਈ ਆਪ ਉਠਣ ਲੱਗੇ, ਓਹਨੂੰ ਕਹਿੰਦੇ ਨੇ – ਅਜਪਾ ਜਾਪ। ਓਹ ਜਿਹੜਾ ਅਜਪਾ ਜਾਪ ਐ, ਓਹ ਸਵੇਰੇ ਉਠਦੇ ਹੀ ਤੁਸੀ ਦੇਖੋਗੇ – ਚਲ ਰਿਹਾ ਸੀ, ਜਦ ਸੋਏ ਹੋਏ ਸੀ। ਰਾਤ ਨੂੰ ਜਿਸ ਵੇਲੇ ਤੁਸੀਂ ਲੇਟ ਜਾਓਗੇ – ਚਲ ਰਿਹਾ ਏ। ਜਾਪ ਦੇ ਅੰਦਰ-ਏ-ਅੰਦਰ ਤੁਸੀਂ ਥੋੜਾ ਜਿਹਾ ਸੌ ਜਾਵੋਂਗੇ ਔਰ ਨੀਂਦ ਦੀ ਗਹਿਰਾਈ ਵਿਚ ਜਿਹੜਾ ਮਨ ਸਪਨੇ ਲੈਂਦਾ ਰਹਿੰਦਾ ਹੈ, ਓਸ ਮਨ ਦੇ ਅੰਦਰ ਤੁਹਾਡਾ ਜਾਪ ਚਲਦਾ ਰਹੇਗਾ। ਅਤੇ ਜਿਹੜੇ ਲੋਕੀ ਤੁਹਾਡੇ ਕੋਲ ਆਉਣਗੇ, ਜਦ ਤੁਸੀਂ ਸੌ ਰਹੇ ਹੋ, ਤੁਹਾਡੇ ਮੂੰਹ ਵਿਚੋਂ ਓਹ ਨਾਮ ਸੁਨਣਗੇ। ਤਾਂ ਕਬੀਰ ਸਾਹਿਬ ਨੇ ਕਿਹਾ ਹੈ –

***ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ॥***
***ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ॥***

***ਪੰਨਾ - 1367***

ਜੋ ਬੰਦਾ, ਜੋ ਮਾਂ ਏਸ ਸਥਿਤੀ ਤੇ ਪਹੁੰਚ ਗਿਆ ਏ, ਏਥੋਂ ਤੀਕਰ ਪਹੁੰਚ ਗਿਆ ਏ ਕਿ ਰਾਤ ਨੂੰ ਸੌਂਦੇ ਸੌਂਦੇ ਓਹਦੇ ਮੂੰਹ ਤੋਂ ਰਾਮ ਦਾ ਨਾਮ ਸੁਣਦਾ ਹੈ, ਦੂਸਰੇ ਬੰਦੇ ਉਹਦੇ ਮੂੰਹ ਤੋਂ ਨਿਕਲਦਾ ਹੋਇਆ ਰਾਮ ਦਾ ਨਾਮ ਸੁਣਦੇ ਨੇ; ਮੈਂ ਆਪਣੇ ਤਨ ਦੀ, ਆਪਣੇ ਸਰੀਰ ਦੀ ਚਾਮ, ਅਪਨੇ ਸਰੀਰ ਦਾ ਚਮੜਾ ਦਿੰਦਾ ਹਾਂ – ਓਹਦੇ ਪੈਰ ਦੀ ਜੁੱਤੀ ਬਣਾਨ ਵਾਸਤੇ; ਏਹ ਕਬੀਰ ਸਾਹਿਬ ਕਹਿ ਗਏ ਨੇ। ਕੀ ਗੱਲ ਕਹੀ ਏ! ਕਿਉਂਕਿ ਓਹਦੇ ਬਾਦ ਫੇਰ ਸਰੀਰ ਨਾਲ ਕੋਈ ਮੋਹ ਨਹੀਂ ਰਹਿੰਦਾ। ਫੇਰ ਤੁਹਾਨੂੰ ਪਤਾ ਲਗਦਾ ਏ ਕਿ ਦੁਨੀਆਂ ਦੇ ਅੰਦਰ ਪੈਦਾਇਸ਼ ਅਤੇ ਮੌਤ ਨਾਮ ਦੀਆਂ ਚੀਜ਼ਾਂ ਹੈ ਈ ਨਹੀਂ। ਹਾਲੇ ਤੁਸਾਂ ਸਮਝਦੇ ਓਂ ਕਿ ਅਕਾਲ ਪੁਰਖ ਕਿਤੇ ਦੂਰ ਹੈਗਾ ਐ, ਕਿਤੇ ਵਸਦਾ ਹੈ। ਕਿਥੇ ਵਸਦਾ ਹੈ! ਸੋ ਪਤਾ ਨਹੀਂ ਹੈ। ਅਸਾਂ ਉਚਾ-ਉਚਾ ਬੋਲ ਕੇ ਸੋਚਦੇ ਹਾਂ, ਸਾਡੀ ਅਵਾਜ਼ ਉਥੇ ਤੱਕ ਪਹੁੰਚ ਜਾਏਗੀ। ਮੈਂ ਤੁਹਾਨੂੰ ਦੱਸਦਾ ਏਂ, ਉਹ ਅਕਾਲ ਪੁਰਖ ਤੁਹਾਡੇ ਅੰਦਰ ਈ ਏ; ਹੋਰ ਕਿਤੇ ਅਕਾਲ ਪੁਰਖ ਤੁਹਾਨੂੰ ਮਿਲਨਾ ਨਈਂ ਏ – ਅੰਦਰ ਈ ਮਿਲਨਾ ਏ। ਮੈਂ ਤੁਹਾਨੂੰ ਇਕ ਗੱਲ ਦੱਸਦਾ ਐਂ, ਜਦੋਂ ਅਜਪਾ ਜਾਪ ਚਲਣ ਲਗਦਾ ਐ, ਓਹਦੇ ਅਗੇ ਇਕ ਹੋਰ ਸਟੇਜ ਹੈਗੀ ਏ –

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥***

***ਪੰਨਾ - 290***

ਫਿਰ ਓਹਦੇ ਬਾਦ ਅਕਾਲ ਪੁਰਖ ਹੀ ਥੁਹਾਡੇ ਅੰਦਰ ਬੈਠਾ ਹੋਇਆ ਅਪਨਾ ਨਾਮ ਜਪਦਾ ਐ; ਕਿਉਂ? ਕਿਉਂਕਿ ਤੁਸਾਂ ਤਾਂ ਰਹੇ ਹੀ ਨਹੀਂ, ਮੈਂ ਤਾਂ ਰਿਹਾ ਹੀ ਨਹੀਂ; ਤੇ ਮੈਂ ਕੀਹਦਾ ਨਾਮ ਜਪਾਂਗਾ? ਜਦ ਮੈਂ ਈ ਚਲੀ ਗਈ, ਤਾਂ ਇਹ ਕਹਿਣਾ ਕਿ ਮੈਂ ਨਾਮ ਜਪਦਾ ਏਂ, ਤੇ ਮੈਂ ਨਾਮ ਸੁਣਦਾ ਏਂ, ਮੈਨੂੰ ਨਾਮ ਯਾਦ ਆਂਦਾ ਏ, ਮੈਨੂੰ ਨਾਮ ਦੇ ਨਾਲ ਪਿਆਰ ਏ; ਏਹ ਜਿਹੜੀ ਮੈਂ ਏ, ਓਹ ਮੈਂ ਵੀ ਚਲੀ ਜਾਂਦੀ ਏ, ਨਾਮ ਈ ਨਾਮ ਰਹਿ ਜਾਂਦਾ ਏ; ਓਹ ਨਾਮ ਈ ਭਗਵਾਨ ਦਾ ਰੂਪ ਏ, ਓਹ ਭਗਵਾਨ ਆਪਨੇ ਰੂਪ ਨੂੰ ਅਪਨੇ ਆਪ ਹੀ ਨਿਖਾਰ ਨਿਖਾਰ ਕੇ ਦੇਖਦਾ ਏ – ਤੁਹਾਡੇ ਅੰਦਰ ਬੈਠਾ ਹੋਇਆ; ਕਹਿੰਦਾ ਏ, ਪਹਿਲਾਂ ਮੂਰਖ ਸੀ, ਸਮਝਦਾ ਸੀ ਇਹ ਕਰਦਾ ਏ; ਕਰਦਾ ਤਾਂ ਮੈਂ ਹਾਂ- ਏਹਦੇ ਅੰਦਰ ਬੈਠਾ ਹੋਇਆ।

ਇਹ stage (ਅਵਸਥਾ) ਜਿਸ ਵਕਤ ਆ ਜਾਂਦੀ ਏ, ਮੈਂ ਤੁਹਾਨੂੰ ਦਸਦਾਂ ਕਿ ਤੁਹਾਨੂੰ ਪਤਾ ਲਗੇਗਾ ਓਸ ਵਕਤ ਕਿ ਦੁਨੀਆਂ ਦੇ ਅੰਦਰ, ਪੈਦਾਇਸ਼ ਨਾਮ ਦੀ, ਕੋਈ ਚੀਜ਼ ਨਹੀਂ ਐ। ਦੁਨੀਆਂ ਦੇ ਅੰਦਰ ਬਚਪਨ, ਜੁਆਨੀ, ਬੁਢਾਪਾ; ਏਹ ਚੀਜ਼ਾਂ ਝੂਠੀਆਂ ਨੇ, ਹੈ ਈ ਨਹੀਂ। ਇਹ ਪੁਤਲਾ ਬਣਾਇਆ ਹੋਇਆ ਏ, ਓਹਦਾ ਬਚਪਨ ਹੁੰਦਾ ਏ; ਮਨ ਕਹਿੰਦਾ, ਮੇਰਾ ਬਚਪਨ ਏ। ਪਰ ਜੀਵ ਦਾ ਬਚਪਨ ਨਹੀਂ ਹੁੰਦਾ, ਅਕਾਲ ਪੁਰਖ ਦਾ ਬਚਪਨ ਨਹੀਂ ਹੁੰਦਾ, ਬੁਢਾਪਾ ਨਹੀਂ ਹੁੰਦਾ, ਬਿਮਾਰੀ ਨਾਮ ਦੀ ਚੀਜ਼ ਹੋਂਦੀ ਨਹੀਂ। ਜਦ ਪੈਦਾਇਸ਼ ਹੀ ਨਹੀਂ ਹੈ ਓਸਦੀ, ਅਜਨਮਾ ਹੈ ਤਾਂ ਫੇਰ ਮੌਤ ਕੀਹਦੀ ਹੋਨੀ ਏ। ਐਵੇਂ ਅਸਾਂ ਮੌਤ ਤੋਂ ਡਰਦੇ ਡਰਦੇ ਦੁਨੀਆਂ ਦੇ ਅੰਦਰ, ਕੰਬਦੇ-ਕੰਬਦੇ ਚਲਦੇ ਫਿਰਦੇ ਐਂ। ਦੁਨੀਆਂ ਦੇ ਅੰਦਰ ਮੌਤ ਨਾਮ ਦੀ ਕੋਈ ਚੀਜ਼ ਨਹੀਂ ਐ। ਪੁਤਲਾ ਬਨਿਆ ਸੀ; ਪੁਤਲਾ ਗਿਆ, ਪੁਤਲਾ ਬਲ ਗਿਆ। ਮੈਂ ਜਿਹੜਾ ਅਕਾਲ ਹੈਗਾ ਏਂ, ਇਹ ਨਾ ਕਦੀ ਪੈਦਾ ਹੋਇਆ ਸੀ, ਨਾ ਓਹਦੇ ਤੇ ਕਦੀ ਕਾਲਖ ਲਗੀ ਸੀ, ਨਾ ਓਹਦੇ ਤੇ ਕਦੀ ਪਾਪ ਲਿਪਟਿਆ ਸੀ, ਨਾ ਓਹਦੇ ਅੰਦਰ ਕਦੀ ਕੋਈ ਵੀ ਅਸ਼ੁਧੀ ਆਈ ਸੀ। ਏਹ ਜਿਹੜਾ ਪਰਮ ਆਤਮਾ ਹੈ, ਏਹਦੀ ਮੌਤ ਕਦੀ ਨਹੀਂ ਹੁੰਦੀ। ਅਪਨੇ ਆਪ ਨੂੰ, ਓਸ ਭਰਮ ਬੰਬ ਦੀ ਏਹ ਜਿਹੜੀ ਅੰਗਿਆਰੀ ਹੈਗੀ ਏ, ਅਗਨੀ ਏ; ਓਹਦੀ ਚਿੰਗਾਰੀ ਜਾਣੋ। ਜਿਸ ਵਕਤ ਚਿੰਗਾਰੀ ਅਪਨੇ ਆਪ ਨੂੰ ਕਹਿੰਦੀ ਏ ਕਿ ਮੈਂ ਚਿੰਗਾਰੀ ਹਾਂ, ਮੈਂ ਅੱਗ ਨਹੀਂ ਹਾਂ, ਤਾਂ ਓਹਦੀ ਅੱਗ ਬਣਾਣ ਦੀ ਤਾਕਤ ਖਤਮ ਹੋ ਜਾਂਦੀ ਐ। ਜਿਸ ਵੇਲੇ ਓਹ ਚਿੰਗਾਰੀ ਅਪਨਾ ਸੱਚਾ ਨਾਮ ਜਾਣ ਲੈਂਦੀ ਐ ਕਿ ਮੇਰਾ ਨਾਮ ਚਿੰਗਾਰੀ ਨਹੀਂ ਐ, ਮੇਰਾ ਨਾਮ ਤਾਂ ਅਗਨੀ ਐ; ਓਸ ਵੇਲੇ ਓਸ ਅਗਨੀ ਨਾਲ ਤੁਸੀਂ ਦੁਨੀਆਂ ਦੇ ਪਾਪਾਂ ਦਾ ਸਾਰਾ ਜੰਗਲ ਭਸਮ ਕਰ ਸਕਦੇ ਹੋਂ, ਏਕ ਛਿਨ ਦੇ ਵਿਚ ਓਹ ਸਾਰਾ ਭਸਮ ਹੋ ਸਕਦਾ ਏ। ਔਰ ਤੁਹਾਡੇ ਅੰਦਰ ਜਿਤਨੇ ਰਾਗ,

ਦਵੈਸ਼ ਹੈਂ, ਪਸ਼ੇਮਾਨੀਆਂ ਹੈਗੀਆਂ ਨੇ, ਪਰੇਸ਼ਾਨੀਆਂ ਹੈਗੀਆਂ ਨੇ; ਸਾਰੀ ਦੀ ਸਾਰੀ ਭਸਮ ਹੋ ਜਾਣੀ ਐਂ - ਏਹਦੇ 'ਚ ਕੋਈ ਟਾਈਮ ਨਹੀਂ ਲਗਨਾ, ਸਮਾਂ ਨਹੀਂ ਲਗਣਾ। ਏਹ ਜਿਹੜਾ ਅਕਾਲ ਏ, ਅਕਾਲ ਪੁਰਖ ਏ; ਏਹਦੇ ਅੰਦਰ ਕਾਲ ਤਾਂ ਹੁੰਦਾ ਈ ਨਹੀਂ-

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ - 1*

ਇਹ ਨਹੀਂ ਹੈ ਕਿ ਓਹਦੇ ਅੰਦਰ ਕਿਸੇ ਵੀ ਵਕਤ ਕੋਈ ਸਚ ਨਹੀਂ ਸੀਗਾ ਤਾਂ ਪਿਛੇ ਸਚ ਆ ਗਿਆ। ਐਸ ਵੇਲੇ ਵੀ ਸਾਡੇ ਅੰਦਰ ਓਨਾਂ ਹੀ ਸਚ ਐ, ਜਿੰਨਾਂ ਪਹਿਲੇ ਸੀ। ਓਹ ਸਾਰੇ ਦਾ ਸਾਰਾ ਸੱਚ ਜਿਹੜਾ ਹੈਗਾ ਏ, ਤੁਹਾਡੇ ਮਨ ਦੇ ਕਲਸੇ ਦੇ ਅੰਦਰ ਜਿਹੜਾ ਅਕਾਲ ਪੁਰਖ ਦਾ ਸਮੁੰਦਰ ਏ, ਲਹਿਰਾਂ ਮਾਰਦਾ ਏ, ਓਹਦੀ ਲਹਿਰ ਦੇ ਅੰਦਰ ਤੁਸੀਂ ਚਲੇ ਜਾਓਂਗੇ। ਇਕ ਇਕ ਲਹਿਰ ਓਹਦੀ ਨਾਮ-ਨਾਮ-ਨਾਮ ਦੀ ਲਹਿਰ ਐ। ਓਹਦੇ ਅੰਦਰ ਗੋਤਾ ਲਗਾਣਾ ਜਿਸ ਵਕਤ ਤੁਸੀਂ ਸਿਖੋਂਗੇ ਤਾਂ ਤੁਹਾਨੂੰ ਪਤਾ ਲਗੇਗਾ ਕਿ ਇਹ ਗਤੀ ਪਾਣ ਵਾਸਤੇ ਕੋਈ ਟਾਈਮ ਲਗਾਣ ਦੀ ਹੋਰ ਲੋੜ ਹੈ ਈ ਨਹੀਂ - ਏਹਦੇ 'ਚ ਟਾਈਮ ਨਹੀਂ ਲਗਦਾ। ਅਕਾਲ ਨੂੰ ਪਾਣ ਵਾਸਤੇ ਕਾਲ ਦੀ ਲੋੜ ਨਹੀਂ ਹੈ; ਕਾਲ ਨੂੰ ਪਿਛੇ ਛਡਣਾ ਪੈਂਦਾ ਏ। ਐਸੇ ਵਾਸਤੇ ਜਿਹੜੇ ਸਮਾਧੀ ਲਗਾ ਕੇ ਬੈਠਦੇ ਨੇ, ਓਹਨਾਂ ਨੂੰ ਟਾਈਮ ਦਾ ਪਤਾ ਨਹੀਂ ਲਗਦਾ, ਕਾਲ ਦਾ ਪਤਾ ਨਹੀਂ ਲਗਦਾ; ਓਹਨਾਂ ਨੂੰ ਏਹ ਖਿਆਲ ਵੀ ਨਹੀਂ ਆਉਂਦਾ ਕਿ ਕਦੀ ਮੈਂ ਦੁਖੀ ਸੀ, ਹੁਣ ਮੈਂ ਸੁਖੀ ਹੋ ਗਿਆ। ਓਹਨਾਂ ਨੂੰ ਏਹ ਖਿਆਲ ਨਹੀਂ ਆਉਂਦਾ ਕਿ ਕਦੀ ਮੈਂ ਮੌਤ ਤੋਂ ਡਰਦਾ ਸੀ; ਹੁਣ ਮੈਂ ਮੌਤ ਤੋਂ ਨਹੀਂ ਡਰਦਾ। ਓਹ ਯਾਦ ਓਹਦੇ ਅੰਦਰ ਨਹੀਂ ਰਹਿੰਦੀ ਕਿਉਂਕਿ ਯਾਦਾਂ ਜਿਸ ਮਨ ਦੀ ਸਤਹਿ ਤੇ ਰਹਿੰਦੀਆਂ ਨੇ, ਓਹ ਮਨ ਦੀ ਸਤਹਿ ਤਾਂ ਪਿਛੇ ਛੁੱਟ ਜਾਂਦੀ ਏ। ਮਨ ਦੀ ਜਿਹੜੀ ਸਤਹਿ ਸਪਨੇ ਲੈਂਦੀ ਏ, ਓਹ ਮਨ ਦੀ ਸਤਹਿ ਵੀ ਪਿਛੇ ਛੁਟ ਜਾਂਦੀ ਏ; ਓਹ ਜਿਹੜਾ ਮਨ ਸੌਂਦਾ ਏ, ਮਨ ਦੀ ਜਿਹੜੀ ਸਤਹਿ ਰਾਤ ਨੂੰ ਨੀਂਦਰਾ ਲੈਂਦੀ ਏ, ਓਹ ਮਨ ਦੀ ਸਤਹਿ ਵੀ ਪਿਛੇ ਛੁਟ ਜਾਂਦੀ ਏ।

ਐਸ ਵਾਸਤੇ ਜਿਹੜਾ ਮਹਾਨ ਪੁਰਸ਼ ਹੈ, ਸੰਤ ਸ਼੍ਰੋਮਣੀ ਹੈ, ਓਹਨੂੰ ਨਾ ਜਾਗ ਆਉਂਦੀ ਏ, ਨਾ ਕਦੀ ਸਪਨਾ ਆਉਂਦੈ, ਨਾ ਕਦੀ ਓਹਨੂੰ ਨੀਂਦਰਾ ਆਂਦੀ ਐ; ਓਹ ਹਮੇਸ਼ਾ ਉਜਾਗਰ ਏ, ਹਰ ਵੇਲੇ ਉਜਾਗਰ ਏ। ਇਹ ਪੁਤਲੇ ਨੂੰ ਆਰਾਮ ਦੇਣ ਵਾਸਤੇ ਓਹ ਏਸ ਤਰ੍ਹਾਂ ਕਰਦਾ ਐ ਕਿ ਜਾਨੋ ਲਗਦਾ ਐ ਕਿ ਸੌਂ ਗਿਆ, ਪਰ ਸੌਂਦਾ ਨਹੀਂ ਐਂ। ਓਹ ਜਿਥੇ ਮਨ ਸੌਂਦਾ ਐ, ਓਸ ਤੋਂ ਗਹਿਰੀ ਇਕ ਹੋਰ ਥਾਂ ਹੈਗੀ ਏ, ਲੰਬੀ ਥਾਂ ਐ, ਗਹਿਰਾ ਥਾਂ ਹੈ। ਜਿਸ ਤਰ੍ਹਾਂ ਤੁਸਾਂ ਸਮੁੰਦਰ ਦੇ ਕਿਨਾਰੇ ਖਲੋਤੇ ਹੋ ਜਾਓ ਤਾਂ ਸਮੁੰਦਰ ਦੀ ਸਤਹਿ ਤੇ ਤੁਹਾਨੂੰ ਤਰ੍ਹਾਂ-ਤਰ੍ਹਾਂ ਦੀਆਂ ਜਿਹੜੀਆਂ ਤਰੰਗਾਂ ਹੈਗੀਆਂ ਨੇ, ਜਵਾਰਭਾਟੇ ਦਿਖਾਈ ਪੜਦੇ ਨੇ। ਕਦੇ ਤੁਸੀਂ ਗੋਤਾ ਲਗਾਓ, ਗਹਿਰਾਈ ਦੇ ਵਿਚ ਜਾਂਦੇ ਜਾਓ, ਜਾਂਦੇ ਜਾਓ; ਤੁਹਾਨੂੰ ਪਤਾ ਲਗੇਗਾ ਕਿ ਇਹ ਜਵਾਰਭਾਟੇ ਸਿਰਫ ਸਤਹਿ ਤੇ ਹੁੰਦੇ ਸੀ, ਹੁਣ ਅਸੀਂ ਗਹਿਰਾਈ 'ਚ ਆ ਗਏ ਹਾਂ, ਐਥੇ ਕੋਈ ਜਵਾਰਭਾਟਾ ਹੈਗਾ ਈ ਨਹੀਂ, ਐਥੇ ਕਿਸੀ ਤਰ੍ਹਾਂ ਦੀ ਕੋਈ ਤਰੰਗ ਉਠਦੀ ਨਹੀਂ; ਇਕ ਦਮ ਸ਼ਾਂਤੀ ਏ, ਇਕ ਦਮ ਮੋਨ ਦਾ ਸਾਗਰ ਓਥੇ ਹੋ ਜਾਂਦਾ ਐ। ਓਸ ਮੋਨ ਦੇ ਸਾਗਰ ਦੀ ਗਹਿਰਾਈ ਬਹੁਤ ਜ਼ਿਆਦਾ ਹੈ, ਓਸ ਸਤਿਹ ਤੋਂ ਬਹੁਤ ਜ਼ਿਆਦਾ ਹੈ, ਜਿਸ ਸਤਹਿ ਵਿਚ ਮਨ ਨੂੰ ਜਾਗ ਆਉਂਦੀ ਏ, ਸਪਨੇ ਆਉਂਦੇ ਨੇ, ਜਿਹਨੂੰ ਨੀਂਦਰਾ ਆਂਦੀ ਏ, ਜਿਹਨੂੰ ਮੌਤ ਦਾ ਖੌਫ ਸਤਾਂਦਾ ਰਹਿੰਦਾ ਏ, ਜਿਹਨੂੰ ਦੁਨੀਆਂ ਦੇ ਰਾਗ ਦਵੈਸ਼ ਤੰਗ ਕਰਦੇ ਨੇ; ਓਹ ਸਾਰੀ ਚੀਜ਼ ਪਿਛੇ ਛੁਟ ਜਾਂਦੀ ਏ, ਫੇਰ ਓਹਦਾ ਓਹਦੇ ਨਾਲ ਕੋਈ ਤਾਲੁਕ ਰਹਿੰਦਾ ਨਹੀਂ। ਮੈਂ ਤੁਹਾਨੂੰ ਇਕੋ ਈ ਅਰਜ਼ ਕਰਦਾਂ ਕਿ ਤੁਸੀਂ ਇਹ ਨਾਮ ਨੂੰ ਗਹਿਰਾ ਲਿਜਾਣ ਦੀ ਜਿਹੜੀ ਕ੍ਰਿਆ ਹੈ, ਉਹ ਸਿੱਖੋ।

ਮੈਨੂੰ ਪੰਜਾਬੀ ਨਹੀਂ ਆਂਦੀ, ਮੁਆਫ ਕਰਨਾਂ; ਜਿਹੜੀ ਗਲਤੀ ਐ, ਭੁਲ ਚੁਕ ਐ, ਓਹਦੀ ਮਾਫੀ ਮੰਗਦਾ ਹਾਂ; ਮੈਂ ਪੰਜਾਬ 'ਚ ਪੈਦਾ ਨਹੀਂ ਹੋਇਆ, ਐਂਵੇ ਈ ਸੁਨ-ਸੁਨ ਕੇ ਭਾਸ਼ਾ ਸਿਖ ਲਈ ਜਾਂਦੀ ਏ। ਇਕ ਤਰੀਕਾ ਹੈਗਾ ਐ, 'ਯੋਗ ਮੁਦਰਾ' ਕਹਿੰਦੇ ਨੇ ਓਹਨੂੰ। ਓਸ ਯੋਗ ਮੁਦਰਾ ਦੇ ਵਿਚ ਜਾ ਕੇ ਆਦਮੀ ਜਿਹੜੀ ਭਾਸ਼ਾ ਚਾਹੇ, ਸਿਖ ਸਕਦਾ ਹੈ। ਅਸਾਂ ਓਸ ਤਰੀਕੇ ਨਾਲ ਸਿਖਦੇ ਹਾਂ। ਜਿਸ ਵੇਲੇ ਮੈਂ ਹਾਲੈਂਡ ਦੇਸ਼ 'ਚ ਡੀ. ਲਿੱਟ. ਕਰ ਰਿਹਾ ਸੀ ਤਾਂ ਲੋਕਾਂ ਨੇ ਕਿਹਾ, ਕਿਸ ਤਰ੍ਹਾਂ ਕਰੋਗੇ। ਤੁਹਾਨੂੰ ਡੱਚ ਭਾਸ਼ਾ ਨਹੀਂ ਆਂਦੀ। ਤਾਂ ਮੈਂ ਸਾਤ ਦਿਨ ਬਾਦ ਡੱਚ ਭਾਸ਼ਾ ਬੋਲਨ ਲਗ ਗਿਆ, ਲਿਖਣ ਲਗ ਗਿਆ। ਏਹ ਸਾਡਾ ਯੋਗੀਆਂ ਦਾ secret ਹੈ। ਤਾਂ ਓਹਦੇ 'ਚ ਜਿਹੜੀ ਗਲਤੀਆਂ ਐਂ, ਓਹਦੇ ਵਾਸਤੇ ਮੈਂ ਤੁਹਾਡੇ ਸਾਮਨੇ ਹੱਥ ਜੋੜ ਕੇ ਮਾਫੀ ਮੰਗਦਾ ਹਾਂ। ਪਰ ਇਕ ਚੀਜ਼ ਹੈ ਜੋ ਭਾਸ਼ਾ ਤੋਂ ਉਚੀ ਹੈ - ਉਤੇ ਹੈ, ਭਾਸ਼ਾ ਪਿਛੇ ਰਹਿ ਜਾਂਦੀ ਏ; ਓਥੇ ਕੋਈ ਭਾਸ਼ਾ ਜਾਂਦੀ ਨਹੀਂ, ਓਥੇ ਕੋਈ ਲਫਜ਼ ਜਾਂਦਾ ਨਹੀਂ। ਓਹ ਜਿਹੜੀ ਮਨ ਦੀ ਗਹਿਰਾਈ ਹੈਗੀ ਏ, ਓਹ ਮਨ ਦੀ ਗਹਿਰਾਈ ਜਿਸ ਤਰ੍ਹਾਂ, ਜਿਸ ਸਤਹਿ ਤੇ ਏਹ ਸਾਰੀਆਂ ਦੀ ਸਾਰੀਆਂ ਤਰੰਗਾਂ ਉਠ ਰਹੀਆਂ ਨੇ, ਓਸ ਤੋਂ ਬਹੁਤ ਲੰਬੀ ਏ; ਓਹਦੇ 'ਚ ਜਾਨਾ ਸਿਖੋ। ਓਹਦੇ 'ਚ ਜਾਣ ਵਾਸਤੇ ਮੈਂ ਤੁਹਾਨੂੰ ਇਕ ਤਰੀਕਾ ਦੱਸਦਾ ਹਾਂ, ਸਿਰਫ ਇਕ ਤਰੀਕਾ। ਜਿਸ ਤਰ੍ਹਾਂ ਤੁਸਾਂ ਬੈਠੇ ਓਂ, ਤਾਂ ਇਹ ਜਿਹੜਾ ਤੁਹਾਡਾ ਮੈਰੂਦੰਡ ਹੈਗਾ ਨਾ (ਰੀੜ ਦੀ ਹੱਡੀ), ਇਹਨੂੰ ਸਿੱਧਾ ਕਰਕੇ ਬੈਠੋ, ਇਕ ਦਮ ਸਿਧਾ ਕਰਕੇ ਬੈਠੋ। ਐਸ ਤਰ੍ਹਾਂ ਨਹੀਂ, ਐਸ ਤਰ੍ਹਾਂ ਕਮਾਨ ਬਣ ਕੇ ਵੀ ਨਹੀਂ। ਇਹਨੂੰ ਮੈਰੂਦੰਡ ਕਹਿੰਦੇ ਨੇ। ਐ ਡੰਡਾ ਹੈਗਾ ਨਾ ਹੱਥ 'ਚ, ਏਸ ਤਰ੍ਹਾਂ ਸਿੱਧਾ ਕਰਕੇ ਬੈਠੋ ਹੁਣੇ ਈ - ਮੇਰੇ ਨਾਲ। ਘਰ ਜਾ ਕੇ ਤੁਸੀਂ ਇਕ ਗੱਦੀ ਲੈ ਲੈਣਾ। ਗੱਦੀ ਲੈ ਕੇ ਨੀਚੇ ਰੱਖ ਲੈਣਾ, ਆਪਣੇ ਹੇਠਾਂ ਰੱਖ ਲੈਣਾ। ਗੱਦੀ ਤੇ ਬੈਠਣਾਂ ਨਹੀਂ। ਸਿਰਫ ਇਹ ਜਿਹੜਾ ਹਿੱਸਾ ਐ - ਪਿਛਲਾ ਹਿੱਸਾ, ਉਹ ਉਠ ਜਾਵੇ। ਤਾਂ ਇਹ ਪਿਛਲਾ ਹਿੱਸਾ ਜਿਹੜਾ ਉਠ ਜਾਵੇਗਾ ਤਾਂ ਤੁਹਾਡੀ ਜਿਹੜੀ spine (ਰੀੜ ਦੀ ਹੱਡੀ) ਹੈਗੀ ਐ, ਮੈਰੂਦੰਡ ਹੈਗੀ ਐ, ਇਹ ਸਿੱਧੀ ਰਹੇਗੀ। ਫੇਰ ਹੱਥਾਂ ਨੂੰ ਐਸ ਤਰ੍ਹਾਂ ਕਰ ਦਉ, (ਗੋਡਿਆਂ ਦੀ ਮਾਰੀ ਹੋਈ ਚੌਕੜੀ ਉਪਰ ਅੰਗੂਠਾ ਚੀਚੀ ਦੀ ਜੜ ਨਾਲ ਛੋਂਹਦਾ ਰਹੇ) ਜਿਸ ਤਰ੍ਹਾਂ ਤੁਹਾਨੂੰ ਸੌਖਾ ਲੱਗੇ, ਉਸ ਤਰ੍ਹਾਂ ਕਰ ਦਿਓ। ਤੁਹਾਡੀ ਗਰਦਨ, ਪੀਠ ਜਿਹੜੀ ਐ, ਸਿੱਧੀ ਹੋਣੀ ਚਾਹੀਦੀ ਐ। ਇਕ ਦਮ ਸਿੱਧੀ ਹੋ ਗਈ ਤਾਂ ਉਹਤੇ ਬਾਦ ਅੰਗ ਅੰਗ ਨੂੰ ਢਿੱਲਾ ਛੱਡ ਦਿਓ। ਮੈਰੂਦੰਡ ਨੂੰ ਢਿੱਲਾ ਨਹੀਂ ਕਰਨਾ, ਮੈਰੂਦੰਡ ਤਾਂ ਸਿੱਧਾ ਰਹਿਣੈ। ਮੈਂ ਦੇਖਿਐ, ਲੋਕੀਂ ਅਰਦਾਸ ਵਾਸਤੇ ਬੈਠਦੇ ਨੇ; ਹਿੰਦੂ ਵੀ ਐਂ, ਸਿਖ ਵੀ ਐਂ; ਜਿਹੜੇ ਵੀ ਐਂ, ਪਿੱਠ ਨੂੰ ਕਮਾਨ ਬਣਾ ਕੇ ਬੈਠਦੇ ਨੇ। ਉਹ ਬੈਠਣ ਦਾ, ਅਰਦਾਸ ਵਿਚ ਬੈਠਣ ਦਾ ਤਰੀਕਾ ਨਹੀਂ ਐ। ਅਰਦਾਸ ਵਿਚ ਬੈਠਣ ਦਾ ਤਰੀਕਾ ਇਹ ਹੈਗਾ ਏ, (ਸਿਧਾ ਮੈਰੂਦੰਡ ਰਖਕੇ ਬੈਠਣਾ) ਤਾਂ ਕਿ ਸ਼ਕਤੀ ਜਿਹੜੀ ਹੈਗੀ ਐ, ਜਿਹਦਾ ਵਰਨਨ ਹੁਣੇ ਤੁਸੀਂ ਸੁਣਿਐ, ਉਹ ਸ਼ਕਤੀ ਉੱਠ ਜਾਵੇ, ਉਹ ਉਤੇ ਨੂੰ ਆਏ। ਨੀਚੇ ਜਾ ਕੇ ਜੇ ਗਿਰ ਜਾਂਦੀ ਐ ਨਾ, ਵਾਰ-ਵਾਰ ਕਾਮ ਵਾਸ਼ਨਾ ਔਰ ਕਈ-ਕਈ ਚੀਜ਼ਾਂ ਪੈਦਾ ਹੁੰਦੀਆਂ ਨੇ। ਜਦੋਂ ਸਿੱਧੇ ਹੋ ਕੇ ਬੈਠਣ

ਲੱਗੋਂਗੇ ਤਾਂ ਸ਼ਕਤੀ ਉਤੇ ਚੜ੍ਹੇਗੀ।

*ਪਰਾਣ ਖੀਂਚ ਅਪਾਨ ਪਰਾਣ ਹਰਿ ਲਾਏ*
*ਸੋਈ ਜੁਗਤ ਬਖਾਨੀ ਰੇ ਸਾਧੋ*
*ਜੋਗ ਜੁਗਤ ਹਮ ਬਾਨੀ ਹੈ।*

ਹਾਂ, ਤਾਂ ਇਸ ਤਰ੍ਹਾਂ ਤੁਸੀਂ ਬੈਠੇ ਹੋ। ਹੁਣ ਤੁਸੀਂ ਮੱਥਾ ਢਿੱਲਾ ਛੱਡ ਦਿਓ। ਤੁਸੀਂ ਦੇਖੋਂਗੇ ਕਿ ਦੁਨੀਆਂ ਦੇ ਕੋਈ ਵਿਚਾਰ ਤੁਹਾਡੇ ਦਿਮਾਗ 'ਚ ਫਿਰ ਨਹੀਂ ਆਉਣਗੇ। ਅੱਖਾਂ ਵੀ ਢਿੱਲੀ ਕਰੋ, ਗੱਲ੍ਹਾਂ ਵੀ ਢਿੱਲੀ ਕਰੋ, ਜਵਾੜ੍ਹਾ ਵੀ ਢਿੱਲਾ ਕਰੋ, ਕੰਧੇ ਵੀ ਢਿੱਲੇ ਸੁੱਟ ਕੇ ਹੱਥ ਤੇ ਕੰਨ ਇਕ ਦਮ ਢਿੱਲਾ। ਉਹਦੇ 'ਚ ਕੋਈ ਤਨਾਵ ਨਹੀਂ ਹੋਣਾ ਚਾਹੀਦਾ, ਕੋਈ tension ਨਹੀਂ ਹੋਣੀ ਚਾਹੀਦੀ। ਛਾਤੀ ਵੀ ਢਿੱਲੀ; ਸਿਰਫ ਜਿਹੜਾ ਮੈਰੂਦੰਡ ਹੈਗਾ ਐ, ਉਹ ਸਿੱਧਾ ਰਹਿਣਾ ਚਾਹੀਦਾ ਹੈ। ਪੇਟ ਵੀ ਤੁਸੀਂ ਇਸੇ ਤਰ੍ਹਾਂ ਢਿੱਲਾ ਛੱਡ ਦਿਓ। ਔਰ ਜਿਹੜੀ ਲੱਤਾਂ ਦੀਆਂ, ਪੈਰਾਂ ਦੀਆਂ ਮਾਸਪੇਸ਼ੀਆਂ ਨੇ, ਉਹਨਾਂ ਨੂੰ ਵੀ ਢਿੱਲਾ ਛੱਡ ਦਿਓ। ਤਾਂ ਪੇਟ ਵੀ ਢਿੱਲਾ, ਛਾਤੀ ਵੀ ਢਿੱਲੀ, ਕੰਧੇ ਵੀ ਢਿੱਲੇ। ਕਿਤੇ ਤਨਾਵ ਨਹੀਂ ਹੋਣਾ ਚਾਹੀਦਾ। ਹੱਥਾਂ 'ਚ ਤਨਾਵ ਨਹੀਂ ਹੋਣਾ ਚਾਹੀਦਾ, ਮੂੰਹ 'ਚ, ਜਬਾੜ੍ਹੇ 'ਚ ਤਨਾਵ ਨਹੀਂ ਹੋਣਾ ਚਾਹੀਦਾ, ਮੱਥੇ 'ਚ ਬਿਲਕੁਲ ਤਨਾਵ ਨਹੀਂ ਹੋਣਾ ਚਾਹੀਦਾ, ਅੱਖਾਂ 'ਚ ਤਨਾਵ ਨਹੀਂ ਹੋਣਾ ਚਾਹੀਦਾ। ਇਸ ਤਰ੍ਹਾਂ ਆਪਣੇ ਆਪ ਨੂੰ ਤਨਾਵ ਮੁਕਤ ਕਰਕੇ ਹੁਣ ਤੁਹਾਡੇ ਨੱਕ ਵਿਚ – ਨੱਕ ਦੇ ਜਿਹੜੇ ਦੋ ਰਾਸਤੇ ਹੈਗੇ ਨੇ, ਉਹਨਾਂ ਦੇ ਵਿਚ ਜਿਸ ਤਰ੍ਹਾਂ ਸਾਂਸ ਬਹਿ ਰਹੀ ਐ, ਉਹਦਾ ਅਨੁਭਵ ਕਰੋ। ਹੋਰ ਕੁੱਛ ਨਹੀਂ ਕਰਨਾ। ਸਿਰਫ ਨੱਕ ਦੇ ਵਿਚ ਬਹਿ ਰਹੀ ਸਾਂਸ ਦਾ ਅਨੁਭਵ ਕਰਨਾ ਹੈ – ਬਾਹਰ ਜਾ ਰਹੀ ਐ......, ਅੰਦਰ ਆ ਰਹੀ ਐ......, ਬਾਹਰ ਜਾ ਰਹੀ ਐ......., ਅੰਦਰ ਆ ਰਹੀ ਐ........। ਕਿਸ ਤਰ੍ਹਾਂ ਉਹ ਨੱਕ ਦੇ ਅੰਦਰ ਛੂੰਹਦੀ ਐ। ਵਹਿ ਰਹੀ ਐ ਜਿਵੇਂ ਝਰਨਾ ਹੋਵੇ, ਇਸ ਤਰ੍ਹਾਂ ਵਹਿੰਦੀ ਐ; ਸ਼ਾਂਤ ਵਹਿੰਦੀ ਐ। ਇਸ ਤਰ੍ਹਾਂ ਉਹਦਾ ਅਨੁਭਵ ਕਰਦੇ ਹੋਏ ਜਿਹੜਾ ਮੰਤਰ, ਜਿਹੜਾ ਨਾਮ ਸਾਨੂੰ ਗੁਰੂ ਨੇ ਦਿਤਾ ਹੈ, ਉਹਨੂੰ ਮਨ ਦੇ ਵਿਚ ਰੱਖੋ। ਬਾਹਰ ਛੱਡਦੇ ਹੋਏ ਸਾਂਸ ਨੂੰ, ਮਨ ਦੇ ਵਿਚ ਉਹੀ ਨਾ....... ਮ। ਸਾਂਸ ਨੂੰ ਅੰਦਰ ਲੈਂਦੇ ਹੋਏ ਵੀ ਮਨ ਦੇ ਵਿਚ ਉਹੀ ਨਾ...... ਮ। ਸਾਂਸ ਬਾਹਰ ਛੱਡਦੇ ਹੋਏ ਇਕੋ ਈ ਨਾ...... ਮ। ਮੂੰਹ 'ਚ ਨਾ ਆਏ, ਸਿਰਫ ਮਨ ਦੇ ਵਿਚ ਰਹੇ। ਨੱਕ ਦੇ ਵਿਚ ਵਹਿੰਦੀ ਹੋਈ ਸਾਂਸ ਦਾ ਅਨੁਭਵ ਕਰੋ; ਸ਼ਾਂਤ ਵਹਿ ਰਹੀ ਐ, ਉਹਦੇ 'ਚ ਕੋਈ ਝਟਕਾ ਨਹੀਂ ਹੋਣਾ ਚਾਹੀਦਾ, ਰੁਕਣੀ ਨਹੀਂ ਚਾਹੀਦੀ। ਏਥੇ ਕਿਸੇ ਵੀ ਰੇਚਕ, ਪੂਰਕ ਦੀ ਲੋੜ ਹੈਗੀ ਨਹੀਂ ਐ। ਵਹਿਣ ਦਿਓ, ਸ਼ਾਂ........ ਤੀ ਨਾਲ ਵਹਿਣ ਦਿਓ। ਸਾਂਸ ਬਾਹਰ ਛੱਡਦੇ ਹੋਏ ਓਹੀ ਨਾ....... ਮ ਮਨ ਦੇ ਵਿਚ ਆਵੇ....... ਤੇ ਅੰਦਰ ਲੈਂਦੇ ਹੋਏ ਓਹੀ ਨਾ...... ਮ ਮਨ ਦੇ ਵਿਚ ਆਵੇ.....ਇਕ ਦਮ ਸ਼ਾਂਤ ਹੋ ਕੇ ਦੇਖੋ, ਹੁਣ ਕਿਸ ਤਰ੍ਹਾਂ ਉਹ ਨਾਮ, ਪ੍ਰਾਣ, ਸਾਂਸ ਇਕ ਹੋ ਕੇ ਇਕ ਝਰਨੇ ਵਾਂਗਰ ਵਹਿ ਰਹੇ ਨੇ.......। ਇਹਦਾ ਅਨੁਭਵ ਕਰੋ........। ਸਾਂਸ ਟੁੱਟੇ ਨਹੀਂ......., ਨਾਮ ਛੁੱਟੇ ਨਹੀਂ........। ਧੀਰੇ ਨਾਲ ਅੱਖਾਂ ਖੋਲ੍ਹ ਸਕਦੇ ਓਂ। ਪਰ ਨਾਮ ਦਾ ਤੇ ਸਾਂਸ ਦਾ ਅਨੁਭਵ ਏਸੇ ਤਰ੍ਹਾਂ ਬਨਾ ਰਹੇ। ਜਿਥੇ ਵੀ ਖਲੋਤੇ ਓਂ, ਜਦ ਵੀ ਕੋਈ ਕੰਮ ਕਰਨ ਦਾ ਨ ਹੋਵੇ; ਫਿਕਰਾਂ ਪੈਦਾ ਹੋਣ, ਗੁਸਾ ਆਵੇ, ਰਾਗ ਦਵੈਸ਼ ਮਨ ਦੇ ਵਿਚ ਆਵੇ, ਕਾਮ ਵਾਸ਼ਨਾ ਉਠੇ, ਪਰੇਸ਼ਾਨੀਆਂ ਪਸ਼ੇਮਾਨੀਆਂ ਹੋਣ; ਜਦ ਵੀ ਹੋਵੇ ਤਾਂ ਏਸ ਤਰ੍ਹਾਂ ਸਾਂਸ ਨੂੰ ਫੜ ਕੇ ਉਹਦੇ ਰਾਸਤੇ ਪਰਾਣ ਤੇ ਮਨ ਦੇ ਅੰਦਰ ਜਾ ਕੇ ਸਾਂਸ ਤੇ ਨਾਮ ਨੂੰ ਇਕ ਕਰ ਦਿਓ। ਇਸ ਤਰ੍ਹਾਂ ਸਾਂਸ-ਸਾਂਸ ਦੇ ਅੰਦਰ ਨਾਮ-ਨਾਮ-ਨਾਮ ਹਮੇਸ਼ਾ ਯਾਦ ਆਇਆ ਕਰੇ। ਕਿਤੇ ਵੀ ਖੜ੍ਹੇ ਖਲੋਤੇ ਹੋਏ, ਕਿਤੇ ਵੀ ਬੈਠੇ ਹੋਏ, ਬੱਸਾਂ ਵਿਚ, ਕਾਰਾਂ ਵਿਚ, ਗੱਡੀਆਂ ਵਿਚ ਵੀ ਤੁਸਾਂ ਇਹ ਨਾਮ ਦਾ ਅਨੁਭਵ ਇਸ ਤਰ੍ਹਾਂ ਸਾਂਸ ਦੇ ਨਾਲ ਕਰ ਸਕਦੇ ਓਂ। ਵਾਰ-ਵਾਰ ਕਰੋਂਗੇ, ਵਾਰ-ਵਾਰ ਕਰੋਂਗੇ ਤਾਂ ਤੁਹਾਨੂੰ ਪਤਾ ਲਗੇਗਾ ਕਿ ਟਾਈਮ ਦਾ ਪਤਾ ਨਹੀਂ ਐ, ਕਾਲ ਕਿਸ ਤਰ੍ਹਾਂ ਚਲਾ ਗਿਆ, ਪਤਾ ਨਹੀਂ ਐ ਤਾਂ ਇਕ ਘੰਟੇ ਦੀ ਜਿਹੜੀ ਯਾਤਰਾ ਹੈਗੀ ਐ, ਲਗੇਗਾ ਕਿ ਪੰਜ ਮਿੰਟ 'ਚ ਪੂਰੀ ਹੋ ਗਈ ਐ। ਮੈਂ ਤੁਹਾਨੂੰ ਸੱਚ ਦਸਦਾ ਐਂ, ਅਨੁਭਵ ਦੀ ਗੱਲ ਦਸਦਾ ਐਂ। 10 ਘੰਟੇ ਦੀ ਯਾਤਰਾ ਜੇ ਤੁਸਾਂ ਗੱਡੀ 'ਚ ਬਹਿਕੇ ਕਰਨੀ ਐਂ, ਇਹਨੂੰ ਕਰਦੇ ਰਹੋ; ਤੁਹਾਨੂੰ ਲਗੇਗਾ ਕਿ 10 ਘੰਟੇ ਜਿਹੜੇ ਹੈਗੇ ਨੇ, 2 ਘੰਟੇ ਵਿਚ ਪੂਰੇ ਹੋ ਗਏ ਨੇ। ਇਸ ਤਰ੍ਹਾਂ ਕਰਦੇ ਕਰਦੇ ਜਦ ਕਾਲ ਪਿਛੇ ਛੁੱਟ ਜਾਂਦਾ ਐ ਤਾਂ ਅਕਾਲ ਪੁਰਖ ਜੋ ਐ, ਉਹ ਹੀ ਆਪਣਾ ਨਾਓਂ ਆਪੇ ਈ ਜਪਦਾ ਐ, ਜਿਸ ਤਰ੍ਹਾਂ ਉਹ ਹੀ ਅਕਾਲ ਪੁਰਖ ਤੁਹਾਡੇ ਅੰਦਰ ਵਾਰ-ਵਾਰ ਸਾਂਸ ਲੈਂਦਾ ਐ, ਸਾਂਸ ਛੱਡਦਾ ਐ – ਉਹ ਹੀ ਕਰਦਾ ਐ। ਇਹ ਨਾ ਸਮਝਣਾ ਕਿ ਤੁਸਾਂ ਪੂਰੀ ਕਰਦੇ ਓਂ। ਏਸ ਤਰ੍ਹਾਂ ਕਹਿਕੇ ਮੈਂ ਫੇਰ, ਇਹ ਜਿਹੜੀ ਸੰਗਤ ਹੈ, ਔਰ ਜਿਹੜੇ ਸੰਤ ਹੈਂ, ਜਿਨ੍ਹਾਂ ਦੀ ਉਪਸਥਿਤੀ ਕਾਰਨ ਇਹ ਸਾਰਾ ਸਮਾਂ ਬਦਲ ਗਿਆ ਹੈ, ਜਿਨ੍ਹਾਂ ਦੇ ਅੰਦਰ ਸਤਿਯੁਗ ਅੱਜ ਹੀ ਲਾਉਣ ਦੀ ਤਾਕਤ ਐ, ਸ਼ਕਤੀ ਐ; ਉਹਨਾਂ ਸਾਰਿਆਂ ਨੂੰ ਮੈਂ ਫੇਰ ਸਿਰ ਝੁਕਾ ਕੇ ਪ੍ਰਣਾਮ ਕਰਦਾ ਹਾਂ।

## ਮੇਰੇ ਦਾਤਾ ਤੇਰੀ ਦੁਨੀਆਂ

ਮੇਰੇ ਦਾਤਾ ਤੇਰੀ ਦੁਨੀਆਂ, ਦੁਖਾਂ ਵਿਚ ਦਿਲਗੀਰ ਦਿਖਾਵਾਂ।
ਬਿਨਾਂ ਨੈਗੇਟਿਵ 'ਤਾਰੀ ਫੋਟੋ, ਛੋਟੀ ਜਿਹੀ ਤਸਵੀਰ ਦਿਖਾਵਾਂ।
ਮੇਹਨਤ-ਕਸ਼ ਨੂੰ ਮਿਲੇ ਨਾ ਰੋਟੀ, ਵੇਹਲਾ ਖਾਂਦਾ ਖੀਰ ਦਿਖਾਵਾਂ।
ਮੇਰੇ ਦਾਤਾ ਤੇਰੀ ਦੁਨੀਆਂ.................................।
ਨਾ ਭਗਤੀ ਨਾ ਚਿਲਾ ਕੱਟਿਆ, ਸੁੱਕਾ ਬਣਿਆ ਪੀਰ ਦਿਖਾਵਾਂ।
ਮੰਗਣ ਖਾਣ ਦਾ ਟਾਇਮ ਨੀਂ ਕੋਈ, ਭਗਵੇਂ ਪਾਏ ਫਕੀਰ ਦਿਖਾਵਾਂ।
ਮੇਰੇ ਦਾਤਾ ਤੇਰੀ ਦੁਨੀਆਂ.................................।
ਛਲ ਵਿਚ ਛਲੀਆ ਰਾਜ ਲੇ ਲਿਆ, ਰਾਜਾ ਭਰਦਾ ਨੀਰ ਦਿਖਾਵਾਂ।
ਰਾਣੀ ਰੋ ਪਈ ਮਾਰ ਦੁਹੱਥੜ, ਨੈਣੀਂ ਵਗਦਾ ਨੀਰ ਦਿਖਾਵਾਂ।
ਮੇਰੇ ਦਾਤਾ ਤੇਰੀ ਦੁਨੀਆਂ.................................।
ਗਦਾ ਮਾਰ ਕੇ ਜਾਂਘ ਭੰਨਤੀ, ਭੀਮ ਸੈਨ ਬਲਵੀਰ ਦਿਖਾਵਾਂ।
ਹੁਣ ਕਿਥੇ ਸੌਂ ਗਿਆ ਕ੍ਰਿਸ਼ਨ ਮੁਰਾਰੀ, ਨਿਤ ਉਤਰਦੇ ਚੀਰ ਦਿਖਾਵਾਂ।
ਮੇਰੇ ਦਾਤਾ ਤੇਰੀ ਦੁਨੀਆਂ.................................।
ਭਾਈਆਂ ਦੀ ਪੱਗ ਤਾਰਨ ਭਾਈ, ਮਾਂ ਜਾਏ ਤੈਨੂੰ ਵੀਰ ਦਿਖਾਵਾਂ।
ਬਿਨਾਂ ਅਮਲਾਂ ਤੋਂ ਰਹਿ ਗਿਆ ਖਾਲੀ, ਖੜ੍ਹਾ ਮੈਂ ਜੰਡ ਕਰੀਰ ਦਿਖਾਵਾਂ।
ਮੇਰੇ ਦਾਤਾ ਤੇਰੀ ਦੁਨੀਆਂ.................................।

ਨਸੀਬ ਸਿੰਘ 'ਅਦਲੀ'

# ਸਾਧਨਾ ਦਾ ਅਨੁਭਵ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂਹਾਨੀ ਮਿਸ਼ਨ।*

ਇਕ ਵਾਰੀ ਗੁਰੂ ਦਸ਼ਮੇਸ਼ ਪਿਤਾ ਜੀ ਦੇ ਪਾਸ ਦੂਰ ਦੇਸ਼ ਦੀ ਸੰਗਤ ਆਈ। ਸੰਗਤ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ, ਆਪ ਜੀ ਦੇ ਹੁਕਮ ਦੇ ਮੁਤਾਬਿਕ ਅਸੀਂ ਬਾਣੀ ਵੀ ਪੜ੍ਹਦੇ ਹਾਂ, ਨਾਮ ਭੀ ਜਪਦੇ ਹਾਂ, ਪਰ ਰਸ ਨਹੀਂ ਆਉਂਦਾ, ਅੰਦਰ ਪਿਆਰ ਨਹੀਂ ਜਾਗਦਾ ਅਤੇ ਚਿਤ ਉਚਾਟ ਪੁਣੇ ਵਿਚ ਚਲਿਆ ਜਾਂਦਾ ਹੈ, ਜਦੋਂ ਕਿ ਸੁਣਦੇ ਹਾਂ ਕਿ ਨਾਮ ਵਿਚ, ਬਾਣੀ ਵਿਚ ਖੁਮਾਰੀ ਹੁੰਦੀ ਹੈ। ਸੰਸਾਰ ਦੇ ਨਸ਼ੇ ਥੋੜ੍ਹਾ ਚਿਰ ਚੜ੍ਹਨ ਤੋਂ ਪਿਛੋਂ ਉਤਰ ਜਾਇਆ ਕਰਦੇ ਹਨ ਪਰ ਨਾਮ ਦਾ ਨਸ਼ਾ ਜੇ ਚੜ੍ਹ ਜਾਵੇ ਤਾਂ ਉਤਰਿਆ ਨੀਂ ਕਰਦਾ। ਕਾਰਨ ਕੀ ਹੈ?

*ਪੋਸਤ ਮਦੁ ਅਫੀਮ ਭੰਗ ਉਤਰ ਜਾਏ ਪਰਭਾਤਿ॥*
*ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤ॥*

ਬੇਨਤੀ ਸੁਣ ਕੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਨਾਮ ਤੇ ਬਾਣੀ ਵਿਚ ਸਚਮੁਚ ਹੀ ਖੁਮਾਰੀ ਹੋਇਆ ਕਰਦੀ ਹੈ। ਜੋ ਵੀ ਪੜ੍ਹੇ, ਉਸਨੂੰ ਰਸ ਆਉਂਦਾ ਹੈ। ਇਉਂ ਲਗਦਾ ਹੈ ਕਿ ਤੁਸੀਂ ਬਾਣੀ ਪੜ੍ਹਦੇ ਨਹੀਂ ਹੋ। ਨਹੀਂ ਤਾਂ ਕੋਈ ਕਾਰਨ ਨਹੀਂ ਕਿ ਰਸ ਨਾ ਆਵੇ। ਉਨ੍ਹਾਂ ਨੇ ਫਿਰ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਦਾ ਫੁਰਮਾਨ ਤਾਂ ਪੰਜ ਬਾਣੀਆਂ ਦਾ ਨਿਤਨੇਮ ਕਰਨ ਦਾ ਹੈ ਪਰ ਸਾਡੇ ਵਿਚੋਂ ਬਹੁਤ ਵੀਹ-ਵੀਹ ਬਾਣੀਆਂ ਪੜ੍ਹਦੇ ਹਨ। ਸੁਖਮਨੀ ਸਾਹਿਬ, ਆਸਾ ਜੀ ਦੀ ਵਾਰ, ਨਿਤਨੇਮ ਤੋਂ ਵਾਧੂ ਕਰਦੇ ਰਹਿੰਦੇ ਹਾਂ। ਮਹਾਰਾਜ ਜੀ ਨੇ ਫਿਰ ਕਿਹਾ ਕਿ ਨਹੀਂ ਭਾਈ ਤੁਸੀਂ ਬਾਣੀ ਨਿਯਮ ਪੂਰਵਕ ਨਹੀਂ ਪੜ੍ਹਦੇ। ਸੰਗਤ ਸੁਣ ਕੇ ਚੁੱਪ ਹੋ ਗਈ।

ਗੁਰੂ ਮਹਾਰਾਜ ਨੇ ਇਕ ਦ੍ਰਿਸ਼ਟਾਂਤ ਦੇ ਨਾਲ ਸਮਝਾਉਣ ਵਾਸਤੇ ਹੁਕਮ ਦਿਤਾ ਤੇ ਸੁਖ ਨਿਧਾਨ ਦੀ ਇਕ ਬਾਲਟੀ ਅਤੇ ਸਰਬ ਲੋਹ ਦੇ ਬਾਟੇ ਮੰਗਾ ਲਏ। ਸੰਗਤਾਂ ਦੀਆਂ ਦੋ ਪੰਗਤਾਂ ਬਣਾ ਲਈਆਂ। ਇਕਨਾਂ ਦੇ ਬਾਟਿਆਂ ਵਿਚ ਦੋ-ਦੋ ਘੁਟਾਂ ਪਾਈਆਂ, ਦੂਜਿਆਂ ਦੇ ਬਾਟਿਆਂ ਨੂੰ ਭਰ ਦਿਤਾ। ਭਰੇ ਹੋਏ ਬਾਟਿਆਂ ਵਾਲਿਆਂ ਨੂੰ ਕਿਹਾ ਕਿ ਉਥੇ ਦੂਰ ਜਾ ਕੇ ਸੁਖ ਨਿਧਾਨ ਦੀਆਂ ਕੁਰਲੀਆਂ ਕਰੋ। ਖਿਆਲ ਇਹ ਰਖਣਾ ਹੈ ਕਿ ਇਕ ਬੂੰਦ ਵੀ ਗਲ ਵਿਚ ਨਾ ਜਾਵੇ। ਦੂਜਿਆਂ ਦੇ ਬਾਟਿਆਂ ਵਿਚ ਦੋ-ਦੋ ਘੁਟਾਂ ਪੁਆ ਦਿਤੀਆਂ ਅਤੇ ਕਿਹਾ ਕਿ ਇਸਨੂੰ ਪੀ ਲਵੋ। ਜਦੋਂ ਸਾਰੇ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਇਕੱਠੇ ਹੋਏ ਤਾਂ ਭਰੇ ਹੋਏ ਬਾਟਿਆਂ ਵਾਲਿਆਂ ਨੂੰ ਪੁਛਿਆ, "ਕੀ ਸੂਰ ਆਇਆ?" ਉਨ੍ਹਾਂ ਨੇ ਕਿਹਾ, "ਮਹਾਰਾਜ! ਸੂਰ ਕਿਵੇਂ ਆਉਂਦਾ, ਅਸੀਂ ਤਾਂ ਇਕ ਬੂੰਦ ਵੀ ਅੰਦਰ ਨਹੀਂ ਜਾਣ ਦਿਤੀ, ਆਪ ਦੇ ਹੁਕਮ ਅਨੁਸਾਰ ਕੁਰਲੀਆਂ ਕੀਤੀਆਂ। ਇਸ ਕਰਕੇ ਕੋਈ ਅਸਰ ਨਹੀਂ ਹੋਇਆ। ਦੂਜੀ ਸੰਗਤ ਵਾਲਿਆਂ ਨੂੰ ਪੁਛਿਆ ਤਾਂ ਉਨ੍ਹਾਂ ਕਿਹਾ, "ਮਹਾਰਾਜ! ਨਸ਼ੇ ਦਾ ਥੋੜ੍ਹਾ ਅਸਰ ਹੋ ਚੁੱਕਿਆ ਹੈ।" ਤਾਂ ਮਹਾਰਾਜ ਜੀ ਨੇ ਸਮਝਾਇਆ ਕਿ ਭਾਈ ਜਿਨ੍ਹਾਂ ਨੇ ਸੁਖਨਿਧਾਨ ਪੀਤਾ ਹੈ, ਉਨ੍ਹਾਂ ਨੂੰ ਕੁਛ ਅਸਰ ਹੋਇਆ ਹੈ; ਜਿਨ੍ਹਾਂ ਨੇ ਨਹੀਂ ਪੀਤਾ, ਕੇਵਲ ਕੁਰਲੀਆਂ ਹੀ ਕੀਤੀਆਂ ਹਨ, ਭਾਵੇਂ ਉਨ੍ਹਾਂ ਦੇ ਬਾਟੇ ਭਰੇ ਹੋਏ ਸਨ ਪਰ ਤਾਂ ਵੀ ਕੋਈ ਅਸਰ ਨਹੀਂ ਹੋਇਆ। ਇਸੇ ਤਰ੍ਹਾਂ ਬਾਣੀ ਪੜ੍ਹਨ, ਨਾਮ ਜਪਣ ਵਿਚ ਭੇਦ ਹੈ।

ਉਸ ਵੇਲੇ ਮਹਾਰਾਜ ਜੀ ਨੂੰ ਪੁਛਿਆ ਕਿ ਬਾਣੀ ਕਿਸ ਤਰ੍ਹਾਂ ਪੜ੍ਹਨੀ ਚਾਹੀਦੀ ਹੈ ਅਤੇ ਨਾਮ ਕਿਸ ਤਰ੍ਹਾਂ ਜਪਣਾ ਚਾਹੀਦਾ ਹੈ? ਤੇ ਉਤਰ ਵਿਚ ਮਹਾਰਾਜ ਜੀ ਨੇ ਫੁਰਮਾਇਆ ਕਿ ਬਾਣੀ ਪੜ੍ਹਨ ਦੇ ਚਾਰ ਭੇਦ ਹਨ। ਪਹਿਲਾ ਯਾਦ ਕੀਤੀ ਹੋਈ ਬਾਣੀ ਜਾਂ ਕਿਸੇ ਗੁਟਕੇ ਰਾਹੀਂ ਦੇਖ ਕੇ ਪੜ੍ਹੀ ਜਾਂਦੀ ਹੈ। ਇਸ ਵਿਚ ਮਨ ਨਹੀਂ ਟਿਕਿਆ ਕਰਦਾ, ਇਹ ਇਕ ਬੱਧਾ-ਰੁੱਧੀ ਪੜ੍ਹਨ ਦੇ ਬਰਾਬਰ ਹੈ। ਦੂਜੀ ਅਵਸਥਾ ਵਿਚ ਨਵੇਂ ਸਾਧਕ ਲਈ ਦੱਸਿਆ ਜਾਂਦਾ ਹੈ ਕਿ ਅੱਖਰਾਂ ਨਾਲ ਲੱਗੀਆਂ ਹੋਈਆਂ ਲਗਾਂ ਮਾਤਰਾਂ ਵਲ ਧਿਆਨ ਦੇ ਕੇ ਬਾਣੀ ਪੜ੍ਹੇ, ਉਸ ਨਾਲ ਮਨ ਕੁਛ ਕੁ ਰੁਕ ਜਾਂਦਾ ਹੈ। ਤੀਸਰਾ ਤਰੀਕਾ ਬਾਣੀ ਦੇ ਅਰਥ ਭਾਵ ਸਮਝ ਕੇ ਪੜ੍ਹਨ ਦਾ ਹੋਇਆ ਕਰਦਾ ਹੈ। ਇਸ ਵਿਚ ਮਨ ਥੋੜ੍ਹਾ ਹੋਰ ਟਿਕਦਾ ਹੈ। ਚੌਥੇ ਦਰਜੇ ਤੇ ਬਾਣੀ ਭਾਵਲੀਨ ਹੋ ਕੇ ਪੜ੍ਹੀ ਜਾਂਦੀ ਹੈ, ਜਿਸ ਵਿਚ ਹਿਰਦਾ ਬਾਣੀ ਦੇ ਭਾਵ ਨਾਲ ਲੀਨ ਹੋਇਆ ਹੋਰ ਸਭ ਗੱਲਾਂ ਭੁੱਲ ਕੇ ਸਿਧਾਂਤ ਨੂੰ ਮਨ ਵਿਚ ਵਸਾਉਂਦਾ ਹੈ ਅਤੇ ਬਾਣੀ ਨੂੰ ਮੰਨਦਾ ਹੈ। ਮੰਨਨ ਕਰਨ ਪਿਛੋਂ ਬਾਣੀ ਦੇ ਦਿਤੇ ਉਪਦੇਸ਼ਾਂ ਦੇ ਮੁਤਾਬਿਕ ਆਪਣਾ ਜੀਵਨ ਚਲਾਉਂਦਾ ਹੈ।

ਜੇ ਬਾਣੀ ਦਾ ਪਾਠ ਰੋਜ਼-ਰੋਜ਼ ਬਿਰਤੀ ਜੋੜ ਕੇ ਕੀਤਾ ਜਾਏ ਤਾਂ ਬਾਣੀ ਵਿਚ ਆਏ ਸਿਧਾਂਤ ਅਸਾਡੇ ਅੰਦਰ ਡੂੰਘੇ ਚਲੇ ਜਾਂਦੇ ਹਨ ਅਤੇ ਸਾਡੇ ਜੀਵਨ ਉਤੇ ਅਸਰ ਪਾਉਣ ਲਗ ਜਾਂਦੇ ਹਨ। ਇਸ ਤਰ੍ਹਾਂ ਅਸਾਡਾ ਮੇਲ, ਅੰਦਰ ਵਸਦੇ ਨਿਰੰਕਾਰ ਜੀ ਨਾਲ ਗਾੜ੍ਹਾ ਹੋਣ ਲਗ ਜਾਂਦਾ ਹੈ। ਅਸੀਂ ਬਾਣੀ ਕੀਰਤਨ ਰਾਹੀਂ ਵੀ ਸੁਣਦੇ ਹਾਂ। ਜਦੋਂ ਅਸੀਂ ਪੂਰੀ ਸਾਵਧਾਨਤਾ ਦੇ ਨਾਲ ਕੀਰਤਨ ਵਿਚ ਗਾਈ ਜਾ ਰਹੀ ਬਾਣੀ ਦੇ ਨਾਲ-ਨਾਲ ਆਪਣੇ ਮਨ ਨੂੰ ਜੋੜੀ ਰੱਖਾਂਗੇ ਤਾਂ ਸਾਡਾ ਚਿਤ ਇਸ ਕੀਰਤਨ ਵਿਚੋਂ ਰਸ ਮਾਨਣ ਲਗ ਜਾਏਗਾ। ਜੇ ਬਾਣੀ ਵਿਚ ਪਛਤਾਵੇ ਦੇ ਮਨੋ-ਭਾਵ ਵਾਲੀਆਂ ਤੁਕਾਂ ਪੜ੍ਹੀਆਂ ਜਾ ਰਹੀਆਂ ਹਨ ਤਾਂ ਸਾਡੇ ਮਨ ਦੀ ਅਵਸਥਾ ਵੀ ਆਪਣੇ ਔਗੁਣਾਂ ਨੂੰ ਵੇਖ ਪਛਤਾਵੇ ਵਿਚ ਬੇ-ਵਸ ਹੋਈ ਹੋਈ ਔਗੁਣ ਬਖਸ਼ਾਉਣ ਲਈ ਅੰਦਰੋ-ਅੰਦਰ ਬੇਨਤੀਆਂ ਕਰੇਗੀ ਅਤੇ ਮਨ ਵਿਚ ਇਹ ਅਵਸਥਾ ਛਾ ਜਾਏਗੀ, ਹਿਰਦਾ ਨਿਰੰਕਾਰ ਨਾਲ ਜੁੜਨ ਦੀ ਕੋਸ਼ਿਸ਼ ਕਰੇਗਾ।

ਕਈ ਵਾਰੀ ਐਸਾ ਹੁੰਦਾ ਹੈ ਕਿ ਅਸਾਡੀ ਜੀਵਨ ਨਈਆ ਉਪਾਧੀਆਂ ਦੇ ਕਾਰਨ ਡੋਲਣ ਲਗ ਜਾਂਦੀ ਹੈ ਜਿਵੇਂ ਕਿ ਸਰੀਰ ਰੋਗੀ ਹੋ ਗਿਆ, ਬਿਜ਼ਨਸ ਵਿਚ ਘਾਟਾ ਪੈ ਗਿਆ, ਕੋਈ ਬੰਦਾ ਅ-ਕਾਰਨ ਵੈਰ ਕਰਨ ਲਗ ਗਿਆ, ਕਿਸੇ ਸਬੰਧੀ ਦਾ ਵਿਛੋੜਾ ਹੋ ਗਿਆ ਜਾਂ ਕਿਸੇ ਕਾਰਨ ਕਰਕੇ ਅਸੀਂ ਪਰੇਸ਼ਾਨੀਆਂ ਵਿਚ ਫਸ ਗਏ ਤਾਂ ਅਸੀਂ ਵਾਹਿਗੁਰੂ ਜੀ ਨੂੰ ਸਹਾਇਤਾ ਲਈ ਬੇਨਤੀ ਕਰਨ ਵਾਸਤੇ ਅਜਿਹੀ ਬਾਣੀ ਚੁਣਦੇ ਹਾਂ ਜਿਸ ਵਿਚ ਸੰਕਟ ਦੂਰ ਹੋ ਜਾਣ ਦੇ ਭਾਵ ਹੋਣ। ਉਸ ਸਮੇਂ ਸਾਡਾ ਮਨ ਹੰਝੂ ਭਰੇ ਨੇਤਰਾਂ ਨਾਲ ਵਾਹਿਗੁਰੂ ਜੀ ਨਾਲ ਜੁੜਨ ਦਾ ਜਤਨ ਕਰਦਾ ਹੈ ਅਤੇ ਅਸੀਂ ਆਸ ਰਖਦੇ ਹਾਂ ਕਿ ਉਹ ਸਾਡੀ ਸਮੱਸਿਆ ਦਾ ਜ਼ਰੂਰ ਹੱਲ ਕਰੇਗਾ। ਅਜਿਹੇ ਸਮੇਂ ਸਾਡੇ ਮਨ ਵਿਚ ਕੋਈ ਫੁਰਨੇ ਨਹੀਂ ਹੋਣਗੇ ਅਤੇ ਅਸੀਂ ਮਨੋ-ਭਾਵਾਂ ਵਿਚ ਡੁੱਬੇ ਹੋਏ ਹੋਵਾਂਗੇ, ਦੁਨੀਆਂ ਤੋਂ ਟੁੱਟ ਕੇ ਵਾਹਿਗੁਰੂ ਜੀ ਦੀ

ਹਜ਼ੂਰੀ ਮਹਿਸੂਸ ਕਰਦੇ ਹੋਵਾਂਗੇ। ਦਰਅਸਲ ਸਾਰਾ ਕੰਮ ਅਸਾਡੇ ਮਨ ਨਾਲ ਸਬੰਧ ਰਖਦਾ ਹੈ। ਜੇ ਮਨ ਮੰਨ ਜਾਵੇ ਤਾਂ ਅਸੀਂ ਵਾਹਿਗੁਰੂ ਜੀ ਨਾਲ ਬਹੁਤ ਸਹਿਜੇ ਹੀ ਜੁੜ ਜਾਇਆ ਕਰਦੇ ਹਾਂ।

ਇਤਿਹਾਸ ਵਿਚ ਬਾਬਾ ਬੁੱਢਾ ਜੀ ਬਾਰੇ ਜ਼ਿਕਰ ਆਉਂਦਾ ਹੈ ਕਿ ਉਹ ਬਹੁਤ ਛੋਟੀ ਉਮਰ ਦੇ ਸਨ। ਗੁਰੂ ਨਾਨਕ ਪਾਤਸ਼ਾਹ ਜੀ ਦੇ ਬਚਨ ਬਹੁਤ ਟਿਕੇ ਹੋਏ ਮਨ ਨਾਲ ਸਰਵਣ ਕਰਿਆ ਕਰਦੇ ਸਨ ਅਤੇ ਉਨ੍ਹਾਂ ਦੇ ਮਨੋ-ਭਾਵ ਵੈਰਾਗ ਵਾਲੇ ਪ੍ਰਤੀਤ ਦਿੰਦੇ ਸਨ।

ਗੁਰੂ ਨਾਨਕ ਪਾਤਸ਼ਾਹ ਨੇ ਇਕ ਦਿਨ ਪੁੱਛਿਆ ਕਿ ਬੇਟਾ! ਤੇਰੀ ਉਮਰ ਤਾਂ ਬਹੁਤ ਛੋਟੀ ਹੈ, ਕੀ ਕਾਰਨ ਹੈ ਤੂੰ ਐਨਾ ਸਾਵਧਾਨ ਹੋ ਕੇ ਬਾਣੀ ਸਰਵਣ ਕਰਦਾ ਹੈ? ਤਾਂ ਉਸਨੇ ਜਵਾਬ ਦਿਤਾ ਕਿ ਮਹਾਰਾਜ ਜੀ ਮੈਨੂੰ ਜੀਵਨ ਦਾ ਕੋਈ ਭਰੋਸਾ ਨਹੀਂ ਕਿਉਂਕਿ ਆਪ ਫੁਰਮਾਨ ਕਰਦੇ ਹੋ ਕਿ -

*ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥*
*ਪੰਨਾ - 660*

ਇਹੀ ਵੀ ਕੋਈ ਪਤਾ ਨਹੀਂ ਕਿ ਕਿਸ ਵੇਲੇ ਕਾਲ ਰੂਪੀ ਬਿੱਲਾ ਝਪਟਾ ਮਾਰ ਕੇ ਜੀਵਨ ਸਮਾਪਤ ਕਰ ਦੇਵੇ। ਗੁਰੂ ਮਹਾਰਾਜ ਜੀ ਨੇ ਪੁੱਛਿਆ ਕਿ ਇਹ ਖਿਆਲ ਤੇਰੇ ਅੰਦਰ ਕਿਵੇਂ ਪੈਦਾ ਹੋਇਆ ਤਾਂ ਉਸਨੇ ਉਤਰ ਵਿਚ ਦੱਸਿਆ ਕਿ ਇਕ ਦਿਨ ਮੇਰੀ ਮਾਂ ਨੇ ਕਿਹਾ ਕਿ ਬੇਟਾ! ਮੈਂ ਆਟਾ ਗੁੰਨਦੀ ਹਾਂ; ਤੈਂ ਛੇਤੀ ਜਾਣਾ ਹੈ, ਮੇਰੀ ਮਦਦ ਕਰ, ਚੁਲ੍ਹੇ ਵਿਚ ਅੱਗ ਜਲਾ ਦੇ। ਮੈਂ ਮੋਟੀਆਂ ਲੱਕੜਾਂ ਲੈ ਕੇ ਬਹੁਤ ਫੂਕਾਂ ਮਾਰੀਆਂ ਪਰ ਵਿਚ ਰੱਖੀ ਹੋਈ ਅੱਗ ਨੇ ਉਨ੍ਹਾਂ ਲੱਕੜਾਂ ਨੂੰ ਨਹੀਂ ਜਾਲਿਆ। ਮਾਂ ਨੇ ਕਿਹਾ ਕਿ ਬੇਟਾ, ਐਉਂ ਅੱਗ ਨਹੀਂ ਜਾਲੀਦੀ। ਪਹਿਲਾਂ ਛੋਟੇ-ਛੋਟੇ ਸੱਕ, ਛੋਟੀਆਂ-ਛੋਟੀਆਂ ਲੱਕੜੀਆਂ ਚੁਲ੍ਹੇ ਵਿਚ ਰੱਖ ਤੇ ਫੇਰ ਅੱਗ ਰੱਖ ਕੇ ਫੂਕ ਮਾਰ, ਅੱਗ ਜਲ ਪਵੇਗੀ। ਫੇਰ ਤੂੰ ਹੌਲੀ-ਹੌਲੀ ਮੋਟੀਆਂ ਲੱਕੜਾਂ ਸੰਭਾਲ ਕੇ ਉਤੇ ਰੱਖ ਦੇਵੀਂ। ਮਹਾਰਾਜ ਜੀ, ਮੈਂ ਦੇਖਦਾ ਰਿਹਾ, ਛੋਟੀਆਂ ਲੱਕੜਾਂ ਨੂੰ ਵੱਡੀਆਂ ਨਾਲੋਂ ਪਹਿਲਾਂ ਅੱਗ ਲਗਦੀ ਗਈ। ਮੈਨੂੰ ਖਿਆਲ ਆਇਆ ਕਿ ਮੌਤ ਰੂਪੀ ਅੱਗ ਸ਼ਾਇਦ ਮੈਨੂੰ ਛੋਟੇ ਨੂੰ ਪਹਿਲੋਂ ਲੱਗੇ, ਇਹ ਖਿਆਲ ਮੇਰੇ ਅੰਦਰ ਦ੍ਰਿੜ ਹੋ ਗਿਆ।

ਮਹਾਰਾਜ ਜੀ ਸਾਡੇ ਪਿੰਡ ਉਤੇ ਹਮਲਾ ਹੋ ਗਿਆ। ਉਨ੍ਹਾਂ ਨੇ ਕਿਸੇ ਬੱਚੇ-ਬੁੱਢੇ ਦਾ ਲਿਹਾਜ਼ ਨਾ ਕੀਤਾ। ਜੋ ਸਾਹਮਣੇ ਆਇਆ ਉਸਨੂੰ ਮਾਰ ਦਿਤਾ ਜਾਂ ਜ਼ਖਮੀ ਕਰ ਦਿਤਾ। ਉਸ ਵੇਲੇ ਤੋਂ ਮੇਰੇ ਮਨ ਵਿਚ ਵੈਰਾਗ ਪੈਦਾ ਹੋ ਗਿਆ ਅਤੇ ਮੈਨੂੰ ਜਮਾਂ ਦੀ ਮਾਰ ਤੋਂ ਬਹੁਤ ਡਰ ਲੱਗਣ ਲੱਗ ਗਿਆ ਅਤੇ ਮੈਂ ਅਗਲੀ ਦੁਨੀਆਂ ਲਈ ਸਦਾ ਹੀ ਸੋਚ ਵਿਚ ਰਹਿੰਦਾ ਹਾਂ। ਆਪ ਕ੍ਰਿਪਾ ਕਰਕੇ ਮੈਨੂੰ ਉਪਦੇਸ਼ ਦੇਵੋ। ਗੁਰੂ ਮਹਾਰਾਜ ਜੀ ਨੇ ਉਪਦੇਸ਼ ਦਿਤਾ ਅਤੇ ਕਿਹਾ ਕਿ ਬੇਟਾ! ਤੇਰੀ ਸੋਚ ਬੱਚਿਆਂ ਵਾਲੀ ਨਹੀਂ ਹੈ, ਬੁੱਢਿਆਂ ਵਾਲੀ ਹੈ। ਜਮਾਂ ਦੀ ਮਾਰ ਤੋਂ ਉਪਜੀ ਸੋਚ ਨੇ ਬਾਬਾ ਬੁੱਢਾ ਜੀ ਦੇ ਜੀਵਨ ਉਤੇ ਕਿੰਨਾ ਅਸਰ ਪਾਇਆ ਅਤੇ ਕਿੱਡੀ ਵੱਡੀ ਪਦਵੀ ਪ੍ਰਾਪਤ ਕੀਤੀ। ਸੋ ਮਨ ਵਿਚ ਵੈਰਾਗ ਹੋਣਾ ਜ਼ਰੂਰੀ ਹੈ।

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ॥* *ਪੰਨਾ - 342*

ਇਹ ਸਾਰਾ ਸੰਸਾਰ ਮਨ ਕਰਕੇ ਹੀ ਭਾਸ ਰਿਹਾ ਹੈ। ਇਹੋ ਮਨ ਜਦੋਂ ਫੁਰਨੇ ਬੰਦ ਕਰ ਦਿੰਦਾ ਹੈ ਅਤੇ ਨਾਮ ਦੇ ਬਲ ਨਾਲ ਗਹਿਰਾ ਜਾ ਕੇ ਸਤਿ ਨੂੰ ਅਨੁਭਵ ਵਿਚ ਲਿਆਉਂਦਾ ਹੈ ਤਾਂ ਇਹੋ ਸੰਸਾਰ ਗੋਬਿੰਦ ਰੂਪ ਹੋ ਕੇ ਦਿਸਦਾ ਹੈ।

ਮਨ ਵਿਚ ਦੋ ਤਰ੍ਹਾਂ ਦੇ ਫੁਰਨੇ ਉਠਦੇ ਹਨ। ਇਕ ਮਾੜੇ ਫੁਰਨੇ ਹਨ, ਇਕ ਸ਼ੁਭ ਫੁਰਨੇ ਹਨ। ਇਹ ਫੁਰਨੇ ਨਾ ਹੀ ਬਾਣੀ ਦਾ ਅਤੇ ਨਾ ਹੀ ਨਾਮ ਦੀਆਂ ਅਨੁਭਵੀ ਮੰਜ਼ਲਾਂ ਦਾ ਰਸ ਲੈਣ ਦਿੰਦੇ ਹਨ। ਮਨ ਧਾਂਵਦਾ ਹੈ, ਉਡਾਰੀਆਂ ਮਾਰਦਾ ਹੈ -

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥*
*ਪੰਨਾ - 66*

ਉਡਾਰੀਆਂ ਦੇ ਵਿਚ ਮਨ ਬਹੁਤ ਦੁਖੀ ਹੋ ਜਾਂਦਾ ਹੈ ਤੇ ਇਹ ਸੰਸਾਰ ਦੁਖਾਂ ਭਰਿਆ ਪ੍ਰਤੀਤ ਦੇਣ ਲਗ ਜਾਂਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

*ਚੰਚਲ ਮਨੁ ਦਹਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ॥*
*ਕਹੁ ਨਾਨਕ ਇਹ ਬਿਧਿ ਕੋ ਜੋ ਨਰੁ*
*ਮੁਕਤਿ ਤਾਹਿ ਤੁਮ ਮਾਨੋ॥* *ਪੰਨਾ - 685*

ਆਪ ਜੀ ਦਾ ਫੁਰਮਾਨ ਹੈ ਕਿ ਇਸ ਦਸਾਂ ਦਿਸ਼ਾਂ ਵਿਚ ਧਾ ਰਹੇ ਮਨ ਨੂੰ ਕੋਈ ਵਿਰਲਾ ਗੁਰਮੁਖ ਅਚੱਲ ਅਵਸਥਾ ਵਿਚ ਠਹਿਰਾ ਲੈਂਦਾ ਹੈ। ਜਿਸਦਾ ਮਨ ਟਿਕ ਗਿਆ, ਅਫੁਰ ਹੋ ਗਿਆ, ਉਹ ਮੁਕਤ ਆਤਮਾ ਹੋਇਆ ਕਰਦੀ ਹੈ। ਜੇ ਮਨ ਧਾਂਵਦਾ ਹੀ ਧਾਂਵਦਾ ਹੈ ਤਾਂ ਇਸਦੇ ਕੀਤੇ ਹੋਏ ਸ਼ੁਭ ਕਰਮ ਕਿਸੇ ਲੇਖੇ ਵਿਚ ਨਹੀਂ ਲੱਗਿਆ ਕਰਦੇ ਜਿਵੇਂ ਕਿ ਫੁਰਮਾਨ ਹੈ -

*ਤੀਰਥ ਕਰੈ ਬਰਤ ਫੁਨਿ ਰਾਖੈ*
*ਨਹ ਮਨੂਆ ਬਸਿ ਜਾ ਕੋ॥*
*ਨਿਹਫਲ ਧਰਮੁ ਤਾਹਿ ਤੁਮ ਮਾਨਹੁ*
*ਸਾਚੁ ਕਹਤ ਮੈ ਯਾ ਕਉ॥* *ਪੰਨਾ - 831*

ਉਸਦਾ ਮਨ ਅਭਿੱਜ ਰਹਿੰਦਾ ਹੈ। ਬਾਣੀ ਪੜ੍ਹਨੀ, ਕੀਰਤਨ ਸੁਣਨਾ, ਨਾਮ ਜਪਣਾ ਅਸਰ ਨਹੀਂ ਕਰਿਆ ਕਰਦਾ ਕਿਉਂਕਿ ਅੰਦਰੋਂ ਵੈਰਾਗ ਤੋਂ ਹੀਣਾ ਮਨ ਭਜਨ ਕਰਨ ਵੇਲੇ, ਬਾਣੀ ਪੜ੍ਹਨ ਵੇਲੇ ਕਦੇ ਵੀ ਚਿਤ ਦਾ ਸਾਥ ਨਹੀਂ ਦਿੰਦਾ, ਭੱਜਿਆ ਫਿਰਦਾ ਰਹਿੰਦਾ ਹੈ। ਐਸੇ ਪ੍ਰਾਣੀ ਲਈ ਫੁਰਮਾਨ ਹੈ ਕਿ -

*ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ॥*
*ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ॥*
*ਪੰਨਾ - 831*

ਫੇਰ ਪ੍ਰਸ਼ਨ ਉਠਦਾ ਹੈ, ਅਜਿਹੇ ਮਨ ਨਾਲ ਕਿਵੇਂ ਨਿਪਟਿਆ ਜਾਵੇ?

ਸਭ ਤੋਂ ਪਹਿਲਾਂ ਪੂਰਨ ਮਹਾਂਪੁਰਸ਼ ਦੀ ਸੰਗਤ ਕਰਨੀ ਜ਼ਰੂਰੀ ਹੈ, ਜੋ ਅਜਿਹੇ ਜੀਵ ਨੂੰ ਆਪਣਾ ਪਿਆਰ ਦੇ ਕੇ, ਬਚਨ ਸੁਣਾ ਕੇ, ਪ੍ਰਭੂ ਦੀ ਸਰਬੱਗਤਾ ਦੇ ਬਚਨ ਸੁਣਾ ਕੇ ਇਸਦੇ ਮਨ ਵਿਚ ਵਾਹਿਗੁਰੂ ਜੀ ਦਾ ਵਿਸ਼ਵਾਸ਼ ਪੈਦਾ ਕਰਦੇ ਹਨ, ਦੁਨੀਆਂ ਨੂੰ ਅਸੱਤਿ ਜਣਾ ਕੇ ਮਾਨਸ ਜਨਮ ਦੇ ਪ੍ਰਮ ਮਨੋਰਥ ਬਾਰੇ ਗਿਆਤ ਕਰਾ ਕੇ ਪ੍ਰਭੂ ਵਲ ਲਾਉਂਦੇ ਹਨ ਅਤੇ ਇਸਦੀ ਖੋਟੀ ਮਤ ਦੂਰ ਕਰਨ ਲਈ ਆਪਣੀ ਵਿਸ਼ੇਸ਼ ਕ੍ਰਿਪਾ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

*ਮਾਈ ਮਨੁ ਮੇਰੋ ਬਸਿ ਨਾਹਿ॥*

*ਨਿਸ ਬਾਸੁਰ ਬਿਖਿਆਨ ਕਉ ਧਾਵਤ*
*ਕਿਹਿ ਬਿਧਿ ਰੋਕਉ ਤਾਹਿ॥*
*ਬੇਦ ਪੁਰਾਨ ਸਿਮ੍ਰਿਤਿ ਕੇ ਮਤਿ ਸੁਨਿ*
*ਨਿਮਖ ਨ ਹੀਏ ਬਸਾਵੈ॥*
*ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ॥*
*ਮਦਿ ਮਾਇਆ ਕੈ ਭਇਓ ਬਾਵਰੋ*
*ਸੂਝਤ ਨਹ ਕਛੁ ਗਿਆਨਾ॥*
*ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ॥*
*ਜਬ ਹੀ ਸਰਨਿ ਸਾਧ ਕੀ ਆਇਓ*
*ਦੁਰਮਤਿ ਸਗਲ ਬਿਨਾਸੀ॥*
*ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ॥*
*ਪੰਨਾ - 632-33*

ਸਾਧੂ ਦੀ ਮਿਹਰ ਦੇ ਨਾਲ ਗੁਰੂ ਅਤੇ ਵਾਹਿਗੁਰੂ ਜੀ ਉਪਰ ਭਰੋਸਾ ਬੱਝਦਾ ਹੈ ਅਤੇ ਨਾਮ ਦੀ ਮਹਿਮਾ ਹਿਰਦੇ ਵਿਚ ਵਸਣੀ ਸ਼ੁਰੂ ਹੋ ਜਾਂਦੀ ਹੈ। ਵਾਹਿਗੁਰੂ ਤੇ ਪ੍ਰਤੀਤ, ਗੁਰੂ ਤੇ ਭਰੋਸਾ, ਨਾਮ ਦੀ ਮਹਿਮਾ ਦੇ ਪ੍ਰਕਾਸ਼ ਵਿਚ ਜਦੋਂ ਜੀਵਨ ਗੁਜ਼ਾਰਦਾ ਹੈ ਤਾਂ ਮਨ ਵਿਚ ਵੈਰਾਗ ਧਾਰਨ ਕਰਕੇ, ਗੁਰੂ ਤੋਂ ਨਾਮ ਪ੍ਰਾਪਤ ਕਰਕੇ, ਉਸ ਵਿਚ ਸੁਰਤ ਜੁੜਦੀ ਹੈ ਤਾਂ ਇਹ ਯਾਦ ਦੇ ਸੰਸਕਾਰ ਜਿਉਂ-ਜਿਉਂ ਅੰਤਸ਼ਕਰਣ ਵਿਚ ਪ੍ਰਵੇਸ਼ ਕਰਦੇ ਹਨ ਤਾਂ ਮਨ ਦੀ ਮੈਲ ਧੁਲਣੀ ਸ਼ੁਰੂ ਹੋ ਜਾਂਦੀ ਹੈ ਅਤੇ ਵਾਹਿਗੁਰੂ ਜੀ ਦੀ ਸਮਰੱਥਾ ਦਾ ਵਿਸ਼ਵਾਸ਼ ਹਿਰਦੇ ਵਿਚ ਪ੍ਰਵੇਸ਼ ਕਰਕੇ ਭਰੋਸੇ ਦੇ ਘਰ ਵਿਚ ਆ ਜਾਂਦਾ ਹੈ ਅਤੇ ਅਜਿਹੇ ਗੁਰੂ ਵਾਕ ਹਨ -

*ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥*
*ਤਾ ਕੋ ਦੂਖੁ ਹਰਿਓ ਕਰੁਣਾਮੈ ਅਪਨੀ ਪੈਜ ਬਢਾਈ॥*
*ਪੰਨਾ - 1008*

ਅਜਿਹੇ ਭਰੋਸੇ ਦੇ ਭਾਵਾਂ ਅੰਦਰ ਨਾਮ ਦੇ ਨਾਲ ਸੁਰਤ ਜੋੜਦਾ ਹੈ। ਜਿਸ ਤਰ੍ਹਾਂ ਦੇ ਨਾਲ ਇਕ ਚੁਵੱਚਾ ਗੰਦੇ ਪਾਣੀ ਦੇ ਨਾਲ ਭਰਿਆ ਹੋਵੇ, ਉਸ ਵਿਚ ਸਫਾਈ ਕਰਨ ਲਈ ਜੇ ਅਸੀਂ ਪਾਣੀ ਵਾਲੀ ਟੋਪ ਦਾ ਮੂੰਹ ਖੋਲ ਦੇਈਏ ਤਾਂ ਪਾਣੀ ਹੌਲੀ-ਹੌਲੀ ਉਸ ਵਿਚ ਨਿਰੰਤਰ ਪੈਂਦਾ ਜਾਵੇਗਾ, ਮੈਲ ਬਾਹਰ ਨਿਕਲਦੀ ਜਾਵੇਗੀ ਅਤੇ ਚੁਵੱਚਾ ਸ਼ੁਧ ਜਲ ਵਾਲਾ ਹੋ ਜਾਵੇਗਾ। ਇਸੀ ਤਰ੍ਹਾਂ ਮਹਾਰਾਜ ਜੀ ਫੁਰਮਾਉਂਦੇ ਹਨ -

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥ ਪੰਨਾ - 4*

ਭਜਨ ਕਰਨ ਲਈ ਅੰਮ੍ਰਿਤ ਵੇਲਾ ਸਰੇਸ਼ਟ ਸਮਾਂ ਹੈ। ਉਸ ਵੇਲੇ ਕੋਈ ਖਿਆਲ ਮਨ ਵਿਚ ਨਹੀਂ ਹੁੰਦਾ, ਸਹਿਜੇ ਹੀ ਬਾਣੀ ਅਤੇ ਨਾਮ ਵਿਚ ਮਨ ਜੁੜ ਜਾਂਦਾ ਹੈ। ਦਿਨ ਚੜ੍ਹੇ ਸੰਸਾਰਕ ਗੁੰਝਲਾਂ ਮਨ ਨੂੰ ਆ ਘੇਰਦੀਆਂ ਹਨ; ਹੋਰ ਸਮਾਂ ਲੰਘੇ ਤੇ ਭੁੱਖ ਪਿਆਸ ਲਗ ਜਾਂਦੀ ਹੈ ਜੈਸਾ ਕਿ ਮਹਾਰਾਜ ਜੀ ਦਾ ਫੁਰਮਾਨ ਹੈ -

*ਦੂਜੇ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥*
*ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥*
*ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ॥*
*ਪੰਨਾ - 145*

ਸੋ ਮਨ ਜਦੋਂ ਤਕ ਧਾਂਵਦਾ ਹੈ, ਉਨਾਂ ਚਿਰ ਨਾ ਹੀ ਬਾਣੀ ਦਾ ਰਸ ਆਉਂਦਾ ਹੈ, ਨਾ ਹੀ ਨਾਮ ਦੀਆਂ ਮੰਜ਼ਲਾਂ ਤਹਿ ਹੁੰਦੀਆਂ ਹਨ ਤੇ ਨਾ ਹੀ ਅੰਦਰਲੀ ਖੋਜ ਕੀਤੀ ਜਾ ਸਕਦੀ ਹੈ ਕਿਉਂਕਿ ਇਸ ਮਨ ਵਿਚ ਪੰਜੇ ਚੋਰਾਂ ਦਾ ਵਾਸਾ ਹੈ। ਜੋ ਸਦਾ ਆਪਣੀ ਮਨ ਮਰਜ਼ੀ ਕਰਕੇ ਨਾਮ ਧਨ (ਅੰਮ੍ਰਿਤ) ਲੁੱਟ ਰਹੇ ਹਨ। ਇਸ ਤੋਂ ਇਲਾਵਾ ਵੈਰ, ਵਿਰੋਧ, ਈਰਖਾ, ਆਸਾ, ਤ੍ਰਿਸ਼ਨਾ ਰੂਪੀ ਭਿਆਨਕ ਡੈਣਾਂ ਇਸ ਮਨ ਵਿਚ ਹੀ ਵਸ ਰਹੀਆਂ ਹਨ।

*ਭੀਤਰਿ ਪੰਚ ਗੁਪਤ ਮਨਿ ਵਾਸੇ॥*
*ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ॥*
*ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ॥*
*ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ॥*
*ਪੰਨਾ - 359*

ਅਤੇ ਇਸਦੀਆਂ ਉਡਾਰੀਆਂ ਬਾਰੇ ਫੁਰਮਾਨ ਹੈ -

*ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥*
*ਪੰਨਾ - 876*

*ਸਾਧੋ ਇਹੁ ਮਨੁ ਗਹਿਓ ਨ ਜਾਈ॥*
*ਚੰਚਲ ਤ੍ਰਿਸਨਾ ਸੰਗਿ ਬਸਤੁ ਹੈ*
*ਯਾ ਤੇ ਥਿਰੁ ਨ ਰਹਾਈ॥ ਪੰਨਾ - 219*

ਸੋ ਐਸਾ ਮਨ ਦਾ ਸੁਭਾਅ ਹੋਣ ਕਰਕੇ, ਜੋ ਇਕ ਖਿਨ ਵਾਸਤੇ ਵੀ ਨਹੀਂ ਟਿਕਦਾ, ਉਹ ਕਿਸ ਤਰ੍ਹਾਂ ਦੇ ਨਾਲ ਬਾਣੀ ਦਾ ਰਸ ਮਾਣ ਸਕਦਾ ਹੈ? ਫੁਰਮਾਨ ਹੈ -

*ਮਨੂਆ ਦਹਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ॥*
*ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ॥*
*ਪੰਨਾ - 565*

ਅਜਿਹੇ ਹਾਲਤ ਅਧੀਨ ਇਹ ਜੀਵ ਮਨ ਦੇ ਅੱਗੇ ਬੇ-ਵਸ ਹੈ ਅਤੇ ਗੁਰੂ ਕ੍ਰਿਪਾ ਤੋਂ ਬਗੈਰ ਨਿਰਬਲ ਹੈ; ਮਨ ਦਾ ਮੁਕਾਬਲਾ ਨਹੀਂ ਕਰ ਸਕਦਾ।

ਵੱਡੇ-ਵੱਡੇ ਇਸ ਮਨ ਦੇ ਅੱਗੇ ਹਾਰ ਗਏ ਹਨ ਜਿਵੇਂ ਕਿ ਇਕ ਵਾਰਤਾ ਹੈ ਕਿ ਜੈਮਨੀ ਰਿਸ਼ੀ ਜੀ ਨੇ ਆਪਣੇ ਗ੍ਰੰਥ ਵਿਚ ਲਿਖ ਦਿਤਾ ਕਿ ਗਿਆਨਵਾਨ, ਮਨ ਨੂੰ ਮਾਰ ਲੈਂਦਾ ਹੈ। ਵੇਦ ਵਿਆਸ ਜੀ ਦੇ ਕੋਲ ਜਦੋਂ ਆਪਣਾ ਲਿਖਿਆ ਸੁਣਾਇਆ, ਤਾਂ ਉਨ੍ਹਾਂ ਨੇ ਕਿਹਾ ਕਿ ਜਦੋਂ ਤਕ ਪੂਰਨ ਗਿਆਨ ਨਹੀਂ ਹੁੰਦਾ, ਸਾਸ਼ਤਰਾਂ ,ਹੋਰ ਪੁਸਤਕਾਂ ਦਾ ਪੜ੍ਹਿਆ ਹੋਇਆ ਗਿਆਨ, ਮਨ ਰਾਜੇ ਦੇ ਅੱਗੇ ਨਿਰਬਲ ਹੋਇਆ ਕਰਦਾ ਹੈ। ਉਨ੍ਹਾਂ ਨੇ ਹੱਠ ਕੀਤਾ ਤਾਂ ਵਿਆਸ ਜੀ ਨੇ ਵਿਚਾਰਿਆ ਕਿ ਜੈਮਨੀ ਨੂੰ ਮਨ ਦੀ ਸ਼ਕਤੀ ਦਾ ਗਿਆਨ ਨਹੀਂ, ਆਪ ਨੇ ਆਪਣੀ ਮਾਇਆ ਪਸਾਰ ਦਿਤੀ।

ਸੂਰਜ ਛਿਪ ਚੁੱਕਿਆ ਸੀ। ਇਕ ਨਵੀਂ ਵਿਆਹੀ ਔਰਤ ਉਨ੍ਹਾਂ ਦੇ ਆਸ਼ਰਮ ਦੇ ਅੱਗੇ ਰੋ ਰਹੀ ਸੀ। ਹਨ੍ਹੇਰਾ ਪਸਰ ਰਿਹਾ ਸੀ ਅਤੇ ਜੰਗਲੀ ਜਾਨਵਰ ਆਪਣਿਆਂ ਘੁਰਨਿਆਂ 'ਚੋਂ ਬਾਹਰ ਆ ਕੇ ਆਪਣੇ ਸ਼ਿਕਾਰ ਦੀ ਤਲਾਸ਼ ਵਿਚ ਘੁੰਮਣਾ ਸ਼ੁਰੂ ਕਰ ਰਹੇ ਸਨ। ਉਹ ਇਸਤਰੀ ਡਰਦੀ ਮਾਰੀ ਵਿਰਲਾਪ ਕਰ ਰਹੀ ਸੀ ਅਤੇ ਕਹਿ ਰਹੀ ਸੀ ਕਿ ਮੈਂ ਆਪਣੇ ਸਾਥ ਨਾਲੋਂ ਵਿਛੜ ਗਈ ਹਾਂ ਅਤੇ ਦਿਸ਼ਾ ਭਰਮ ਹੋ ਕੇ ਮੈਨੂੰ ਰਾਹ ਵੀ ਭੁੱਲ ਚੁੱਕਿਆ ਹੈ; ਮੇਰੀ ਕੋਈ ਰਾਖੀ ਕਰੋ, ਮੈਂ ਅਬਲਾ ਹਾਂ।

ਜੈਮਨੀ ਜੀ ਆਪਣੇ ਆਸ਼ਰਮ ਵਿਚ ਇਕੱਲੇ ਰਹਿ ਰਹੇ ਸਨ ਉਨ੍ਹਾਂ ਨੇ ਵਿਚਾਰਿਆ ਕਿ ਮੇਰੇ ਕਮਰੇ ਵਿਚ ਇਹ ਰਾਤ ਕੱਟ ਲਵੇਗੀ, ਸਵੇਰ ਹੋਇਆਂ, ਦਿਨ ਚੜ੍ਹੇ ਤੋਂ ਉਸ ਅਬਲਾ ਨੂੰ ਆਪਣੇ ਕਮਰੇ ਵਿਚ ਥਾਂ ਦੇ ਕੇ ਕਿਹਾ ਕਿ ਇਥੇ ਜੰਗਲੀ ਬੰਦੇ ਆ ਜਾਂਦੇ ਹਨ ਦਰਵਾਜ਼ਾ ਨਹੀਂ ਖੋਲਣਾ, ਭਾਵੇਂ ਮੈਂ ਵੀ ਹਾਕਾਂ ਕਿਉਂ ਨਾ ਮਾਰਾਂ। ਉਹ ਇਸਤਰੀ ਦਰਵਾਜ਼ਾ ਬੰਦ ਕਰਕੇ ਥੋੜ੍ਹੇ ਸਮੇਂ ਪਿਛੋਂ ਬਹੁਤ ਹੀ ਮਿੱਠੇ ਗਲੇ ਨਾਲ ਸੰਗੀਤਕ ਧੁਨਾਂ ਵਿਚ ਗਾਉਣ ਲੱਗੀ। ਉਸਦੇ ਮਿੱਠੇ ਗਲੇ ਨੇ ਜੈਮਨੀ ਜੀ ਦਾ ਧਿਆਨ, ਜੋ ਨਾਲ ਲਗਦੇ ਕਮਰੇ ਵਿਚ ਬਿਰਾਜੇ ਹੋਏ ਸਨ, ਆਪਣੇ ਵਲ ਖਿਚਿਆ। ਉਹ ਸੁਣਨ ਵਾਸਤੇ ਬਾਹਰ ਆ ਗਏ। ਸੁਣਦੇ-ਸੁਣਦੇ ਆਪਣੇ ਆਪ ਨੂੰ ਭੁੱਲ ਗਏ। ਮੌਕਾ ਦੇਖ ਕੇ ਮਨ ਸੂਰਮੇ ਨੇ ਉਨ੍ਹਾਂ ਉਤੇ ਆਪਣਾ ਵਾਰ ਕਰ ਦਿਤਾ। ਜੈਮਨੀ ਜੀ ਨੇ ਅਵਾਜ਼ ਦੇ ਕੇ ਦਰਵਾਜ਼ਾ ਖੁਲ੍ਹਾਉਣਾ ਚਾਹਿਆ ਪਰ ਉਸ ਇਸਤਰੀ ਨੇ ਦਰਵਾਜ਼ਾ ਨਾ ਖੋਲ੍ਹਿਆ। ਇਨ੍ਹਾਂ ਨੇ ਛੱਤ ਵਿਚ ਮਘੋਰਾ ਕਰਕੇ ਅੰਦਰ ਜਾਣ ਦਾ ਜਤਨ ਕੀਤਾ ਕਿਉਂਕਿ ਪੂਰੀ ਤਰ੍ਹਾਂ ਨਾਲ ਕਾਮਕ ਬਿਰਤੀ ਹੋ ਜਾਣ ਕਰਕੇ ਕਾਮ ਚਿਤਵਨਾ ਕਰ ਰਹੇ ਸਨ। ਜਦੋਂ ਉਸ ਮੋਘੇ ਵਿਚੋਂ ਹੇਠਾਂ ਉਤਰਨ ਲਗੇ ਤਾਂ ਛਾਤੀ ਪਾਸ ਆ ਕੇ ਫਸ ਗਏ। ਮੋਢੇ ਫਸੇ ਹੋਏ ਹੋਣ ਕਰਕੇ ਨਾ ਹੀ ਉਹ ਉਪਰ ਆ ਸਕਦੇ ਸਨ ਤੇ ਨਾ ਹੀ ਹੇਠਾਂ ਜਾ ਸਕਦੇ ਸਨ, ਇਸ ਤਰ੍ਹਾਂ ਸਾਰੀ ਰਾਤ ਤੋਰੀ ਵਾਂਗੂੰ ਲਟਕਦੇ ਰਹੇ।

ਦਿਨ ਚੜ੍ਹੇ ਵਿਆਸ ਜੀ ਨੇ ਆਪਣੀ ਮਾਇਆ ਸੰਕੋਚ ਲਈ ਅਤੇ ਜੈਮਨੀ ਨੂੰ ਕਿਹਾ ਕਿ ਆਪ ਕਿਸ ਕਾਰਨ ਇਸ ਮਘੋਰੇ ਵਿਚ ਲਟਕ ਰਹੇ ਹੋ? ਜੈਮਨੀ ਸ਼ਰਮਿੰਦਾ ਹੋ ਗਿਆ, ਤਾਂ ਵਿਆਸ ਜੀ ਨੇ ਕਿਹਾ ਕਿ ਪੂਰੇ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਅਤੇ ਪੂਰਨ ਗਿਆਨ ਉਦੈ ਹੋਏ ਬਿਨਾਂ ਮਨ ਕਦੇ ਵੀ ਵਸ ਨਹੀਂ ਆਇਆ ਕਰਦਾ। ਇਸੇ ਤਰ੍ਹਾਂ ਦੇ ਨਾਲ ਹੋਰ ਅਨੇਕਾਂ ਮਿਸਾਲਾਂ ਹਨ ਜਿਵੇਂ ਕਿ ਮਛੰਦਰਨਾਥ ਰਾਜਾ ਅਮਰੂ (ਲੰਕਾ ਦੇ ਰਾਜੇ) ਦੀ ਮਿਰਤਕ ਦੇਹ ਵਿਚ ਪ੍ਰਵੇਸ਼ ਕਰਕੇ ਚੌਦਾਂ ਸਾਲ ਉਸਦੀਆਂ ਪਦਮਨੀ ਰਾਣੀਆਂ ਦੇ ਭੋਗਾਂ ਵਿਚ ਲਿਪਤ ਰਿਹਾ। ਸੋ ਇਹ ਮਨ ਬਹੁਤ ਹੀ ਵੱਡਾ ਅਜਿੱਤ ਸੂਰਮਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

*ਸਾਧੋ ਕਉਨ ਜੁਗਤਿ ਅਬ ਕੀਜੈ॥*
*ਜਾ ਤੇ ਦੁਰਮਤਿ ਸਗਲ ਬਿਨਾਸੈ*
*ਰਾਮ ਭਗਤਿ ਮਨੁ ਭੀਜੈ॥*
*ਮਨੁ ਮਾਇਆ ਮਹਿ ਉਰਝਿ ਰਹਿਓ ਹੈ*
*ਬੂਝੈ ਨਹ ਕਛੁ ਗਿਆਨਾ॥*
*ਕਉਨੁ ਨਾਮੁ ਜਗੁ ਜਾ ਕੈ ਸਿਮਰੈ*
*ਪਾਵੈ ਪਦੁ ਨਿਰਬਾਨਾ॥ ਪੰਨਾ - 902*

ਇਸ ਤਰ੍ਹਾਂ ਦੀ ਹਾਲਤ ਦਸ ਕੇ ਮਹਾਰਾਜ ਜੀ ਨੇ ਦੱਸ ਦਿਤਾ ਕਿ ਜਦੋਂ ਸੰਤ ਜਨਾਂ ਨੇ ਦਿਆਲ ਤੇ ਕ੍ਰਿਪਾਲ ਹੋ ਕੇ ਪਰਿਪੂਰਨ ਘਟ-ਘਟ ਵਿਚ ਵਿਆਪਕ ਪ੍ਰਭੂ ਦਾ ਭੇਤ ਦੱਸ ਦਿਤਾ ਤਾਂ ਉਸਦੇ ਜਸ ਗਾਉਣ ਵਿਚ ਸਾਰੇ ਕਰਮ ਧਰਮ ਆ ਜਾਂਦੇ ਹਨ। ਪ੍ਰਭੂ ਦੀ ਵਡਿਆਈ ਵਿਚ ਲੀਨ ਹੋਇਆ ਮਨ ਸਾਥੀ ਬਣ ਜਾਇਆ ਕਰਦਾ ਹੈ ਅਤੇ ਫੇਰ ਜਿੰਨੇ ਜ਼ੋਰ ਨਾਲ ਇਹ ਵਿਰੋਧ ਕਰਦਾ ਹੈ, ਉਨੀ ਸ਼ਕਤੀ ਨਾਲ ਹੀ ਇਹ ਪ੍ਰਭੂ ਵਲ ਨੂੰ ਵਧਦਾ ਹੈ -

*ਭਏ ਦਇਆਲ ਕਿਰਪਾਲ ਸੰਤ ਜਨ*
*ਤਬ ਇਹ ਬਾਤ ਬਤਾਈ॥*
*ਸਰਬ ਧਰਮ ਮਾਨੋ ਤਿਹ ਕੀਏ*
*ਜਿਹ ਪ੍ਰਭ ਕੀਰਤਿ ਗਾਈ॥ ਪੰਨਾ - 902*

ਇਸ ਸਾਰੀ ਵਿਚਾਰ ਦਾ ਸਿੱਟਾ ਇਹ ਹੈ ਕਿ ਜਦੋਂ ਅਸੀਂ ਗੁਰੂ ਦੀ ਬਾਣੀ ਉਪਰ ਪੂਰਨ ਭਰੋਸਾ ਰੱਖ ਕੇ ਸਾਧੂਆਂ ਦੀ ਸੰਗਤ ਦੁਆਰਾ ਨਾਮ ਜਪਾਂਗੇ ਤਾਂ ਮਨ ਟਿਕ ਜਾਇਆ ਕਰਦਾ ਹੈ। ਪਹਿਲਾਂ-ਪਹਿਲਾਂ ਨਾਮ, ਮਾਲਾ ਦੀ ਮਦਦ ਦੇ ਨਾਲ ਜਪਿਆ ਜਾਂਦਾ ਹੈ। ਰਸਨਾ ਨਾਲ ਨਾਮ ਜਪਦਿਆਂ ਰਸਨਾ ਪਵਿੱਤਰ ਹੋ ਜਾਂਦੀ ਹੈ ਅਤੇ ਨਾਮ ਦਾ ਰਸ ਆਉਣਾ ਸ਼ੁਰੂ ਹੋ ਜਾਂਦਾ ਹੈ। ਫਿਰ ਅਸੀਂ ਸੁਆਸ ਰਾਹੀਂ ਨਾਮ ਜਪਦੇ ਹਾਂ, ਫਲ ਦਸ ਗੁਣਾਂ ਵਧ ਜਾਇਆ ਕਰਦਾ ਹੈ। ਸੁਆਸ ਅੰਦਰ ਆਉਂਦਾ ਹੈ, ਬਾਹਰ ਜਾਂਦਾ ਹੈ। ਹਰ ਸੁਆਸ ਦੇ ਨਾਲ ਨਾਮ ਜੁੜਿਆ ਹੋਣ ਕਰਕੇ ਇਕ ਲਗਾਤਾਰ ਯਾਦ ਅੰਦਰ ਬੈਠਦੀ ਜਾਂਦੀ ਹੈ। ਪ੍ਰਭੂ ਦੇ ਪਿਆਰ ਦੀਆਂ ਝੁਣਝੁਣੀਆਂ ਆਉਣ ਲਗ ਜਾਂਦੀਆਂ ਹਨ। ਇਸ ਤੋਂ ਅੱਗੇ ਸੁਆਸ ਤੋਂ ਨਾਮ ਅਛੋਪਲਾ ਹੀ ਮਨ ਮੰਡਲ ਵਿਚ ਪ੍ਰਵੇਸ਼ ਕਰਕੇ ਪਸੰਤੀ ਬਾਣੀ ਰਾਹੀਂ ਨਾਮ ਦੀ ਗੂੰਜ ਅੰਦਰ ਸੁਣਨ ਲਗ ਜਾਇਆ ਕਰਦੀ ਹੈ। ਫਲ ਦਸ ਗੁਣਾਂ ਹੋਰ ਵੱਧ ਜਾਇਆ ਕਰਦਾ ਹੈ। ਇਸ ਤੋਂ ਅੱਗੇ ਨਾਮ ਇਕ ਬਹੁਤ ਹੀ ਗਹਿਰੀ ਧੁਨ ਦੇ ਰੂਪ ਵਿਚ ਸੁਣਾਈ ਦਿੰਦਾ ਹੈ ਅਤੇ ਪਰਾ ਬਾਣੀ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਫਲ ਹੋਰ ਦੱਸ ਗੁਣਾਂ ਵੱਧ ਜਾਇਆ ਕਰਦਾ ਹੈ। ਨਾਮ ਦਾ ਰਸ ਲਗਾਤਾਰ ਅੰਦਰ, ਰਸ ਲੀਨਤਾ ਵਿਚ ਰਖਦਾ ਹੈ। ਬੋਲਣਾ, ਚਲਣਾ, ਤੁਰਨਾ, ਫਿਰਨਾ ਆਪਣੇ ਆਪ ਹੀ ਨਿਯਮ ਪੂਰਵਕ ਹੋ ਜਾਇਆ ਕਰਦਾ ਹੈ। ਜਿਉਂ-ਜਿਉਂ ਨਾਮ ਦਾ ਅਭਿਆਸ ਵਧਦਾ ਹੈ ਤਾਂ ਗਹਿਰਾ ਜਾ ਕੇ ਅੰਦਰ ਦੀਆਂ ਸੰਗੀਤਕ ਧੁਨਾਂ, ਜਿਨ੍ਹਾਂ ਨੂੰ ਅਨਹਦ ਸ਼ਬਦ ਆਖਦੇ ਹਨ, ਨਾਮ ਨਾਲ, ਧੁਨ ਨਾਲ ਰਲ ਜਾਇਆ ਕਰਦੀਆਂ ਹਨ। ਸੋ ਇਸ ਤਰ੍ਹਾਂ ਵਧਦੇ-ਵਧਦੇ ਜਦੋਂ ਸੁਰਤ, ਮਨ ਤੇ ਚਿਤ ਇਕ ਹੋ ਕੇ ਚੜ੍ਹਾਈ ਕਰਦੇ ਹਨ ਤਾਂ ਵਿਵੇਕ ਮੰਡਲ ਦੇ ਪ੍ਰਕਾਸ਼ ਵਿਚ ਸਤਿ ਤੇ ਅਸਤਿ ਦਾ ਪ੍ਰਤੱਖ ਨਿਰਣਾ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਆਪਣੀ ਹੰਗਤਾ ਤੇ ਮਮਤਾ ਦੀ ਹੋਂਦ, ਅਣਹੋਂਦ ਵਿਚ ਬਦਲ ਜਾਇਆ ਕਰਦੀ ਹੈ। ਕੇਵਲ ਸੱਤਾ ਮਾਤਰ ਪਰਮ ਚੇਤਨ ਹੀ ਸਾਰੇ ਕਾਰਜ ਕਰਦਾ, ਆਪਣੀ ਮੌਜ ਵਿਚ ਖੇਲ੍ਹਦਾ ਸਰਗੁਣ ਤੇ ਨਿਰਗੁਣ ਦੋਹਾਂ ਰੂਪਾਂ ਵਿਚ ਭਾਸਣ ਲੱਗ ਜਾਇਆ ਕਰਦਾ ਹੈ। 'ਮੈਂ' ਦੇ ਖਾਤਮੇ ਉਪਰੰਤ ਪਰਛਾਵੇਂ ਦਾ ਜੀਵ ਨਹੀਂ ਰਿਹਾ ਕਰਦਾ ਅਤੇ ਆਪਣੇ ਆਤਮ ਤੱਤ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ। ਇਸ ਤਰ੍ਹਾਂ ਨਾਲ ਇਹ ਜੀਵ ਆਪਣੇ ਸਰੂਪ ਵਿਚ ਪਹੁੰਚ ਕੇ ਵਾਹਿਗੁਰੂ ਨਾਲ ਇਕਮਿਕ ਹੋ ਕੇ ਪ੍ਰਮੇਸ਼ਰ ਦਾ ਰੂਪ ਹੀ ਹੋ ਜਾਇਆ ਕਰਦਾ ਹੈ। ਉਥੇ ਮਨ ਦਾ ਨਾਸ਼ ਹੋ ਜਾਂਦਾ ਹੈ, ਵਾਸ਼ਨਾ ਖ੍ਰੈ ਹੋ ਜਾਂਦੀ ਹੈ ਅਤੇ ਤੱਤ ਗਿਆਨ ਜਿਉਂ ਦਾ ਤਿਉਂ ਪ੍ਰਗਟ ਹੋ ਕੇ ਸਾਰੇ ਭਰਮਾਂ ਦਾ ਨਾਸ਼ ਹੋ ਜਾਇਆ ਕਰਦਾ ਹੈ। ਜਗਿਆਸੂ ਲਈ ਬਹੁਤ ਹੀ ਜ਼ਰੂਰੀ ਹੈ ਕਿ ਉਹ ਭੇਦ ਵਾਦੀਆਂ ਦੀ ਸੰਗਤ ਵਿਚੋਂ ਭੇਦਵਾਦ ਦੇ ਬਚਨ ਸੁਣ ਕੇ ਆਪਣੇ ਆਪ ਨੂੰ ਹਨ੍ਹੇਰੇ ਵਿਚ ਸੁਟਣ ਦੀ ਥਾਂ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਜਿੰਨੀ ਵੀ ਹੋ ਸਕੇ, ਕਰਨ ਦਾ ਉਪਰਾਲਾ ਕਰੇ। ਮਹਾਰਾਜ ਜੀ ਦਾ ਫੁਰਮਾਨ ਹੈ ਕਿ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥*
*ਪੰਨਾ - 520*

ਆਰਫਾਂ ਦੀ ਸੰਗਤ ਸਾਰੇ ਭਰਮਾਂ ਦਾ ਨਾਸ਼ ਕਰਕੇ ਸਤਿ ਜਣਾਅ ਦਿੰਦੀ ਹੈ। ਸੋ ਵਾਹਿਗੁਰੂ ਜੀ ਪਾਸ ਅਰਦਾਸ ਹੀ ਹੈ ਕਿ ਹੇ

(ਬਾਕੀ ਪੰਨਾ 51 ਤੇ)

# ਵਿਗਿਆਪਨ ਬਾਰੇ ਸਪਸ਼ਟੀਕਰਨ

*ਇਕ ਖਾਲਸਾ ਜੀ ਦੇ ਪਤ੍ਰ ਦਾ ਉਤਰ ਜੋ ਯੂਨੀਅਨ ਸਿਟੀ CA 945877 U.S.A ਤੋਂ ਆਇਆ ਸੀ ਜਿਨ੍ਹਾਂ ਨੇ ਐਡਵਰਟਾਈਜ਼ਮੈਂਟ ਵਿਚ ਇਕ ਪ੍ਰੇਮੀ ਦੀ ਤਸਵੀਰ ਵੇਖ ਕੇ ਇਤਰਾਜ਼ ਕੀਤਾ ਸੀ, (ਨਾਮ ਤੇ contents ਗੁਪਤ ਰਖੇ ਜਾ ਰਹੇ ਹਨ) ਪਰ ਵੀਚਾਰ ਸਰਬ ਸਾਂਝੇ ਕੀਤੇ ਜਾ ਰਹੇ ਹਨ।*

ਪਿਆਰੇ ਗੁਰੂ ਸਵਾਰੇ ਗੁਰਮੁਖ, ਖਾਲਸਾ ਜੀਓ,

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ।।

14 ਮਈ, 95 ਦਾ ਸੰਪਾਦਕ 'ਆਤਮ ਮਾਰਗ' ਦੇ ਨਾਮ ਲਿਖਿਆ ਹੋਇਆ ਪੱਤਰ, ਸੰਪਾਦਕ ਨੂੰ ਦੇਣ ਦੀ ਥਾਂ ਮੈਂ ਹੀ ਪੜ੍ਹ ਲਿਆ ਸੀ। ਇਸ ਕਰਕੇ ਇਸਦਾ ਉਤਰ ਮੈਂ ਆਪਣੇ ਆਪ ਹੀ ਤੁਹਾਨੂੰ ਦੇ ਰਿਹਾ ਹਾਂ, ਖਿਮਾ ਕਰਨਾ।

ਮਾਸਿਕ ਪੱਤਰ ਦੀ ਕਦਰ ਕਰਨ ਲਈ ਧੰਨਵਾਦੀ ਹਾਂ। ਅੱਜ ਦੇ ਜੁੱਗ ਵਿਚ ਜਦੋਂ ਜੀਵ ਮਾਇਆ ਦੀ ਚਕਾਚੂੰਦ ਕਰ ਦੇਣ ਵਾਲੀਆਂ ਭੁੱਲ-ਭਲਾਈਆਂ ਵਿਚ ਉਲਝ ਕੇ ਅਗਿਆਨ ਦੇ ਅੰਧੇਰੇ ਵਿਚ ਠੋਕਰਾਂ ਖਾ ਰਿਹਾ ਹੈ ਅਤੇ ਗੁਰਮਤਿ ਗਾਡੀ ਰਾਹ ਰੂਪੀ highway ਤੋਂ ਭਟਕ ਕੇ ਅੰਨ੍ਹੀਆਂ ਲਿਕ ਰੋਡਾਂ ਉਤੇ ਸਫਰ ਕਰਦਾ ਆਪਣੇ ਕਿਸੇ ਵੀ ਨਿਸ਼ਾਨੇ ਉਤੇ ਨਹੀਂ ਪਹੁੰਚਦਾ ਅਤੇ ਆਪਣਾ ਸਮਾਂ ਨਸ਼ਟ ਕਰਕੇ, ਸੰਸਾਰ ਤੋਂ ਮਾਨਸ ਜਨਮ ਬਰਬਾਦ ਕਰਕੇ ਚਲਿਆ ਜਾਂਦਾ ਹੈ। ਅੱਜ ਇਨਸਾਨ ਪ੍ਰਾਕ੍ਰਿਤਕ ਖੋਜਾਂ ਖੋਜ ਕੇ ਬਹੁਤ ਉਚਾ ਬਣਿਆ ਫਿਰਦਾ ਹੈ, ਪਰ ਇਸਨੂੰ ਕੋਈ ਖੋਜ ਵੀ ਅੰਦਰਲੀ ਸ਼ਾਂਤੀ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਉਡਾਰੀਆਂ ਮਾਰਦਾ ਵਿਰਲਾਪ ਕਰਦਾ, ਸੰਸਾਰ ਤੋਂ ਬਾਜ਼ੀ ਹਾਰ ਕੇ ਚਲਿਆ ਜਾਂਦਾ ਹੈ। ਅੱਜ ਦੇ ਇਨਸਾਨ ਨੂੰ ਪੂਰੀ ਤਰ੍ਹਾਂ ਨਾਲ ਭੁੱਲ ਗਿਆ ਕਿ ਸ਼ਾਂਤੀ ਬਾਹਰਲੇ ਦ੍ਰਿਸ਼ ਦੇਖਣ ਨਾਲ, ਟੈਲੀਵੀਜ਼ਨਾਂ ਤੇ ਨੰਗੇਜ਼ ਤੱਕਣ ਨਾਲ, ਸਮੁੰਦਰ beach (ਰੇਤਲੇ ਕੰਢਿਆਂ) ਤੇ ਜਾ ਕੇ ਨੰਗੇਜ਼ਾਂ ਤੱਕਣ ਨਾਲ ਬਿਲਕੁਲ ਨਹੀਂ ਆ ਸਕਦੀ। ਮਨ ਭਟਕਦਾ ਹੈ ਆਪਣੇ ਨੇਤ੍ਰ ਗਵਾ ਕੇ ਜਗਤ ਵਿਚ ਅੰਨਾ ਹੋਇਆ ਪਰੀਪੂਰਨ ਪਰਮ ਜੋਤੀ ਸਰੂਪ ਪ੍ਰਮੇਸ਼ਰ, ਜੋ ਸਭ ਦੇ ਅੰਦਰ, ਘਟ-ਘਟ ਵਿਚ ਵਿਆਪਕ ਹੈ, ਨੂੰ ਭੁੱਲ ਕੇ ਦੁਖੀ ਹੋਇਆ ਵੈਰੀ ਮਿਤ੍ਰ ਦੇ ਦ੍ਰਿੜ ਭਾਵ ਮਨ ਵਿਚ ਧਾਰ ਕੇ ਸੰਸਾਰ ਤੋਂ ਚਲਿਆ ਜਾਂਦਾ ਹੈ। ਜੇ ਸ਼ਾਂਤੀ ਆਉਣੀ ਹੈ ਤਾਂ ਕੇਵਲ *'ਬਿਨੁ ਹਰਿਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ।'* (ਪੰਨਾ - 707) ਦੇ ਆਦੇਸ਼ ਨੂੰ ਤਨੋ ਮਨੋ ਕਮਾਇਆਂ ਹੀ, ਆ ਸਕਦੀ ਹੈ। ਗੁਰਮਤਿ ਦੇ ਸਿਧਾਂਤ ਹੀ ਇਸ ਮਨੁੱਖ ਦੇ ਕਲਿਆਨ ਲਈ ਅਟੱਲ ਸਚਿਆਈਆਂ ਹਨ ਕਿਉਂਕਿ ਜਿਥੇ ਗੁਰੂ ਮਹਾਰਾਜ ਜੀ ਇਹ ਫੁਰਮਾਨ ਕਰਦੇ ਹਨ-

*ਬਾਲੀ ਰੋਵੈ ਨਾਹਿ ਭਤਾਰੁ।। ਨਾਨਕ ਦੁਖੀਆ ਸਭੁ ਸੰਸਾਰੁ।। ਪੰਨਾ - 954*

ਉਸੇ ਨਾਲ ਹੀ ਇਨ੍ਹਾਂ ਦੁਖਾਂ ਦਾ ਇਲਾਜ ਵੀ ਦਸਦੇ ਹਨ ਕਿ ***'ਮੰਨੇ ਨਾਉ ਸੋਈ ਜਿਣਿ ਜਾਇ।। ਅਉਰੀ ਕਰਮ ਨ ਲੇਖੈ ਲਾਇ।।'*** ਜਾਂ ਫੇਰ ਇਹ ਫੁਰਮਾਨ ਵੀ ਹੈ ***'ਐਸਾ ਜਗੁ ਦੇਖਿਆ ਜੂਆਰੀ।। ਸਭਿ ਸੁਖ ਮਾਗੈ ਨਾਮੁ ਬਿਸਾਰੀ।।'*** ਜਦੋਂ ਤਕ ਅਸੀਂ ਆਪਣੇ ਅੰਦਰ ਵਸਦੇ ਨਾਮ ਦੇ ਅੰਮ੍ਰਿਤ ਸਰੋਵਰ ਤਕ ਨਹੀਂ ਪਹੁੰਚ ਜਾਂਦੇ ਓਨੀਂ ਦੇਰ ਤਕ ਅਸਾਨੂੰ ਕਿਸੇ ਤਰ੍ਹਾਂ ਵੀ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੇ ਲੇਹ।। ਪੰਨਾ - 1427*

ਗੁਰਮਤਿ ਵਿਚਾਰਾਂ ਰੂਪੀ ਸਰਬ ਸੁਖ ਦੇਣਹਾਰੇ ਸਿਧਾਂਤਾਂ ਨੂੰ ਸੰਸਾਰ ਤੇ ਬਿਨਾਂ ਕਿਸੇ ਸੰਪਰਦਾਇਕ, ਰਾਜਸੀ, ਦੇਸ ਵਿਦੇਸ਼, ਧਰਮ, ਮਜ਼੍ਹਬ ਦੇ, ਸਾਂਝੀ ਬਾਣੀ ਦਾ ਪ੍ਰਕਾਸ਼ ਕਰਨ ਲਈ 'ਆਤਮ ਮਾਰਗ ਮੈਗਜ਼ੀਨ' ਇਕ ਛੋਟਾ ਜਿਹਾ ਜਤਨ ਹੈ। ਜੋ ਭਲਿਆਂ, ਬੁਰਿਆਂ, ਭੁੱਲੜਾਂ, ਪੁੰਨੀਆਂ, ਪਾਪੀਆਂ, ਈਰਖਾਲੂਆਂ, ਨਿੰਦਕਾਂ, ਕ੍ਰੋਧੀਆਂ ਨੂੰ ਸੇਧ ਦੇਣ ਦਾ ਜਤਨ ਕਰਦਾ ਰਹੇਗਾ। ਆਪ ਜੀ ਦੇ ਭਾਵ ਇਕ advertisement ਵਿਚ ਛਪੀ ਤਸਵੀਰ ਨੂੰ ਦੇਖ ਕੇ ਜੋ ਆਪ ਨੇ ਆਪਣੇ ਪੱਤਰ ਰਾਹੀਂ ਪ੍ਰਗਟ ਕੀਤੇ ਹਨ। ਐਸੀ ਅਵਸਥਾ ਵਿਚ ਇਵੇਂ ਹੀ ਹੋਇਆ ਕਰਦੇ ਹਨ ਕਿਉਂਕਿ ਜਦੋਂ ਤਕ ਆਦਮੀ ਦੇ ਅੰਦਰਲੇ ਨੈਣ ਨਹੀਂ ਖੁਲ੍ਹਦੇ ਉਸ ਸਮੇਂ ਤਕ ਆਪਣੇ ਬੇਗਾਨੇ, ਵੈਰੀ, ਮਿਤਰ, ਪਾਪੀ, ਪੁੰਨੀ, ਭੁੱਲੜ, ਦੋਖੀ, ਨਜ਼ਰ ਆਇਆ ਹੀ ਕਰਦੇ ਹਨ ਅਤੇ ਉਨ੍ਹਾਂ ਦਾ ਅਸਰ ਮਾਨਸਿਕ ਸੰਤੁਲਨ ਨੂੰ ਬੁਰੀ ਤਰ੍ਹਾਂ ਨਾਲ ਡਾਵਾਂ ਡੋਲ ਕਰ ਦਿੰਦਾ ਹੈ, ਉਹ ਚਿੱਤਰ ਭਾਵੇਂ ਕਿਸੇ ਘੋਰ ਅਪਰਾਧੀ ਦੇ ਹੋਣ ਜਾਂ ਕਾਮੁਕ ਚਿੱਤਰ ਹੋਣ।

ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਤੱਖ ਗੁਰੂ ਮੰਨਦੇ ਹਾਂ ਅਤੇ ਅਸਾਡਾ ਫਰਜ਼ ਹੈ ਕਿ ਅਸੀਂ ਗੁਰੂ ਦੇ ਬਚਨਾਂ ਉਪਰ ਪਹਿਰਾ ਦੇਈਏ ਨਹੀਂ ਤਾਂ ਅਸੀਂ ਆਪਣੇ ਆਪ ਨੂੰ ਕਿਸੇ ਤਰ੍ਹਾਂ ਵੀ ਗੁਰੂ ਦੇ ਸਿੱਖ ਦੀ ਉਪਾਧੀ ਨਹੀਂ ਦੇ ਸਕਦੇ। ਸਿੱਖ ਦਾ ਰਿਸ਼ਤਾ ਗੁਰੂ ਨਾਲ ਆਪਣਾ ਆਪਾ ਵੇਚ ਕੇ ਹੋਇਆ ਕਰਦਾ ਹੈ ਅਤੇ ਆਪਣੀ ਸੂਝ, ਆਪਣੀ ਮੈਂ ਦੀ ਮਨੌਤ ਪਹਿਲਾਂ ਗੁਰੂ ਨੂੰ ਅਰਪਣ ਕਰਨੀ ਪੈਂਦੀ ਹੈ ਫੇਰ ਅਸਾਡਾ ਸਬੰਧ ਗੁਰੂ ਨਾਲ ਜੁੜਦਾ ਹੈ।

ਜਦੋਂ ਅਸੀਂ ਗੁਰਮਤਿ ਦੀ ਵਿਚਾਰ ਕਰਦੇ ਹਾਂ ਤਾਂ ਗੁਰੂ ਮਹਾਰਾਜ ਜੀ ਅਸਾਡੇ ਭਲੇ ਲਈ ਅਤੇ ਰੂਹਾਨੀ ਤਰੱਕੀ ਲਈ ਜੋ ਆਦੇਸ਼ ਦਿੰਦੇ ਹਨ ਉਹ ਇਸ ਤਰ੍ਹਾਂ ਹਨ -

*ਵਵਾ ਵੈਰੁ ਨ ਕਰੀਐ ਕਾਹੂ।। ਘਟ ਘਟ ਅੰਤਰਿ ਬ੍ਰਹਮ ਸਮਾਹੂ।। ਪੰਨਾ - 259*
*ਵੈਰ ਵਿਰੋਧ ਮਿਟੇ ਤਿਹ ਮਨ ਤੇ।। ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ।। ਪੰਨਾ - 259*

ਇਹ ਅਵਸਥਾ ਬਾਣੀ ਨੂੰ ਵਿਚਾਰ ਕੇ ਹਿਰਦੇ ਵਿਚ ਧਾਰਨ ਕਰਨ ਵਾਲਿਆਂ ਨੂੰ ਸਪਸ਼ਟ ਹੋ ਜਾਇਆ ਕਰਦੀ ਹੈ। ਮਹਾਰਾਜ ਫੁਰਮਾਨ ਕਰਦੇ ਹਨ ਕਿ ਸੰਸਾਰ ਵਿਚ ਕਿਸੇ ਨਾਲ ਵੀ ਵੈਰ ਨਹੀਂ ਰਹਿੰਦਾ ਅਤੇ ਸਾਰੇ ਆਪਣੇ ਨਾਲੋਂ ਚੰਗੇ ਨਜ਼ਰ ਆਇਆ ਕਰਦੇ ਹਨ। ਜਿਵੇਂ ਕਿ -

*ਮਿਟਿ ਗਏ ਬੈਰ ਭਏ ਸਭ ਰੇਨ।। ਅੰਮ੍ਰਿਤ ਨਾਮੁ ਸਾਧਸੰਗਿ ਲੈਨ।। ਪੰਨਾ - 295*
*ਗੁਰਮੁਖਿ ਵੈਰ ਵਿਰੋਧ ਗਵਾਵੈ।। ਗੁਰਮੁਖਿ ਸਗਲੀ ਗਣਤ ਮਿਟਾਵੈ।। ਪੰਨਾ - 942*

ਪੂਰੇ ਸਾਧੂ ਦੀ ਸੰਗਤ ਕਰਨ ਨਾਲ ਤੇ ਨਾਮ ਦੀ ਕਮਾਈ ਕਰਨ ਨਾਲ ਵੈਰੀ ਤੇ ਬੇਗਾਨੇ ਦਾ ਭੇਦ ਮਿਟ ਜਾਇਆ ਕਰਦਾ ਹੈ।

*ਬਿਸਰਿ ਗਈ ਸਭ ਤਾਤਿ ਪਰਾਈ।। ਜਬ ਤੇ ਸਾਧਸੰਗਤਿ ਮੋਹਿ ਪਾਈ।।*
*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।।* ਪੰਨਾ - 1299

ਮਹਾਰਾਜ ਫੁਰਮਾਨ ਕਰਦੇ ਹਨ ਕਿ ਪ੍ਰੇਮੀਆ! ਤੇਰੇ ਕੋਲ ਬਹੁਤ ਥੋੜਾ ਸਮਾਂ ਹੈ ਤੂੰ ਵੈਰ ਵਿਰੋਧ ਵਿਚ ਪੈਣ ਦੀ ਥਾਂ ਬੰਦਗੀ ਕਰ ਅਤੇ ਨਾਮ ਦਾ ਅਨੰਦ ਪ੍ਰਾਪਤ ਕਰ। ਜਿਵੇਂ ਕਿ -

*ਗੁਰ ਪ੍ਰਸਾਦਿ ਲਾਗੇ ਨਾਮ ਸੁਆਦਿ।। ਕਾਹੇ ਜਨਮੁ ਗਵਾਵਹੁ ਵੈਰਿ ਵਾਦਿ।।* ਪੰਨਾ - 1176

ਅਤੇ ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਪਰ ਕਾ ਬੁਰਾ ਨ ਰਾਖਹੁ ਚੀਤ।। ਤੁਮ ਕਉ ਦੁਖੁ ਨਹੀ ਭਾਈ ਮੀਤ।।* ਪੰਨਾ - 386

ਤੇ ਨਾਲ ਹੀ ਇਸ ਤੋਂ ਵੀ ਉਪਰਲਾ ਕਿਰਦਾਰ ਮਹਾਰਾਜ ਜੀ ਨੇ ਦੱਸਿਆ ਹੈ -

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।।* ਪੰਨਾ - 1381

ਅਤੇ ਹੁਕਮ ਹੈ ਕਿ ਵੈਰੀ ਤੇ ਬੁਰੇ ਦੇਖਣ ਦੀ ਥਾਂ ਆਪਣੇ ਮਨ ਵਿਚੋਂ ਬੁਰੇ ਨੂੰ ਦੇਖਣ ਵਾਲੀ ਭਾਵਨਾ ਹੀ ਮਿਟਾ ਦੇਵੇ। ਫਿਰ ਨਾਮ ਦੀ ਰੌ ਅੰਦਰ ਚਲ ਜਾਵੇਗੀ।

*ਮਨ ਅਪੁਨੇ ਤੇ ਬੁਰਾ ਮਿਟਾਨਾ।। ਪੇਖੈ ਸਗਲ ਸ੍ਰਿਸਟਿ ਸਾਜਨਾ।।* ਪੰਨਾ - 266

ਜਦੋਂ ਅਸੀਂ ਗੁਰ ਇਤਿਹਾਸ ਅਤੇ ਮਹਾਂਪੁਰਸ਼ਾਂ ਦੇ ਜੀਵਨ ਵਿਚਾਰਦੇ ਹਾਂ ਤਾਂ ਵੇਖਦੇ ਹਾਂ ਕਿ ਸਹਿਨਸ਼ੀਲਤਾ ਦੀ ਅਤੇ ਉਦਾਰ ਭਾਵਨਾਵਾਂ ਦੀਆਂ ਹੱਦਾਂ ਹੀ ਹੋਈਆਂ ਪਈਆਂ ਹਨ। ਜਿਨ੍ਹਾਂ ਗੁਰਸਿੱਖਾਂ ਨੇ ਬਾਣੀ ਦੀ ਕਮਾਈ ਕੀਤੀ ਹੈ ਉਨ੍ਹਾਂ ਦਾ ਚਲਨ ਬਹੁਤ ਉਚਾ ਹੋ ਜਾਂਦਾ ਹੈ। ਇਕ ਦੋ ਉਦਾਹਰਣਾਂ ਤੁਹਾਡੀ ਗਿਆਤ ਲਈ ਹੇਠਾਂ ਦਰਜ ਕੀਤੀਆਂ ਜਾਂਦੀਆਂ ਹਨ।

ਇਤਿਹਾਸ ਅਨੁਸਾਰ ਗੁਰੂ ਪੰਜਵੇਂ ਪਾਤਸ਼ਾਹ ਨੂੰ ਸ਼ਹੀਦ ਕਰਨ ਵਾਲਾ ਜਹਾਂਗੀਰ ਹੀ ਸੀ ਜਿਸਨੇ ਆਪਣੀ ਤਉਜ਼ਕੇ ਜਹਾਂਗੀਰੀ ਦੇ ਅੰਦਰ ਇਸ ਘਟਨਾ ਦਾ ਇਕਬਾਲ ਕੀਤਾ ਹੈ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਨਾਲ ਉਹ ਅਫਸੋਸ ਕਰਨ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਪੁਜਦਾ ਹੈ ਤਾਂ ਜਹਾਂਗੀਰ ਨੇ ਕਿਹਾ ਕਿ ਮਹਾਰਾਜ ਚੰਦੂ ਵਰਗਿਆਂ ਨੇ ਮੇਰੇ ਕੰਨ ਭਰ ਕੇ ਮੇਰੇ ਹੱਥੋਂ ਇਕ ਮਹਾਨ ਗੁਨਾਹ ਕਰਾਇਆ ਹੈ, ਮੈਂ ਬੜਾ ਸ਼ਰਮਿੰਦਾ ਹਾਂ ਤਾਂ ਮਹਾਰਾਜ ਜੀ ਨੇ ਫੁਰਮਾਇਆ ਕਿ ਜਹਾਂਗੀਰ! ਗੁਨਾਹਾਂ ਦੀ ਪਰਖ ਤਾਂ ਦਰਗਾਹ ਵਿਚ ਹੁੰਦੀ ਹੈ ਗੁਰੂ ਘਰ ਤਾਂ ਘੋਰ ਅਪਰਾਧੀਆਂ ਨੂੰ ਬਖਸ਼ਣ ਵਾਲਾ ਦਰ ਹੈ ਇਥੇ ਆਦਮਖੋਰ, ਮਹਾਨ ਠੱਗ, ਚੋਰ, ਡਾਕੂ, ਕਾਤਿਲ ਜਦੋਂ ਆਪਣਾ ਸੀਸ ਗੁਰੂ ਦਰ ਨਾਲ ਛੁਹਾਉਂਦੇ ਹਨ ਤਾਂ ਉਨ੍ਹਾਂ ਦੀ ਬਿਰਤੀ ਵਿਚੋਂ ਸਾਰੇ ਦੋਖ ਨਿਕਲ ਕੇ, ਇਹ ਸਿੱਜਦਾ, ਸਾਧੂ ਬਣਾ ਦਿਆ ਕਰਦਾ ਹੈ। ਇਸ ਲਈ ਤੂੰ ਇਹ ਚਿੰਤਾ ਨਾ ਕਰ। ਇਥੇ ਇਕੋ ਆਤਮਾ ਦਾ ਪਸਾਰਾ ਸਾਰੇ ਸੰਸਾਰ ਵਿਚ ਤੱਕ ਰਹੇ ਹਾਂ। ਇਥੇ ਦੂਜਾ ਨਜ਼ਰ ਨਹੀਂ ਆਉਂਦਾ ਕਿਉਂਕਿ ਗੁਰੂ ਦੀ ਕ੍ਰਿਪਾ ਨਾਲ ਅਨੁਭਵੀ ਨੈਣ ਖੁਲ੍ਹ ਜਾਂਦੇ ਹਨ।

*ਗੁਰਹਿ ਦਿਖਾਇਓ ਲੋਇਨਾ।।*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ।। ਤੂੰਹੀ ਤੂੰਹੀ ਮੋਹਿਨਾ।।* ਪੰਨਾ - 407

ਗੁਰੂ ਮਹਾਰਾਜ ਨੇ ਦਰ ਆਇਆਂ ਨੂੰ ਸਰੋਪੇ ਦੇ ਕੇ ਨਿਵਾਜਿਆ। ਮਾਤਾ ਜੀ ਨੂੰ ਜਦ ਬੇਗਮਾਂ ਮਿਲਣ ਗਈਆਂ ਤਾਂ ਮਾਤਾ ਜੀ ਨੇ ਸਾਰੀਆਂ ਬੇਗਮਾਂ ਨੂੰ ਰੇਸ਼ਮ ਦੇ ਸਰੋਪੇ ਦਿਤੇ। (ਸੂਰਜ ਪ੍ਰਕਾਸ਼)

ਗੁਰੂ ਦਸ਼ਮੇਸ਼ ਪਿਤਾ ਨੂੰ ਇਕ ਬਹੁਤ ਵੱਡੀ ਫੌਜ ਨੇ ਘੇਰਿਆ ਹੋਇਆ ਹੈ ਤੇ ਕਈ ਮਹੀਨਿਆਂ ਤੋਂ ਸੰਗਰਾਮ ਚਲ ਰਿਹਾ ਹੈ। ਉਸ ਮੱਚੇ ਸੰਗਰਾਮ ਵਿਚ ਇਕ ਗੁਰੂ ਕਾ ਪਿਆਰਾ ਸਿੱਖ ਜਿਸਦਾ ਨਾਮ ਘਨਈਆ ਹੈ, ਆਪਣਿਆ ਤੇ ਬੇਗਾਨਿਆਂ ਨੂੰ ਇਕ ਰਸ ਜਲ ਛਕਾ ਰਿਹਾ ਹੈ। ਮਨ ਵਿਚ ਕੋਈ ਵਿਤਕਰਾ ਨਹੀਂ, ਕੋਈ ਦ੍ਵੈਸ਼ ਨਹੀਂ। ਭਾਈ ਘਨਈਆ ਦੀ ਸ਼ਿਕਾਇਤ ਹੁੰਦੀ ਹੈ ਤਾਂ ਪਾਤਸ਼ਾਹ ਨੇ ਪੁਛਿਆ ਕਿ ਤੂੰ ਪਾਣੀ ਕਿਸਨੂੰ ਪਿਲਾ ਰਿਹਾ ਸੀ ਤਾਂ ਬੇਨਤੀ ਕੀਤੀ ਕਿ ਪਾਤਸ਼ਾਹ! ਮੇਰੇ ਨੈਣ ਤੇਰੀ ਪਿਆਰੀ ਜੋਤ ਵਿਚ ਇਤਨੇ ਰਸ ਲੀਨ ਹੋ ਗਏ ਹਨ ਕਿ ਮੈਨੂੰ ਤਾਂ ਤੇਰੇ ਤੋਂ ਬਗੈਰ ਹੋਰ ਦਿਸਣਾ ਹੀ ਬੰਦ ਹੋ ਗਿਆ ਹੈ। ਪਾਤਸ਼ਾਹ ਨੇ ਉਠਕੇ ਬੁਕਲ ਵਿਚ ਲਿਆ ਤੇ ਕਿਹਾ ਕਿ ਪਿਆਰਿਆ! ਜੇ ਤੈਨੂੰ ਅਜਿਹੇ ਦਿਬ ਨੈਣਾਂ ਦੀ ਪ੍ਰਾਪਤੀ ਹੋ ਗਈ ਹੈ ਤਾਂ ਤੂੰ ਔਹ ਮਲ੍ਹਮ ਤੇ ਪੱਟੀਆਂ ਮੇਰੇ ਤੋਂ ਲੈ ਅਤੇ ਲੋੜ ਪਏ ਤੇ ਪਾਣੀ ਪਿਲਾਉਣ ਦੇ ਨਾਲ-ਨਾਲ ਇਨ੍ਹਾਂ ਤੋਂ ਵੀ ਕੰਮ ਲਿਆ ਕਰ।

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਮਹਾਰਾਜਾ ਰਣਜੀਤ ਸਿੰਘ ਦੇ ਅੰਤਕਾਲ ਵਿਚ ਅਤੇ ਸਿੱਖ ਰਾਜ ਦੇ ਪਤਨ ਵੇਲੇ ਹੋਏ ਹਨ। ਆਪ ਜੀ ਦੇ ਪਾਸ ਕੁਝ ਨਿਥਾਵਿਆਂ ਤੇ ਨਿਮਾਣਿਆਂ ਨੇ ਪਨਾਹ ਲਈ। ਆਪ ਜੀ ਉਪਰ ਸਿੱਖ ਰਾਜ ਦੀਆਂ ਫੌਜਾਂ ਨੇ ਇਕ ਲੱਖ ਦੀ ਗਿਣਤੀ ਵਿਚ ਹੱਲਾ ਬੋਲ ਦਿਤਾ। ਬਾਬਾ ਜੀ ਨੌਰੰਗਾਬਾਦ ਤੋਂ ਬਿਆਸਾ ਦਰਿਆ ਦੇ ਕੰਢੇ ਚਲੇ ਗਏ ਜਿਥੇ ਆਪ ਨੇ ਉਸ ਦਿਨ ਵੱਡੇ ਦੇਗੇ, ਕੜਾਹ ਪ੍ਰਸ਼ਾਦਿ ਆਦਿ ਦੇ ਚਾੜ੍ਹ ਦਿਤੇ ਅਤੇ ਹੁਕਮ ਦਿਤਾ ਕਿ ਅਸਾਡੇ ਵੀਰਾਂ ਨੇ ਸਾਨੂੰ ਮਾਰਨ ਲਈ ਲਾਹੌਰ ਤੋਂ ਚਲ ਕੇ ਆਉਣਾ ਹੈ, ਉਹ ਭੁੱਖੇ ਹੋਣਗੇ ਸੋ ਉਨ੍ਹਾਂ ਨੂੰ ਪ੍ਰਸ਼ਾਦਾ ਜ਼ਰੂਰ ਹੀ ਛਕਾਉਣਾ ਹੈ। ਬਾਬਾ ਜੀ ਦੇ ਸਰੀਰ ਵਿਚ 18 ਗੋਲੀਆਂ - ਦੋਨੋਂ ਬਾਹਾਂ, ਪੇਟ ਤੇ ਛਾਤੀ ਵਿਚ ਲੱਗੀਆਂ, ਇਕ ਤੋਪ ਦੇ ਗੋਲੇ ਨੇ ਆਪ ਦਾ ਪੱਟ ਉਡਾ ਦਿਤਾ ਜਦੋਂ ਕਿ ਆਪ ਹਮਲਾ ਹੋਣ ਸਮੇਂ ਕੀਰਤਨ ਸ੍ਰਵਣ ਕਰ ਰਹੇ ਸਨ। ਖੂਨ ਬਹੁਤ ਜ਼ੋਰ ਨਾਲ ਨਿਕਲ ਰਿਹਾ ਸੀ ਤੇ ਬਾਬਾ ਜੀ ਕਹਿ ਰਹੇ ਸਨ ਕਿ ਦੇਖੋ ਪਿਆਰਿਓ! ਕੋਈ ਗੁਰੂ ਕਾ ਪਿਆਰਾ ਭੁੱਖਾ ਨਾ ਰਹਿ ਜਾਵੇ ਇਹ ਉਨ੍ਹਾਂ ਦੀ ਡਿਊਟੀ ਹੈ ਜੋ ਸਾਡੇ ਤੋਂ ਪਿਛੋਂ ਜੀਵਤ ਹਾਲਤ ਵਿਚ ਰਹਿਣਗੇ। ਹਮਲਾਵਰ ਫੌਜਾਂ ਨੂੰ ਲੰਗਰ ਛਕਾਏ, ਆਪ ਸ਼ਹੀਦ ਹੋ ਗਏ।

ਗੁਰੂ ਦਸਮੇਸ਼ ਪਿਤਾ ਜੀ ਨੇ ਅਨੰਦਪੁਰ ਛੱਡ ਦਿਤਾ। ਚਮਕੌਰ ਦੇ ਮੈਦਾਨ ਦੇ ਅੰਦਰ ਦੋ ਸਾਹਿਬਜ਼ਾਦੇ ਭਖਦੇ ਯੁੱਧ ਵਿਚ ਸ਼ਹੀਦ ਹੋ ਗਏ ਅਤੇ ਦੋ ਬੁਜ਼ਦਿਲੀ ਨਾਲ ਸਰਹੰਦ ਦੀਆਂ ਨੀਹਾਂ ਵਿਚ ਮਹਾਂ ਹਤਿਆਰਿਆਂ ਨੇ ਚਿਨ ਦਿਤੇ। ਆਪ ਜੀ ਦੱਖਣ ਨੂੰ ਜਾ ਰਹੇ ਹਨ। ਰਸਤੇ ਵਿਚ ਖਬਰ ਆਈ ਕਿ ਔਰੰਗਜ਼ੇਬ ਮਰ ਗਿਆ ਹੈ। ਆਪ ਜੀ ਨੇ ਬਹਾਦਰਸ਼ਾਹ ਦੀ ਬੇਨਤੀ ਮੰਨ ਕੇ ਉਸਦੇ ਭਰਾ ਤਾਰਾ ਆਜ਼ਮ ਨੂੰ ਆਪਣੇ ਤੀਰ ਦਾ ਨਿਸ਼ਾਨਾ ਬਣਾਇਆ ਅਤੇ ਸਾਹਿਬਜ਼ਾਦਿਆਂ, ਹਜ਼ਾਰਾਂ ਸਿੰਘਾਂ ਦੇ ਕਾਤਲ ਦੇ ਪੁੱਤਰ ਨੂੰ ਰਾਜ ਗੱਦੀ ਐਉਂ ਬਖਸ਼ ਦਿਤੀ ਜਿਵੇਂ ਕੁਛ ਹੋਇਆ ਹੀ ਨਹੀਂ।

ਮੈਂ ਤੁਹਾਨੂੰ ਐਨੀ ਲੰਬੀ ਚਿੱਠੀ ਇਸ ਕਰਕੇ ਲਿਖ ਰਿਹਾ ਹਾਂ ਕਿ ਤੁਹਾਡੇ ਨਾਮ ਦੇ ਪਿਛੇ 'ਖਾਲਸਾ' ਪਦ ਦੀ ਵਰਤੋਂ ਕੀਤੀ ਹੋਈ ਹੈ। ਖਾਲਸਾ ਮਨੁੱਖਾਂ ਦੇ ਸਮੂੰਹ ਵਿਚੋਂ ਇਕੋ ਮਹਾਨ ਉਚੀ ਹਸਤੀ ਹੋਇਆ ਕਰਦੀ ਹੈ। ਜਿਸਦੇ ਮਨ ਵਿਚ ਰੰਚਕ ਮਾਤਰ ਵੀ ਕਿਸੇ ਨਾਲ ਵੈਰ ਵਿਰੋਧ ਨਾ ਹੋਵੇ। ਦੂਜੇ ਅੱਖਰਾਂ ਵਿਚ ਅਸੀਂ ਇਸਨੂੰ ਬ੍ਰਹਮਗਿਆਨੀ ਦੀ ਪਦਵੀ ਨਾਲ ਤੁਲਨਾ ਦਿੰਦੇ ਹਾਂ ਕਿਉਂਕਿ ਉਸਨੂੰ ਪ੍ਰਭੂ ਤੋਂ ਬਗੈਰ ਹੋਰ ਕੋਈ ਦ੍ਰਿਸ਼ਟੀ ਹੀ ਨਹੀਂ ਆਉਂਦਾ।

*ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*

*ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ॥ ਪੰਨਾ - 272*

ਇਕੋ ਪ੍ਰਭੂ ਘਟ-ਘਟ ਦੇ ਵਿਚ ਦੇਖਦਾ ਹੈ ਤੇ ਬ੍ਰਹਮਗਿਆਨੀ, ਉਸ ਲਈ ਕੋਈ ਵੈਰੀ ਨਹੀਂ ਹੈ ਕਿਉਂਕਿ ਉਸਦੇ ਮਨ ਦੇ ਸਾਰੇ ਭਰਮਾਂ ਦਾ ਨਾਸ਼ ਹੋ ਗਿਆ ਹੁੰਦਾ ਹੈ ਉਸਨੂੰ ਸਾਰੀ ਸ੍ਰਿਸ਼ਟੀ ਵਿਚ ਇਕੋ ਹੀ ਪ੍ਰਭੂ ਦੀ ਜੋਤ ਪ੍ਰਤੱਖ ਰੂਪ ਵਿਚ ਨਜ਼ਰ ਆਉਂਦੀ ਹੈ।

*ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥ ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥ ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥ ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਪੰਨਾ - 293-94*

ਬ੍ਰਹਮਗਿਆਨੀ ਨੂੰ ਦੇਵਤੇ ਖੋਜਦੇ ਫਿਰਦੇ ਹਨ ਕਿਉਂਕਿ ਉਹ ਪ੍ਰਮੇਸ਼ਰ ਦਾ ਸਾਕਾਰ ਰੂਪ ਹੈ। ਦੇਵਤਿਆਂ ਨੂੰ ਪ੍ਰਮੇਸ਼ਰ ਨਜ਼ਰ ਨਹੀਂ ਆਉਂਦਾ ਜਿਵੇਂ ਕਿ ਜਪੁਜੀ ਸਾਹਿਬ ਵਿਚ ਫੁਰਮਾਨ ਹੈ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥*
*ਓਹ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ ਪੰਨਾ - 7*

ਇਸੇ ਤਰ੍ਹਾਂ ਨਾਲ ਦੇਵਤੇ, ਪ੍ਰਮੇਸ਼ਰ ਰੂਪ ਵਿਚ ਬ੍ਰਹਮਗਿਆਨੀ ਦੀ ਹੀ ਯਾਚਨਾ ਕਰਦੇ ਹਨ। ਸੋ ਇਹ ਪਦਵੀ ਬਹੁਤ ਹੀ ਅਟੱਲ ਹੈ ਜਿਸਦੇ ਬਰਾਬਰ ਸੰਸਾਰ ਵਿਚ ਹੋਰ ਕੋਈ ਵੀ ਪਦਵੀ ਨਹੀਂ ਕਿਉਂਕਿ ਬ੍ਰਹਮਗਿਆਨੀ ਆਪ ਪ੍ਰਮੇਸ਼ਰ ਹੈ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273*

ਇਸੇ ਤਰ੍ਹਾਂ ਨਾਲ 'ਖਾਲਸਾ' ਉਹ ਹੈ ਜਿਸਨੇ ਆਪਣੀ ਦੇਹ ਹੰਗਤਾ, ਪ੍ਰਾਣ ਹੰਗਤਾ, ਮਨ ਹੰਗਤਾ, ਬੁੱਧੀ ਹੰਗਤਾ ਅਤੇ ਚਿੱਤ ਹੰਗਤਾ ਛੱਡ ਕੇ ਆਪਣੇ ਆਤਮ ਸਰੂਪ ਨੂੰ ਪਹਿਚਾਣ ਕੇ ਘਟ-ਘਟ ਵਿਚ ਵਿਆਪਕ ਆਤਮ ਜੋਤ ਦਾ ਰਸ ਮਾਣ ਲਿਆ ਹੈ। ਜਿਵੇਂ ਕਿ ਫੁਰਮਾਨ ਹੈ -

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥ ਸਰਬ ਲੋਹ ਗ੍ਰੰਥ*

ਉਸ ਦੀ ਪਦਵੀ ਬਾਰੇ ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ ਕਿ ਮੇਰੇ ਵਿਚ, ਉਸ ਵਿਚ ਤੇ ਵਾਹਿਗੁਰੂ ਵਿਚ ਕੋਈ ਭੇਦ ਨਹੀਂ ਹੈ।

*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥ ਸਰਬ ਲੋਹ ਗ੍ਰੰਥ*

ਸੋ ਐਡੀ ਉਚੀ ਪਦਵੀ ਪ੍ਰਾਪਤ ਕਰਨ ਵਾਲਾ 'ਖਾਲਸਾ' ਹੋਇਆ ਕਰਦਾ ਹੈ। ਇਹ ਵੀ ਚੰਗਾ ਹੋਇਆ ਕਿ ਤੁਸੀਂ ਆਪਣੇ ਨਾਮ ਦੇ ਪਿਛੇ ਖਾਲਸਾ ਲਿਖਿਆ ਤੇ ਸਾਡੇ ਸਿਰ ਸ਼ਰਧਾ ਦੇ ਨਾਲ ਝੁਕ ਗਏ ਕਿਉਂਕਿ -

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥*

ਗੁਰੂ ਸਰੂਪ ਹੋਇਆ ਕਰਦਾ ਹੈ। ਖਾਲਸੇ ਦਾ ਕਲਾਵਾ ਇਤਨਾ ਵਿਸ਼ਾਲ ਹੁੰਦਾ ਹੈ ਕਿ ਉਸ ਵਿਚ ਬੁਰੇ, ਭਲੇ, ਕਾਤਿਲ, ਭੁੱਲੇ-ਭਟਕੇ, ਮਹਾਂ ਹਤਿਆਰੇ, ਮਹਾਂ ਅਕ੍ਰਿਤਘਣ, ਸਮਾਜ ਦੇ ਦੁਰਕਾਰੇ-ਫਿਟਕਾਰੇ ਸਾਰੇ ਸਮਾ ਜਾਂਦੇ ਹਨ।

ਪਰ ਮੈਂ ਇਹ ਸਮਝਣ ਤੋਂ ਅਸਮਰੱਥ ਹਾਂ ਕਿ ਐਤਨੀ ਉਚੀ ਪਦਵੀ ਦਾ ਮਾਲਕ ਇਕ ਮਨੁੱਖ ਨੂੰ ਭੁੱਲਿਆ ਤੇ ਫਿਟਕਾਰਿਆ ਦੁਸ਼ਟ ਜਾਣਦਾ ਹੈ। ਉਸ ਲਈ ਤਾਂ ਸਾਰੇ ਵਜੂਦ ਪ੍ਰਭੂ ਦੇ ਹੋਣ ਕਰਕੇ ਪਵਿਤਰ ਹੀ ਪਵਿਤਰ ਹਨ। ਦ੍ਵੈਤ ਦਾ ਕੋਈ ਨਾਮ ਨਿਸ਼ਾਨ ਉਸਦੇ ਹਿਰਦੇ ਵਿਚ ਨਹੀਂ ਹੋਣਾ ਚਾਹੀਦਾ। ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*

*ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ ਪੰਨਾ - 610*

ਪਰ ਮੈਂ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਖਾਲਸਾ ਪਦਵੀ ਦੇ ਮਾਲਕ ਹੁੰਦੇ ਵੀ ਆਪ ਦੇ ਮਨ ਵਿਚ ਇਕ ਬੰਦੇ ਲਈ ਐਨੀ ਨਫਰਤ ਅਤੇ ਵੈਰ ਭਾਵ ਨੇ ਕਿਉਂ ਘਰ ਕਰ ਲਿਆ ਹੈ ਅਤੇ ਗੁਰੂ ਮਹਾਰਾਜ ਜੀ ਦੇ ਸਾਰੇ ਹੁਕਮਾਂ ਨੂੰ ਭੁਲਾ ਕੇ ਇਕ ਸਧਾਰਨ ਜਿਹੇ, ਵੈਰ ਵਿਰੋਧ ਵਿਚ ਫਸੇ ਹੋਏ ਝਗੜਾਲੂ, ਬਦਲਾ ਲਉ ਸੁਭਾਅ ਦੀ ਬਿਰਤੀ ਧਾਰਨ ਕਰ ਲਈ ਹੈ।

ਪਿਆਰਿਆ! ਇਹ ਸਾਰੀ ਖੇਲ ਖਸਮ ਦੇ ਹੁਕਮ ਵਿਚ ਹੋ ਰਹੀ ਹੈ ਤੇ ਇਹ ਜੀਵ ਹਉਮੈ ਦੀ ਕਰੜੀ ਭੀਤ ਵਿਚ ਕੈਦ ਹੋਇਆ ਜਨਮਾਂ-ਜਨਮਾਂਤਰਾਂ ਦੇ ਦੁਖ ਭੋਗਦਾ ਭਟਕ ਰਿਹਾ ਹੈ ਅਤੇ ਵੈਰੀ ਮਿਤਰ ਧਾਰਨ ਕਰ ਰਿਹਾ ਹੈ। ਕੇਵਲ ਆਪਣੇ ਨਾਮ ਦੇ ਪਿਛੇ ਖਾਲਸਾ, ਬ੍ਰਹਮਗਿਆਨੀ, ਸੰਤ, ਗਿਆਨੀ ਲਿਖਣ ਨਾਲ ਹੀ ਭਲਾ ਨਹੀਂ ਹੋਣਾ। ਜਦੋਂ ਤਕ ਉਹ ਮਨ ਦੇ ਅੰਦਰੋਂ ਗਹਿਰੀ ਖੋਜ ਕਰਕੇ ਮਨ ਦੀ ਗੁਫਾ

ਵਿਚ ਪ੍ਰਵੇਸ਼ ਕਰਕੇ ਆਪਣੇ ਮਾਲਕ ਨੂੰ ਆਪਣੇ ਅਤੇ ਸਾਰੇ ਸਰੀਰਾਂ ਵਿਚ ਨਾ ਪਛਾਣ ਲਏ। ਮਹਾਰਾਜ ਦਾ ਫੁਰਮਾਨ ਹੈ -

*ਭੀਤਰਿ ਕੋਟ ਗੁਫਾ ਘਰ ਜਾਈ॥ ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥ ਪੰਨਾ - 1033*

ਉਹ ਅਲਖ ਅੰਦਰੋਂ ਹੀ ਲੱਭਦਾ ਹੈ। ਜਦੋਂ ਅਸਾਡੇ ਅੰਦਰੋਂ ਦ੍ਵੈਤ ਦੇ ਭਾਵ ਖਤਮ ਹੋ ਜਾਣ ਤਾਂ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

*ਜਬ ਇਹ ਜਾਨੈ ਮੈ ਕਿਛੁ ਕਰਤਾ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*
*ਜਬ ਧਾਰੈ ਕੋਊ ਬੈਰੀ ਮੀਤੁ॥ ਤਬ ਲਗੁ ਨਿਹਚਲੁ ਨਾਹੀ ਚੀਤੁ॥ ਪੰਨਾ - 278*

ਮੈਨੂੰ ਬੜਾ ਅਫਸੋਸ ਹੈ ਕਿ ਇਕ advertisment ਉਤੇ ਛਪੀ ਤਸਵੀਰ ਨੇ ਤੁਹਾਡੇ ਮਨ ਵਿਚ ਐਨਾ ਕਲੇਸ਼ ਪੈਦਾ ਕਰ ਦਿਤਾ। ਇਹ ਤਸਵੀਰਾਂ ਸਾਰਿਆਂ ਅਖਬਾਰਾਂ, ਮੈਗਜ਼ੀਨਾਂ ਵਿਚ ਆਮ ਹੀ ਛਪ ਰਹੀਆਂ ਹਨ। ਅਸਾਡੇ ਮਨਾਂ ਵਿਚ ਕੋਈ ਦ੍ਵੈਸ਼ ਨਾ ਹੋਣ ਕਰਕੇ ਸਹਿਜ ਵਿਚ ਹੀ ਇਹ ਚਿੱਤਰ advertisment ਦੇਣ ਵਾਲਿਆਂ ਦੇ ਦਿਤੇ ਮੁਤਾਬਿਕ ਛਪ ਗਿਆ।

ਅਸੀਂ ਤੁਹਾਨੂੰ ਵਿਸ਼ਵਾਸ਼ ਦਿਵਾਉਂਦੇ ਹਾਂ ਕਿ ਨਾ ਸਾਡਾ ਕਿਸੇ ਰਾਜਨੀਤਕ ਨੇਤਾ ਨਾਲ ਹਿਤ ਹੈ ਅਤੇ ਨਾ ਹੀ ਕਿਸੇ ਨਾਲ ਅਹਿਤ। ਕਿਉਂਕਿ ਆਤਮ ਮਾਰਗ ਦਾ ਵਿਸ਼ਾ ਰਾਜਨੀਤਕ ਘਟਨਾਵਾਂ ਦਾ ਵਰਣਨ ਕਰਨਾ ਨਹੀਂ ਸਗਮਾਂ ਉਨ੍ਹਾਂ ਮਹਾਨ ਵੈਰੀਆਂ ਤੋਂ ਸਾਵਧਾਨ ਕਰਨਾ ਹੈ ਜੋ ਹਰ ਵਕਤ ਹਰ ਬੰਦੇ ਦੇ ਅੰਦਰ ਦੁੰਧ ਮਚਾਉਂਦੇ ਰਹਿੰਦੇ ਹਨ। ਇਨ੍ਹਾਂ ਤੋਂ ਸਾਵਧਾਨ ਕਰਕੇ ਅਸਲੀ ਮਿੱਤਰ ਦੀ ਸੋਝੀ ਦੇਣਾ ਆਤਮਾ ਮਾਰਗ ਦਾ ਪ੍ਰਮ ਕਰਤੱਵ ਹੈ।

*ਸੰਗਿ ਸਹਾਈ ਸੁ ਆਵੈ ਨ ਚੀਤਿ॥ ਜੋ ਬੈਰਾਈ ਤਾ ਸਿਉ ਪ੍ਰੀਤਿ॥ ਪੰਨਾ - 267*

ਸੋ ਉਸ ਪ੍ਰਭੂ ਨਾਲ ਜੁੜਨ ਦੇ ਵਿਚ ਜੋ ਰੁਕਾਵਟਾਂ ਇਸ ਬੰਦੇ ਨੂੰ ਪੇਸ਼ ਆਉਂਦੀਆਂ ਹਨ ਉਨ੍ਹਾਂ ਦਾ ਵਰਣਨ ਕਰਨਾ 'ਆਤਮ ਮਾਰਗ' ਦਾ ਕਰਤੱਵ ਹੈ। ਅਸਾਡੇ ਲਈ ਸੰਸਾਰ ਵਿਚ ਕੋਈ ਵੀ ਸੰਪਰਦਾ ਵਾਰੇ ਭੇਦ-ਭਾਵ ਨਹੀਂ ਹੈ। ਨਾ ਹੀ ਕਿਸੇ ਸੰਪਰਦਾ ਨਾਲ ਸਾਡਾ ਵਿਰੋਧ ਹੈ। ਗੁਰਮਤਿ ਦਾ ਸੰਦੇਸ਼ ਸਾਰੀ ਸ੍ਰਿਸ਼ਟੀ ਦੇ ਕਲਿਆਣ ਲਈ ਪ੍ਰਸਾਰਣ ਕਰਨਾ ਹੈ। 'ਆਤਮ ਮਾਰਗ' ਇਕ ਸੁੰਗਧਿਤ ਫੁੱਲ ਹੈ, ਇਸਨੇ ਸੁਗੰਧੀ ਦੇਣੀ ਹੀ ਹੈ ਅਤੇ ਹਿਰਦਿਆਂ ਵਿਚ ਪਈ ਹੋਈ ਦੁਰਗੰਧੀ ਨੂੰ ਦੂਰ ਕਰਨਾ ਹੈ। ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੇ ਦਰਵਾਜ਼ੇ ਆਤਮ ਮਾਰਗ ਵਲੋਂ ਬੰਦ ਨਾ ਕਰੋ, ਸਾਨੂੰ ਖੇਦ ਹੋਵੇਗਾ ਕਿ ਇਕ ਪ੍ਰੇਮੀ ਜਿਸਨੂੰ ਸਧਾਰਣ ਰੂਪ ਵਿਚ ਹੀ ਆਤਮ ਮਾਰਗ ਭੇਜਿਆ ਗਿਆ ਸੀ ਉਹ ਆਪਣੇ ਆਪ ਨੂੰ ਇਸਤੋਂ ਦੂਰ ਕਰ ਲਵੇ। ਜੂਨ ਦਾ ਅਸੀਂ ਤੁਹਾਨੂੰ ਨਹੀਂ ਭੇਜ ਰਹੇ ਕਿਉਂਕਿ ਇਸ ਮਹੀਨੇ ਵਿਚ ਉਸ advertisement ਨੇ ਇਸੇ ਹਾਲਤ ਵਿਚ ਰਹਿਣਾ ਹੈ।

ਜੁਲਾਈ ਦਾ ਤੁਹਾਨੂੰ ਜ਼ਰੂਰ ਭੇਜਾਂਗੇ। ਇਸ ਵਿਚ ਇਹ ਚਿੱਠੀ ਵੀ ਛਪੀ ਹੋਵੇਗੀ ਤੁਸੀਂ ਪੜ੍ਹ ਕੇ ਆਪ ਹੀ ਫੈਸਲਾ ਕਰ ਲਵੋਂਗੇ। ਜੇ ਤੁਸੀਂ ਅਗਸਤ ਦਾ ਮੰਗਵਾਂਵੋਂਗੇ ਤਾਂ ਭੇਜਾਂਗੇ ਨਹੀਂ ਜੋ ਵਾਹਿਗੁਰੂ ਦਾ ਹੁਕਮ ਹੋਵੇਗਾ ਉਹ ਤਾਂ ਵਰਤਣਾ ਹੀ ਹੈ, ਪਰ ਇਕ ਗੱਲ ਯਾਦ ਰੱਖੋ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਕਰਕੇ ਮੰਨੋ ਤੇ ਉਨ੍ਹਾਂ ਦੇ ਬਚਨਾਂ -

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*

*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥ ਪੰਨਾ - 1364*

*ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪ੍ਰਣਵਤਿ ਨਾਨਕੁ ਤਾਰੇ ਸੋਇ॥ ਪੰਨਾ - 728*

ਦੇ ਸਿਧਾਂਤ ਨੂੰ ਮੁਖ ਰੱਖ ਕੇ ਆਪਣੇ ਜੀਵਨ ਦੇ ਪੱਖ ਪ੍ਰਦਰਸ਼ਨ ਨੂੰ ਢੂੰਢੋ ਕਿਉਂਕਿ ਤੁਸੀਂ ਆਪਣੇ ਨਾਮ ਦੇ ਨਾਲ 'ਖਾਲਸਾ' ਲਾਇਆ ਹੈ। ਖਾਲਸੇ ਬਣੋ ਤੇ ਦੁਨੀਆਂ ਨੂੰ ਬਿਨਾਂ ਵਿਤਕਰੇ ਦੇ ਜਿਵੇਂ ਸੂਰਜ ਸਭ ਨੂੰ ਪ੍ਰਕਾਸ਼ ਦਿੰਦਾ ਹੈ, ਹਵਾ ਸਭ ਨੂੰ ਸਪਰਸ਼ ਦਿੰਦੀ ਹੈ, ਪਾਣੀ ਸਭ ਦੀ ਪਿਆਸ ਹਟਾਉਂਦਾ ਹੈ, ਅਗਨ ਸਭ ਦੇ ਸ਼ੀਤ ਦਾ ਨਾਸ਼ ਕਰਦੀ ਹੈ ਅਤੇ ਅੰਨ ਸਭ ਦੀ ਭੁੱਖ ਗਵਾਉਂਦਾ ਹੈ। ਇਵੇਂ ਖਾਲਸਾ ਸੰਸਾਰ ਦੀ ਇਕ ਸਰਬ ਸਾਂਝੀ ਮਲਕੀਅਤ ਹੈ ਜਿਸਨੇ ਸੰਸਾਰ ਦੇ ਸਾਰੇ ਦੁੱਖਾਂ-ਕਲੇਸ਼ਾਂ, ਮਾਨਸਿਕ ਉਲਝਣਾਂ, ਔਕੜਾਂ ਨੂੰ ਦੂਰ ਕਰਕੇ ਸੰਸਾਰ ਵਿਚ ਸੁੱਖ-ਸ਼ਾਂਤੀ, ਭਰਾਂਤਰੀ ਭਾਵ, ਅਪਣੱਤ ਤੇ ਪਿਆਰ ਦਾ ਅਨਹਦ ਨਾਦ ਗੁੰਜਾਉਣਾ ਹੈ।

ਅੰਤ ਵਿਚ ਮੈਂ ਸੰਨਿਮਰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਬਚਨਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਰੋਸ਼ਨੀ ਅੰਦਰ ਮਨਮਤਿ ਦਾ ਤਿਆਗ ਕਰਕੇ ਵਿਚਾਰੋ ਅਤੇ ਖਾਲਸਾ ਪਦ ਪ੍ਰਾਪਤ ਕਰਨ ਦਾ ਪੂਰਾ-ਪੂਰਾ ਜਤਨ ਕਰਕੇ ਜੀਵਨ ਸਫਲ ਕਰੋ। ਇਹ ਥੁੜ੍ਹ ਦਿਲੀ, ਨਫਰਤ, ਵੈਰ ਭਾਵ, ਕੀਨਾਪਨ ਗੁਰਸਿੱਖਾਂ ਨੂੰ ਨਹੀਂ ਸੋਭਦੇ। ਗੁਰਸਿੱਖ ਸਾਰੇ ਸੰਸਾਰ ਦਾ ਸਰਦਾਰ ਹੈ, ਉਸਨੇ ਜਿਥੇ ਅਵਰ ਜੂਨ ਨੂੰ ਨਿਅਮਿਤ ਭਾਵ ਵਿਚ ਰੱਖ ਕੇ ਚਲਾਉਣਾ ਹੈ ਉਥੇ ਮਨੁਖ ਜਾਤੀ ਨੂੰ ਆਪਣੇ ਜੀਵਨ ਦੀ ਸੁਗੰਧੀ ਦੇ ਕੇ ਇਕ ਪਿਆਰ ਮਈ ਆਦਰਸ਼ ਪ੍ਰਗਟ ਕਰਕੇ ਸਭਨਾਂ ਦਾ ਸਾਂਝਾਂ, ਸਭਨਾਂ ਦਾ ਆਪਾ ਬਣ ਕੇ ਆਸਰੀ ਸੰਪਰਦਾਵਾਂ ਉਪਰ ਵਿਜਯ ਪ੍ਰਾਪਤ ਕਰਕੇ, ਅਬਿਨਾਸੀ ਰਾਜ ਪ੍ਰਾਪਤ ਕਰਕੇ ਐਨਾ ਉਚਾ ਲੰਘਣਾ ਹੈ ਕਿ -

*ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥*
*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ ਪੰਨਾ - 969*

ਬਦਲੇ ਲੈਣ ਨਾਲੋਂ ਮੁਆਫ ਕਰ ਦੇਣਾ ਵੱਡਾ ਆਦਰਸ਼ ਹੈ -

*ਬੁਰਿਆਂ ਨਾਲ ਬੁਰਿਆਈ ਕਰਦੇ, ਮੁਆਫ ਕਰਨ ਕਈ ਸਿਆਣੇ।*
*ਬੁਰਿਆਂ ਨਾਲ ਭਲਿਆਈ ਕਰਨੀ, ਇਹ ਗੁਰ ਨਾਨਕ ਜਾਣੇ।*

ਜਿਵੇਂ ਕਿ ਅਕਾਲ ਤਖਤ ਨੇ ਗਿਆਨੀ ਜ਼ੈਲ ਸਿੰਘ ਨੂੰ ਅਤੇ ਬੂਟਾ ਸਿੰਘ ਜੀ ਨੂੰ ਕੇਵਲ ਬਖਸ਼ਿਆ ਹੀ ਨਹੀਂ ਸਗਵਾਂ ਸਰੋਪੇ ਦੇ ਕੇ ਨਿਮਾਜਸ਼ ਭੀ ਕੀਤੀ ਹੈ।

ਪ੍ਰਾਰਥਕ

ਸਰਪ੍ਰਸਤ 'ਆਤਮ ਮਾਰਗ'

# ਸਿਹਤ ਵਿਗਿਆਨ - 2

(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 53)

**ਅੰਧ ਨੇਤ੍ਰਾ** - ਅੱਖਾਂ ਦੀ ਜੋਤ ਦਾ ਜਾਂਦਿਆ ਰਹਿਣਾ, ਮਹਾਬੁਲਬਸਰ ਇਸ ਰੋਗ ਵਿਚ ਨਜ਼ਰ ਸਹਿਜੇ-ਸਹਿਜੇ ਅਥਵਾ ਅਚਾਨਕ ਹੀ ਨਸ਼ਟ ਹੋ ਜਾਂਦੀ ਹੈ। ਇਸ ਦੇ ਕਾਰਨ ਹਨ - ਸਿਰ ਤੇ ਸੱਟ ਲੱਗਣੀ, ਦਿਮਾਗ ਵਿਚ ਰਸੌਲੀ ਜਾਂ ਆਤਸ਼ਕ ਦਾ ਫੋੜਾ ਹੋਣਾ, ਬਹੁਤ ਮੈਥੁਨ ਕਰਨਾ, ਅੱਖਾਂ ਦੇ ਪਰਦਿਆਂ ਵਿਚ ਦੋਸ਼ ਹੋਣਾ, ਸ਼ਰਾਬ ਅਤੇ ਤਮਾਕੂ ਬਹੁਤਾ ਪੀਣਾ, ਇਸਤ੍ਰੀਆਂ ਦੇ ਇਕ ਬਾਰ ਹੀ ਰਿਤੂ ਬੰਦ ਹੋਣੇ ਆਦਿ।

ਇਸ ਰੋਗ ਵਿਚ ਸਿਆਣੇ ਵੈਦ, ਡਾਕਟਰ ਦਾ ਇਲਾਜ ਕਰਾਉਣਾ ਚਾਹਿਏ ਜੋ ਕਾਰਣ ਨੂੰ ਚੰਗੀ ਤਰ੍ਹਾਂ ਪਰਖ ਕੇ ਯੋਗ ਉਪਾਉ ਕਰੇ।

ਅੰਧਨੇਤ੍ਰ ਦੇ ਰੋਗੀ ਨੂੰ ਤਾਕਤ ਵਾਲੀ ਗਿਜਾ ਖਾਣੀ ਚਾਹੀਏ ਅਤੇ ਨੇਤ੍ਰਾਂ ਵਿਚ ਚੰਗੇ ਅੰਜਨ ਪਾਉਣੇ ਲੋੜੀਏ। ਮੈਥੁਨ ਤੋਂ ਪੂਰਾ ਪਰਹੇਜ਼ ਰਖਣਾ ਚਾਹੀਏ। ਹੇਠ ਲਿਖਿਆ ਦਾਰੂ ਨੇਤ੍ਰਰੋਗਾਂ ਲਈ ਬਹੁਤ ਉਤਮ ਹੈ -

ਇਕ ਤੋਲਾ ਸੁੱਧ ਸਿੱਕਾ ਢਾਲ ਕੇ ਉਸ ਵਿਚ ਇਕ ਤੋਲਾ ਪਾਰਾ ਮਿਲਾ ਕੇ ਗਰਮ ਗਰਮ ਪੀਸੋ। ਨੀਲਾ ਕੱਚ, ਜਿਸਤ ਦਾ ਕੁਸ਼ਤਾ, ਛੋਟੀ ਇਲਾਚੀ ਦੇ ਦਾਣੇ, ਸੁਹਾਗਾ ਫੁੱਲ, ਸੁੱਚਾ ਸਿੱਪ, ਸੰਗ ਬਸਰੀ, ਮਮੀਰੀ, ਸਮੁੰਦਰ ਝੱਗ, ਸਰਦ ਚੀਨੀ, ਕਪੂਰ, ਇਹ ਸਾਰੇ ਇਕ ਇਕ ਤੋਲਾ ਲੈਣੇ, ਚਿੱਟਾ ਸੁਰਮਾ ਚਾਰ ਤੋਲੇ, ਕਾਲਾ ਸੁਰਮਾ 10 ਤੋਲੇ, ਇਹ ਸਾਰੀ ਚੀਜ਼ਾਂ ਬਰੀਕ ਪੀਸ ਲੈਣੀਆਂ, ਇਕ ਬੋਤਲ ਅਰਕ ਗੁਲਾਬ, ਦੋ ਛਟਾਂਕ ਰਸੌਂਤ, ਇਨ੍ਹਾਂ ਸਾਰੇ ਰਸਾਂ ਵਿਚ ਘੋਲ ਲੈਣੀ, ਇਸ ਪਾਣੀ ਵਿਚ ਉਪਰ ਲਿਖੀਆਂ ਦਵਾਈਆਂ ਖਰਲ ਕਰਨੀਆਂ, ਜਦ ਕੱਜਲ ਵਾਂਗ ਬਰੀਕ ਹੋ ਜਾਣ ਤਦ ਨੀਲੀ ਸ਼ੀਸ਼ੀ ਵਿਚ ਪਾ ਲਓ। ਰਾਤ ਨੂੰ ਸੋਣ ਵੇਲੇ ਸਲਾਈ ਨਾਲ ਪਾਉਣ ਤੋਂ ਨੇਤ੍ਰ ਦੇ ਰੋਗ ਮਿਟ ਜਾਂਦੇ ਹਨ। ਇਸ ਬਾਤ ਦਾ ਖਿਆਲ ਰੱਖਣਾ ਚਾਹੀਏ ਕਿ ਦੂਜੇ ਦੇ ਨੇਤ੍ਰਾਂ ਨੂੰ ਲੱਗੀ ਸਲਾਈ ਨਾ ਹੋਵੇ ਅਤੇ ਨਾ ਸਾਫ ਕੀਤੇ ਬਿਨਾ ਸਲਾਈ ਸੀਸੀ ਵਿਚ ਪਾਉਣੀ ਚਾਹੀਏ, ਸਬਜ ਮੋਤੀਆਂ ਬਿੰਦ ਵਿਚ ਜੋ ਦਵਾਈਆਂ ਲਿਖੀਆਂ ਹਨ ਉਹ ਸਭ ਅੰਧਨੇਤ੍ਰ ਲਈ ਗੁਣਕਾਰੀ ਹਨ।

ਅੰਧ ਨੇਤ੍ਰ ਦੇ ਦਿਵਾਂਧ ਅਤੇ ਨਕਤਾਂਧ ਦੋ ਭੇਦ ਹੋਰ ਭੀ ਹਨ, ਅਰਥਾਤ ਦਿਨ ਨੂੰ ਅੰਧੇ ਹੋ ਜਾਣਾ ਅਤੇ ਰਾਤ ਨੂੰ ਦਿਖਾਈ ਦੇਣਾ ਅਤੇ ਰਾਤ ਨੂੰ ਅੰਧੇ ਹੋ ਜਾਣਾ, ਦਿਨ ਨੂੰ ਨਜ਼ਰ ਆਉਣਾ। ਪਿੱਤ ਦੇ ਵਿਕਾਰੀ ਹੋਣ ਤੋਂ ਦਿਨ ਨੂੰ ਦਿਖਾਈ ਨਹੀਂ ਦਿੰਦਾ, ਕਫ ਦਾ ਵਿਕਾਰ ਹੋਣ ਕਰਕੇ ਰਾਤ ਨੂੰ ਨਜਰ ਨਹੀਂ ਆਉਂਦਾ।

ਬਹੇੜੇ ਦੀ ਗਿਰੀ ਜਲ ਵਿਚ ਘਸਾ ਕੇ ਨੇਤ੍ਰਾਂ ਵਿਚ ਪਾਉਣ ਤੋਂ ਅਤੇ ਕਣਕ ਦੀ ਗਰਮ ਰੋਟੀ ਤੇ ਤਾਜਾ ਘੀ ਪਾ ਕੇ ਸੱਤ ਦਿਨ ਖਾਣ ਤੋਂ ਨੇਤ੍ਰਾਂ ਦਾ ਇਹ ਰੋਗ ਦੂਰ ਹੋ ਜਾਂਦਾ ਹੈ।

ਤ੍ਰਿਫਲੇ ਦਾ ਚੂਰਣ ਛੀ ਮਾਸੇ ਗਊ ਦੇ ਘੀ ਵਿਚ ਮਿਲਾ ਕੇ ਰੋਜ ਚੱਟਣਾ ਭੀ ਗੁਣਕਾਰੀ ਹੈ। ਖੁਰਫੇ ਦੇ ਬੀਜ ਤਿੰਨ ਮਾਸੇ, ਧਨੀਆਂ ਤਿੰਨ ਮਾਸੇ ਪੀਸ ਕੇ, ਤਿੰਨ ਮਾਸੇ ਬੀਹਦਾਣੇ ਦੇ ਲੁਆਬ ਵਿਚ ਮਿਲਾ ਕੇ, ਚਾਰ ਤੋਲੇ ਸ਼ਰਬਤ ਉਨਾਬ ਨਾਲ ਪੀਣਾ ਲਾਭਦਾਇਕ ਹੈ। ਗੁਲਾਬ ਵਿਚ ਚਿਟਾ ਚੰਦਨ ਘਸਾ ਕੇ ਮੱਥੇ ਤੇ ਮਲਨਾ ਉਤਮ ਹੈ।

**ਸਕਤਾ** - ਸ਼ਕਤਿ ਵਾਲਾ, ਸਮਰਥ, ਬਲਵਾਨ "ਸਕਤਾ ਸੀਹੁ ਮਾਰੇ ਪੈ ਵਗੈ" 2. ਬਿਨਾਂ ਹਰਕਤ ਹੋਣ ਦੀ ਹਾਲਤ, ਸੰਤਭ ਹੋਣਾ। 3. ਇਕ ਰੋਗ - (apoplexy) ਸੰਨਯਾਸ। ਇਹ ਰੋਗ ਚਾਲੀ ਵਰ੍ਹੇ ਦੀ ਉਮਰ ਪਿੱਛੋਂ ਜਾਦਾ ਹੁੰਦਾ ਹੈ। ਇਸ ਦੇ ਕਾਰਣ ਦਿਮਾਗ ਤੇ ਸੱਟ ਵਜਣੀ, ਗੁਰਦੇ ਦੀਆਂ ਬੀਮਾਰੀਆਂ ਹੋਣੀਆਂ, ਸ਼ਰਾਬ, ਅਫੀਮ, ਚੰਡੂ, ਸੁਲਫਾ ਆਦਿ ਬਹੁਤ ਨਸ਼ੇ ਸੇਵਨ ਕਰਨੇ, ਬਹੁਤ ਭੋਗ ਕਰਨਾ ਆਦਿ ਹਨ।

ਸਕਤੇ ਵਿਚ ਸਰੀਰ ਜੜ੍ਹ ਹੋ ਜਾਂਦਾ ਹੈ, ਦਿਲ ਹਰਕਤ ਕਰਦਾ ਹੈ ਪਰ ਦਿਮਾਗ ਆਪਣਾ ਕੰਮ ਛੱਡ ਦਿੰਦਾ ਹੈ। ਨਬਜ ਮੱਧਮ ਪੈ ਜਾਂਦੀ ਹੈ, ਸ਼ਰੀਰ ਠੰਢਾ ਹੋ ਜਾਂਦਾ ਹੈ। ਕਦੇ-ਕਦੇ ਮਲ ਮੂਤਰ ਅਚਾਨਕ ਹੀ ਨਿਕਲ ਜਾਂਦੇ ਅਥਵਾ ਬੰਦ ਹੋ ਜਾਂਦੇ ਹਨ।

ਇਸ ਦਾ ਇਲਾਜ ਇਹ ਹੈ ਕਿ ਰੋਗੀ ਦਾ ਸਿਰ ਉਚਾ ਰੱਖ ਕੇ ਸ਼ਾਤੀ ਨਾਲ ਲਿਟਾ ਦਿਤਾ ਜਾਵੇ। ਕੁੜਤੇ ਆਦਿ ਦੇ ਗਲਾਵੇਂ ਦੇ ਬਟਨ ਖੋਲ੍ਹ ਦਿਤੇ ਜਾਣ। ਸਿਰਕੇ ਵਿਚ ਚੰਦਨ ਤੇ ਕਪੂਰ ਘਸਾ ਕੇ ਇਸ ਨਾਲ ਬਸਤਰ ਤਰ ਕਰਕੇ ਮੱਥੇ ਤੇ ਰੱਖਿਆ ਜਾਵੇ। ਲਹੂ ਦੀ ਅਧਿਕਤਾ ਹੋਵੇ ਤਾਂ ਸਿਆਣੇ ਆਦਮੀ ਤੋਂ ਫਸਾਦ ਖੁਲ੍ਹਵਾ ਕੇ ਕੁਝ ਕਢਵਾ ਦਿਤਾ ਜਾਵੇ। ਪਿੰਨਣੀਆਂ (ਪਿੰਨੀਆਂ) ਅਤੇ ਡੌਲਿਆਂ ਨੂੰ ਰੁਮਾਲਾਂ ਨਾਲ ਘੁੱਟ ਕੇ ਬੰਨ੍ਹਿਆ ਜਾਵੇ। ਹੁਕਨਾ ਅਤੇ ਹੱਥ ਪੈਰ ਦੀਆਂ ਤਲੀਆਂ ਤੇ ਮਾਲਿਸ਼ ਕੀਤੀ ਜਾਵੇ।

ਇਸ ਬੀਮਾਰੀ ਵਿਚ ਮਾਜੂਨ ਫਿਲਾਸਫਾ, ਖਮੀਰਾ, ਗਾਉਜੁਬਾਨ ਅਤੇ ਯੋਗਰਾਜ ਗੁੱਗਲ ਦਾ ਖਵਾਉਣਾ ਅਤੇ ਅਰਕ ਕਾਸਨੀ ਪਿਲਾਉਣਾ ਗੁਣਕਾਰੀ ਹੈ। ਅੰਤੜੀ ਦੀ ਮੈਲ ਜਿਨ੍ਹਾਂ ਚੀਜ਼ਾਂ ਤੋਂ ਖਾਰਿਜ ਹੋਵੇ ਉਨ੍ਹਾਂ ਦਾ ਵਰਤਣਾ ਅਤੇ ਜੌਂ ਦਾ ਰਸ, ਮੂੰਗੀ ਦਾ ਪਾਣੀ ਅਤੇ ਚਿੱਟੇ ਮਾਸਾਂ ਦਾ ਸ਼ੋਰਵਾ ਆਦਿ ਨਮ ਗਿਜਾ ਦੇਣੀ ਚਾਹੀਏ।

-- ਚਲਦਾ --

(ਮਹਾਨ ਕੋਸ਼ ਵਿਚੋਂ ਧੰਨਵਾਦ ਸਹਿਤ)

---

(ਪੰਨਾ 46 ਦੀ ਬਾਕੀ)

ਵਾਹਿਗੁਰੂ! ਆਪਣੇ ਉਨ੍ਹਾਂ ਪਿਆਰਿਆਂ ਦੇ ਮੇਲ ਬਖਸ਼, ਜਿਨ੍ਹਾਂ ਦੇ ਮਿਲਣ ਨਾਲ ਤੇਰਾ ਪ੍ਰਕਾਸ਼ ਮੇਰੇ ਅੰਦਰ ਹੋ ਜਾਵੇ ਤੇ ਮੈਂ ਨਿਰੰਤਰ ਤੇਰੀ ਯਾਦ ਵਿਚ ਰਹਿ ਕੇ ਜੀਵਨ ਬਤੀਤ ਕਰਾਂ।

ਦਸ਼ਮੇਸ਼ ਪਿਤਾ ਜੀ ਨੇ ਚਿਤ ਇਕਾਗਰ ਕਰਕੇ, ਹਜ਼ੂਰੀ ਵਿਚ ਰਹਿ ਕੇ ਨਾਮ ਜਪਣ, ਬਾਣੀ ਪੜ੍ਹਨ ਦੀ ਜੁਗਤੀ ਦਸ ਦਿਤੀ। ਗੁਰੂ ਪਿਆਰਿਆਂ ਦੇ ਜ਼ਿੰਮੇ ਨਾਮ ਜਪਾਉਣ ਦਾ ਕਾਰਜ ਸੌਂਪਿਆ ਹੈ ਜਿਵੇਂ-

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*

*ਪੰਨਾ - 1373*

ਨਾਮ ਜਪਾਉਣ ਵਾਲੇ ਗੁਰਸਿੱਖ ਪਿਆਰਿਆਂ ਨੂੰ ਗੁਰੂ ਮਹਾਰਾਜ ਸਰਬੋਤਮ ਮਾਣ ਨਾਲ ਨਿਵਾਜਦੇ ਹਨ -

*ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ਪੰਨਾ - 306*

ਸੋ ਸਾਰ ਇਹ ਕਿ ਰਸੀਆਂ ਦੀ ਸੰਗਤ ਕਰੋ, ਬਚਨ ਸੁਣੋ। ਨਾਮ, ਹਜ਼ੂਰੀ ਵਿਚ ਰਹਿ ਕੇ, ਚਿਤ ਇਕਾਗਰ ਕਰਕੇ ਜਪੋ ਅਤੇ ਮਨ ਦੀਆਂ ਉਡਾਰੀਆਂ ਪ੍ਰਭੂ ਪਿਆਰ ਵਿਚ ਲੀਨ ਕਰੋ।

# ਸਮਾਗਮ ਤੇ ਸਰਗਰਮੀਆਂ

ਵਿਸ਼ਵ ਗੁਰਮਿਤ ਰੂਹਾਨੀ ਮਿਸ਼ਨ ਟਰੱਸਟ ਵਲੋਂ ਪਰਮ ਪੂਜਯ ਮਹਾਂਪੁਰਖਾਂ (ਸੰਤ ਬਾਬਾ ਵਰਿਆਮ ਸਿੰਘ ਜੀ) ਦੀ ਦੇਖ ਰੇਖ ਤੇ ਰਹਿਨੁਮਾਈ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਗੁਰਮਤਿ ਅਨੁਸਾਰ ਨਿਖਾਰ ਕੇ ਸਿੱਖ ਜਗਤ ਤੇ ਜਗਿਆਸੂਆਂ ਨੂੰ ਨਰੋਈ ਸੋਚ ਤੇ ਆਤਮਿਕ ਸੋਝੀ ਪ੍ਰਦਾਨ ਕਰਨ ਦੇ ਉਪਰਾਲੇ ਹਿਤ 13 ਜੱਥੇ ਪ੍ਰਚਾਰ ਕਾਰਜਾਂ ਵਿਚ ਜੁਟੇ ਹੋਏ ਹਨ। ਜਿਨ੍ਹਾਂ ਵਿਚ ਦੋ ਪ੍ਰਚਾਰ ਕੇਂਦਰ ਯੂ. ਪੀ. ਵਿਚ ਅਤੇ ਬਾਕੀ ਪੰਜਾਬ ਤੇ ਚੰਡੀਗੜ੍ਹ ਦੇ ਨਾਲ ਲਗਦੇ ਇਲਾਕਿਆਂ ਵਿਚ ਸੇਵਾ ਨਿਭਾ ਰਹੇ ਹਨ। ਮਹਾਂਪੁਰਖਾਂ ਵਲੋਂ ਤਿਆਰ ਕੀਤੀਆਂ 521 ਦੇ ਕਰੀਬ ਵੀਡੀਓ ਫਿਲਮਾਂ ਰਾਹੀਂ ਯੋਜਨਾਬੱਧ ਤਰੀਕੇ ਨਾਲ ਅਪ੍ਰੈਲ 1994 ਦੀ ਵਿਸਾਖੀ ਤੋਂ ਰੋਪੜ ਦੇ ਜ਼ਿਲੇ ਵਿਚ 13 ਟੀ. ਵੀ. ਸੈਟਾਂ ਤੇ ਵੀ. ਸੀ. ਆਰਾਂ ਰਾਹੀਂ ਆਮ ਜਨ ਸਧਾਰਨ ਤਕ ਗੁਰਮਤਿ ਦਾ ਸੰਦੇਸ਼ ਪਹੁੰਚਾਣ ਦਾ ਯਤਨ ਨਿਰੰਤਰ ਜਾਰੀ ਹੈ। ਜਨ ਸਮੂਹ ਦੀ ਭਲਾਈ ਤੇ ਸਿਹਤ ਸੇਵਾ ਲਈ ਫਰੀ ਡਿਸਪੈਂਸਰੀਆਂ ਰਾਹੀਂ ਮੁਫਤ ਡਾਕਟਰੀ ਸੇਵਾ ਤੇ ਦਵਾਈ ਦੀ ਸੁਵਿਧਾ ਵੀ ਉਪਲਬਧ ਹੈ। ਲਿਟਰੇਚਰ ਰਾਹੀਂ ਲਿਖਤੀ ਰੂਪ ਵਿਚ ਗੁਰਮਤਿ ਸੰਦੇਸ਼ ਨੂੰ ਦੇਸ਼ ਵਿਦੇਸ਼ ਵਿਚ ਪ੍ਰਸਾਰਨ ਦਾ ਵੀ ਉਪਰਾਲਾ ਜਾਰੀ ਹੈ ਅਤੇ ਵੀਡੀਓ ਫਿਲਮਾਂ ਦੇ ਪ੍ਰਦੇਸ਼ਾਂ ਵਿਚ ਪ੍ਰਸਾਰ ਹੋਣ ਨਾਲ ਮਹਾਂਪੁਰਖਾਂ ਦੇ ਰੁਝੇਵਿਆਂ ਵਿਚ ਬਹੁਤ ਵਾਧਾ ਹੋ ਗਿਆ ਹੈ ਜਿਸ ਕਰਕੇ ਉਨ੍ਹਾਂ ਨੂੰ ਪੱਤਰਾਂ ਤੇ ਟੈਲੀਫੋਨਾਂ ਰਾਹੀਂ ਜਗਿਆਸੂਆਂ ਤੇ ਸਹਿਯੋਗੀਆਂ ਵਲੋਂ ਦਰਸਾਈ ਪ੍ਰਸੰਸਾ ਅਤੇ ਪੁੱਛੇ ਗਏ ਰੂਹਾਨੀ ਸ਼ੰਕਿਆਂ ਦਾ ਜਵਾਬ ਦੇਣਾ ਪੈਂਦਾ ਹੈ।

*ਨਿਵਾਸ ਸਥਾਨ 781/3ਬੀ 1 ਮੋਹਾਲੀ ਵਿਖੇ*
*ਮਹਾਂਪੁਰਸ਼ਾਂ ਨੂੰ ਮਿਲਣ ਦਾ ਸਮਾਂ -*

- ਹਰ ਰੋਜ਼ ਸਵੇਰੇ 9.00 ਤੋਂ 10.00 ਵਜੇ ਤਕ ਅਤੇ ਰਾਤ ਨੂੰ 8.00 ਤੋਂ 9.00 ਵਜੇ ਤਕ ।
- ਅੰਮ੍ਰਿਤ ਵੇਲੇ ਸ਼ਹਿਰ ਵਿਚ ਮਿਸ਼ਨ ਦੇ ਦੋ ਬੀਬੀਆਂ ਦੇ ਜਥਿਆਂ ਦੇ ਆਸਾ ਦੀ ਵਾਰ ਦੇ ਪ੍ਰੋਗਰਾਮ ਤੇ ਵੀ ਪਹੁੰਚਦੇ ਹਨ।

### *ਮਹਾਂਪੁਰਸ਼ਾਂ ਦੇ ਦੀਵਾਨਾਂ ਦੇ ਪ੍ਰੋਗਰਾਮ*

***ਪੂਰਨਮਾਸ਼ੀ*** - 12 ਜੁਲਾਈ, ਬੁਧਵਾਰ-ਰਤਵਾੜਾ ਸਾਹਿਬ ਵਿਖੇ 11.00 ਵਜੇ ਤੋਂ ਬਾਦ ਦੁਪਿਹਰ 3.00 ਵਜੇ ਤਕ

***ਸੰਗਰਾਂਦ*** - 16 ਜੁਲਾਈ, ਐਤਵਾਰ-ਰਤਵਾੜਾ ਸਾਹਿਬ ਵਿਖੇ 11.00 ਵਜੇ ਤੋਂ ਬਾਦ ਦੁਪਿਹਰ 3.00 ਵਜੇ ਤਕ

***ਮੱਸਿਆ*** - 27 ਜੁਲਾਈ, ਵੀਰਵਾਰ - ਗੁਰਦੁਆਰਾ ਈਸ਼ਰ ਪ੍ਰਕਾਸ਼ ਬਨੂੜ ਵਿਖੇ ਸਮਾਂ ਰਾਤ ਨੂੰ 8.00 ਤੋਂ ਲੈ ਕੇ 11.00 ਵਜੇ ਤੱਕ

***ਦਸਮੀ*** - 8 ਜੁਲਾਈ, ਸ਼ਨੀਵਾਰ - ਗੁਰਦੁਆਰਾ ਯਾਦਗਾਰ ਪਿਆਰੇ ਭਾਈ ਦਇਆ ਸਿੰਘ ਜੀ ਰਾਜਪੁਰਾ ਸਮਾਂ ਰਾਤ ਨੂੰ 8.00 ਵਜੇ ਤੋਂ ਲੈ ਕੇ 11.00 ਵਜੇ ਤੱਕ

***ਐਤਵਾਰ*** - 781, 3ਬੀ 1, ਮੋਹਾਲੀ ਵਿਖੇ ਸਮਾਂ 11.00 ਵਜੇ ਤੋਂ ਬਾਦ ਦੁਪਿਹਰ 3.00 ਵਜੇ ਤਕ

***ਅੰਮ੍ਰਿਤ ਸੰਚਾਰ*** - ਹਰੇਕ ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

*ਡਾਕਟਰੀ ਸੇਵਾ - ਫਰੀ ਡਿਸਪੈਂਸਰੀਆਂ ਰਾਹੀਂ -*


- ਰਤਵਾੜਾ ਸਾਹਿਬ ਵਿਖੇ ਹਰ ਰੋਜ਼ ਸਵੇਰੇ 9.00 ਵਜੇ ਤੋਂ ਦੁਪਿਹਰ 2.00 ਵਜੇ ਤਕ
- ਹਰ ਬੁੱਧਵਾਰ ਨੂੰ ਹੋਮਿਓਪੈਥੀ ਦੇ ਡਾਕਟਰ ਦੁਆਰਾ ਰਤਵਾੜਾ ਸਾਹਿਬ ਵਿਖੇ ਫਰੀ ਡਾਕਟਰੀ ਇਲਾਜ ਤੇ ਦਵਾਈਆਂ ਦਿਤੀਆਂ ਜਾਂਦੀਆਂ ਹਨ।
- ਹੱਡੀਆਂ ਦੇ ਮਾਹਿਰ ਡਾਕਟਰ, ਹਰ ਪੂਰਨਮਾਸ਼ੀ, ਸੰਗਰਾਂਦ ਨੂੰ ਰਤਵਾੜਾ ਸਾਹਿਬ ਵਿਖੇ ਅਤੇ ਐਤਵਾਰ ਨੂੰ ਮੋਹਾਲੀ ਵਿਖੇ ਹੱਡੀਆਂ ਦਾ ਇਲਾਜ ਕਰਦੇ ਹਨ।

---

### ਆਤਮ ਮਾਰਗ ਮੈਗਜ਼ੀਨ ਦੇ ਵਿਕਰੀ ਕੇਂਦਰ
### ਨਾਂ ਤੇ ਪੂਰਾ ਪਤਾ

1. ਬੀਬੀ ਦਵਿੰਦਰ ਕੌਰ ਸੈਕਟਰੀ
   ਕੋਠੀ ਨੰ: 1704, ਸੈਕਟਰ 33-ਡੀ, ਚੰਡੀਗੜ੍ਹ।
2. ਬੀਬੀ ਚਰਨਜੀਤ ਕੌਰ
   ਮਕਾਨ ਨੰ: 2921, ਸੈਕਟਰ 20-ਸੀ, ਚੰਡੀਗੜ੍ਹ।
3. ਭਾਈ ਕੁਲਬੀਰ ਸਿੰਘ
   781, 3 ਬੀ 1, ਸੈਕਟਰ 60, ਮੋਹਾਲੀ
4. ਭਾਈ ਦਵਿੰਦਰ ਸਿੰਘ
   ਸੀਤਲ ਡੀਪਾਰਟਮੈਂਟਲ ਸਟੋਰ,
   ਐਸ. ਸੀ. ਐਫ. 36, 3ਬੀ2 , ਮੋਹਾਲੀ
5. ਭਾਈ ਗੁਰਦੀਪ ਸਿੰਘ (ਰਤਵਾੜਾ ਸਾਹਿਬ)
6. ਭਾਈ ਬਰਜਿੰਦਰ ਸਿੰਘ ਮੋਟੇ ਮਾਜਰੇ ਵਾਲੇ
   ਲਾਇਲਪੁਰੀਆਂ ਦੀ ਮਠਿਆਈ ਦੀ ਪ੍ਰਸਿੱਧ ਦੁਕਾਨ
   ਜੀ. ਟੀ. ਰੋਡ ਬਨੂੜ।
7. ਮਾਸਟਰ ਲਾਭ ਸਿੰਘ
   ਪਿੰਡ : ਧਮੋਲੀਆਂ, ਰਾਜਪੁਰਾ
8. ਬਲਦੇਵ ਸਿੰਘ ਸਾਹਨੀ
   ਸਾਹਨੀ ਫਰੂਟ ਐਂਡ ਜੂਸ ਸ਼ਾਪ
   ਰਾਜਪੁਰਾ ਟਾਊਨ
9. ਭਾਈ ਨਿਰਮਲ ਸਿੰਘ ਹਵੇਲੀ
10. ਭਾਈ ਭੁਪਿੰਦਰ ਸਿੰਘ ਚੱਕੀ ਵਾਲੇ, ਕੋਟਲਾ ਨਿਹੰਗ
11. ਭਾਈ ਇੰਦਰਜੀਤ ਸਿੰਘ ਪਿੰਡ ਸੈਫਲਪੁਰ
12. ਮਾਸਟਰ ਸੁਰਿੰਦਰ ਸਿੰਘ, ਪਿੰਡ ਝੱਲੀਆਂ
13. ਇੰਜ: ਜਸਵੰਤ ਸਿੰਘ
    67 Type 4, ਦਸ਼ਮੇਸ਼ ਥਰਮਲ ਪਲਾਂਟ ਕਲੋਨੀ, ਰੋਪੜ
14. ਭਾਈ ਫੂਲਾ ਸਿੰਘ
    ਕੋਠੀ ਨੰ. 543, ਫੇਸ 1, ਮੋਹਾਲੀ
15. ਭਾਈ ਅਮਰਜੀਤ ਸਿੰਘ
    ਸੈਣੀ ਮਾਜਰਾ, ਜਿਲ੍ਹਾ ਰੋਪੜ

# ਦੋ ਵੱਡੀਆਂ ਘਟਨਾਵਾਂ



ਸ੍ਰੀ ਮਾਨ 1008 ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲੇ ਜੋ ਕਿ ਆਪਣੇ ਸਮੇਂ ਦੇ ਇਕ ਮਹਾਨ ਧਾਰਮਿਕ ਆਗੂ ਹੋ ਚੁਕੇ ਹਨ ਅਤੇ ਆਪ ਨੇ ਸਿੱਖ ਧਰਮ ਦੀਆਂ ਰਵਾਇਤਾਂ ਨੂੰ ਇਕ ਆਮ ਜਨ ਸਧਾਰਨ ਦੇ ਜੀਵਨ ਵਿਚ ਸਮੋ ਦਿਤਾ। ਸਿਧੀਆਂ ਧਾਰਨਾਂ ਦਾ ਕੀਰਤਨ ਪ੍ਰਚਲਤ ਕਰਕੇ, ਗੰਦੇ ਗੀਤਾਂ ਦੀ ਥਾਂ ਗੁਰਬਾਣੀ ਤੇ ਅਧਾਰਤ ਧਾਰਨਾਵਾਂ ਨੇ ਲੈ ਲਈ ਅਤੇ ਆਪ ਜੀ ਨੇ ਪਿੰਡ-ਪਿੰਡ ਜਾ ਕੇ ਸਿੱਖੀ ਆਦਰਸ਼ਾਂ ਤੇ ਰਹੁ ਰੀਤਾਂ ਨੂੰ ਮੁੜ ਸੁਰਜੀਤ ਕੀਤਾ ਅਤੇ ਜਨ ਸਮੂਹ ਦੇ ਭਲੇ ਲਈ ਅਨੇਕਾਂ ਕਲਿਆਣਕਾਰੀ ਕਾਰਜਾਂ ਨੂੰ ਅਰੰਭ ਕੇ ਨੇਪਰੇ ਚਾੜ੍ਹਿਆ। ਆਪ ਜੀ ਦੇ ਇਸ ਮਹਾਨ ਰੂਹਾਨੀ ਤੇ ਸਰਬ ਸਾਂਝੀ ਸ਼ਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ ਪੰਡਤ ਮਦਨ ਮੋਹਨ ਮਾਲਵੀਆ ਜੀ ਨੇ ਸੰਨ 1914 ਵਿਚ ਆਪ ਜੀ ਤੋਂ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ ਪੱਥਰ ਰਖਵਾਇਆ ਜੋ ਕਿ ਭਾਰਤ ਦੇ ਧਾਰਮਿਕ ਇਤਿਹਾਸ ਵਿਚ ਇਕ ਮਹਾਨ ਘਟਨਾ ਹੈ।

ਸ੍ਰੀ ਮਾਨ ਪਰਮ ਸੰਤ ਬਾਬਾ ਵਰਿਆਮ ਸਿੰਘ ਜੀ ਜੋ ਕਿ ਰਾੜੇ ਸਾਹਿਬ ਵਾਲੇ ਮਹਾਂਪੁਰਸ਼ਾਂ ਦੀ ਸੰਪ੍ਰਦਾਇ ਦੇ ਅਨੁਆਈ ਹਨ, ਨੇ ਵੀ ਸਿੱਖ ਧਰਮ ਦੀਆਂ ਰਹੁਰੀਤਾਂ ਨੂੰ ਸੁਰਜੀਤ ਕਰਨ ਲਈ, ਪਹਿਲਾਂ ਬਚਪਨ ਵਿਚ ਸਿੰਧ ਫੇਰ ਉਤਰ ਪ੍ਰਦੇਸ਼ ਤੇ ਹੁਣ ਰੋਪੜ ਜ਼ਿਲ੍ਹੇ ਦੇ ਪਛੜੇ ਇਲਾਕੇ ਵਿਚ ਪਿੰਡ-ਪਿੰਡ ਤੇ ਘਰ-ਘਰ ਜਾ ਕੇ ਪ੍ਰਚਾਰ ਕੀਤਾ ਹੈ ਜਿਸਦਾ ਸਦਕਾ ਸਾਢੇ ਤਿੰਨ ਲੱਖ ਤੋਂ ਉਪਰ ਪ੍ਰਾਣੀ ਗੁਰੂ ਦੇ ਲੜ ਲੱਗ ਚੁੱਕੇ ਹਨ। 521 ਵੀਡੀਓ ਫਿਲਮਾਂ ਰਾਹੀਂ ਪ੍ਰਚਾਰ ਦੇ ਨਵੇਂ ਮਾਧਿਅਮਾਂ ਨੂੰ ਅਪਨਾਇਆ ਹੈ। ਲਿਟਰੇਚਰ ਰਾਹੀਂ ਲਿਖਤੀ ਰੂਪ ਵਿਚ ਜਗਿਆਸੂਆਂ ਨੂੰ ਸੇਧ ਦਿਤੀ ਜਾ ਰਹੀ ਹੈ ਤੇ ਜਨ ਸਮੂਹ ਦੇ ਭਲੇ ਲਈ ਅਨੇਕਾਂ ਕਲਿਆਣਕਾਰੀ ਕਾਰਜ, ਹਸਪਤਾਲ ਤੇ ਸਕੂਲ ਆਦਿ ਬਣਾਏ ਜਾ ਰਹੇ ਹਨ। ਆਪ ਜੀ ਨੇ ਡਾਕਟਰ ਸੁਆਮੀ ਰਾਮ ਜੀ ਦੀ ਸਰਪ੍ਰਸਤੀ ਹੇਠ ਉਸਾਰੇ ਜਾ ਰਹੇ ਮੈਡੀਕਲ ਕਾਲਿਜ ਅਤੇ 2500 ਬੈਡ ਦੇ ਹਸਪਤਾਲ ਜੋ ਕਿ ਜੌਲੀ ਗ੍ਰਾਂਟ, ਦੇਹਰਾਦੂਨ ਵਿਖੇ ਉਸਾਰਿਆ ਜਾਣਾ ਹੈ ਅਤੇ ਏਸ਼ੀਆ ਵਿਚ ਆਪਣੀ ਕਿਸਮ ਦਾ ਸਭ ਤੋਂ ਵੱਡਾ ਹਸਪਤਾਲ ਹੋਵੇਗਾ, ਦਾ ਨੀਂਹ ਪੱਥਰ ਸਤੰਬਰ, **1994** ਨੂੰ ਰੱਖਿਆ ਜੋ ਕਿ ਅਜੋਕੇ ਧਾਰਮਿਕ ਇਤਿਹਾਸ ਵਿਚ ਇਕ ਮਹਾਨ ਘਟਨਾ ਹੈ।



With Best Compliments From

# Prestigious Departmental Store (Centrally Air-Conditioned)




in

**City Beautiful**

of

*International Standards*

**happy to welcome you**



## Sital Departmental Stores Pvt. Ltd.

S C F - 36, PHASE - 3B2, SAS NAGAR (MOHALI)

PHONES - 674745, 676449

*(Various Consumer Goods available under one roof)*